Punjabi Parwaz

# ਪੰਜਾਬੀ ਪਰਵਾਜ਼

ਅੰਕ 36ਵਾਂ (ਸ਼ਿਕਾਗੋ): 28 ਸਤੰਬਰ ਤੋਂ 11 ਅਕਤੂਬਰ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਐਨ.ਆਰ.ਆਈ. ਕੋਟੇ ਦੇ ਵਿਸਥਾਰ ਵਾਲੀ ਪੰਜਾਬ ਸਰਕਾਰ ਦੀ ਦਲੀਲ ਸੁਪਰੀਮ ਕੋਰਟ ਵੱਲੋਂ ਰੱਦ

***ਸਰਬਉੱਚ ਅਦਾਲਤ ਨੇ ਇਸ ਐਨ.ਆਰ.ਆਈ. ਬਿਜਨਸ ਨੂੰ 'ਫਰਾਡ' ਦੱਸਿਆ**

ਪੰਜਾਬ ਦੇ ਮੈਡੀਕਲ ਕਾਲਜਾਂ ਵਿੱਚ ਐਨ.ਆਰ.ਆਈ. ਕੋਟੇ ਨੂੰ ਉਨ੍ਹਾਂ ਦੇ ਮਾਮੇ-ਫੁੱਫੀਆਂ ਤੱਕ ਫੈਲਾ ਦੇਣ ਦੇ ਪੰਜਾਬ ਸਰਕਾਰ ਦੇ ਯਤਨ ਨੂੰ ਠੱਪ ਕਰਦਿਆਂ ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਕਿਹਾ, 'ਸਟੋਪ ਫਰਾਡ' ਮਤਲਬ ਧੋਖਾਧੜੀ ਬੰਦ ਕਰੋ! ਕਿਸੇ ਵਿਦਿਅਕ ਪ੍ਰਬੰਧ ਦੇ ਨਿਘਾਰ ਨੂੰ ਬਿਆਨ ਕਰਨ ਦੇ ਲਈ ਇਸ ਤੋਂ ਭੱਦੇ ਸ਼ਬਦ ਮੇਰਾ ਖਿਆਲ ਹੈ ਕਿ ਕੋਈ ਅਦਾਲਤ ਹੋਰ ਵਰਤ ਨਹੀਂ ਸਕਦੀ। ਪੰਜਾਬ-ਹਰਿਆਣਾ ਹਾਈਕੋਰਟ ਪਹਿਲਾਂ ਹੀ ਇਸ ਸੰਬੰਧੀ ਪੰਜਾਬ ਸਰਕਾਰ ਦੀ ਪਟੀਸ਼ਨ ਨੂੰ ਰੱਦ ਕਰ ਚੁੱਕੀ ਹੈ। ਇਸ ਤੋਂ ਬਾਅਦ ਹੀ ਮਾਮਲਾ ਸੁਪਰੀਮ ਕੋਰਟ 'ਚ ਗਿਆ ਸੀ।

ਪੰਜਾਬ ਸਰਕਾਰ ਵੱਲੋਂ ਹੀ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਲਿਆਂਦਾ ਗਿਆ। ਇਸ ਵਿੱਚ ਸਰਕਾਰ ਨੇ ਮੰਗ ਕੀਤੀ ਸੀ ਕਿ ਸਾਨੂੰ ਐਨ.ਆਰ.ਆਈ. ਕੋਟੇ ਦੀਆਂ ਸੀਟਾਂ ਪਰਦੇਸੀ ਭਾਰਤੀਆਂ ਦੇ ਦੁਰੇਡੇ ਰਿਸ਼ਤੇਦਾਰਾਂ ਤੱਕ ਫੈਲਾਉਣ ਦੀ ਇਜਾਜ਼ਤ ਦਿੱਤੀ ਜਾਵੇ। ਅਸਲ ਵਿੱਚ ਐਨ.ਆਰ.ਆਈਜ਼ ਦੇ ਨਾਂ 'ਤੇ ਮੈਡੀਕਲ ਕਾਲਜਾਂ ਵਿੱਚ ਇਹ ਸੀਟਾਂ ਵੱਧ ਤੋਂ ਵੱਧ ਪੈਸੇ ਲੈ ਕੇ ਵੇਚੀਆਂ ਜਾਂਦੀਆਂ ਹਨ। ਅਦਾਲਤ ਨੇ ਦਲੀਲ ਦਿੱਤੀ ਕਿ ਇਸ ਨਾਲ ਲਾਇਕ ਵਿਦਿਆਰਥੀ ਮੈਡੀਕਲ ਸਟਰੀਮ ਵਿੱਚ ਪ੍ਰਵੇਸ਼ ਕਰਨ ਤੋਂ ਰਹਿ ਜਾਣਗੇ ਅਤੇ ਪੈਸੇ ਦੇ ਜ਼ੋਰ ਅਯੋਗ ਲੋਕ ਡਾਕਟਰ ਬਣਨ ਲੱਗਣਗੇ। ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਇਸ ਮਾਮਲੇ 'ਤੇ ਟਿੱਪਣੀ ਕਰਦਿਆ ਅੱਗੇ ਕਿਹਾ ਕਿ


⇒ ਬਾਕੀ ਸਫਾ 2 ਉਤੇ ਪੜ੍ਹੋ

# ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਵਿਰਾਸਤ ਲਈ ਅਕਾਲੀ ਧੜਿਆਂ 'ਚ ਸੰਘਰਸ਼

**ਜਸਵੀਰ ਸਿੰਘ ਮਾਂਗਟ**

ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੀਤੀ 24 ਸਤੰਬਰ ਨੂੰ ਅਕਾਲੀ ਦਲ ਦੇ ਦੋਹਾਂ ਧੜਿਆਂ ਵੱਲੋਂ ਵੱਖੋ-ਵੱਖਰੇ ਤੌਰ 'ਤੇ ਸੌ ਸਾਲਾ ਜਨਮ ਸ਼ਤਾਬਦੀ ਮਨਾਈ ਗਈ। ਅਕਾਲੀ ਦਲ (ਬਾਦਲ) ਵੱਲੋਂ ਇਸ ਸੰਬੰਧ ਵਿੱਚ ਸਮਾਗਮ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਕੀਤਾ ਗਿਆ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਚੱਲ ਰਹੇ ਅਕਾਲੀ ਦਲ ਸੁਧਾਰ ਲਹਿਰ ਦੇ ਧੜੇ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪਟਿਆਲਾ ਜ਼ਿਲ੍ਹੇ ਦੀ ਨਾਭਾ ਤਹਿਸੀਲ ਵਿੱਚ ਪੈਂਦੇ ਜੱਦੀ ਪਿੰਡ ਟੌਹੜਾ ਵਿੱਚ ਸਮਾਗਮ ਕੀਤਾ ਗਿਆ। ਇਸ ਇਕੱਠ ਦਾ ਮਹੱਤਵ ਇਸ ਪੱਖੋਂ ਵੀ ਵਧ ਗਿਆ ਕਿ ਫਰੀਦਕੋਟ ਹਲਕੇ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਸਰਬਜੀਤ ਸਿੰਘ ਖਾਲਸਾ ਨੇ ਵੀ ਇਸ ਸਟੇਜ 'ਤੇ ਹਾਜ਼ਰੀ ਲੁਆਈ। ਉਨ੍ਹਾਂ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਦਾ ਸੁਨੇਹਾ ਵੀ ਇਸ ਸਟੇਜ ਤੋਂ ਦਿੱਤਾ। ਇੰਜ ਇਸ ਵਾਰ ਵੱਡੇ ਫਰਕ ਨਾਲ ਲੋਕ ਸਭਾ ਚੋਣ ਜਿੱਤੇ ਦੋਵੇਂ ਆਗੂ ਇਸ ਧੜੇ ਦੇ ਹੱਕ ਵਿੱਚ ਖਲੋਂਦੇ ਨਜ਼ਰ ਆਏ। ਅਕਾਲੀ ਦਲ ਦੇ ਦੋਹਾਂ ਧੜਿਆਂ ਨੇ ਆਪਣੇ ਆਪ ਨੂੰ ਜਥੇਦਾਰ ਟੌਹੜਾ ਦੀ ਵਿਰਾਸਤ ਦੇ ਵਾਰਸ ਸਦਵਾਉਣ ਲਈ ਪੂਰਾ ਤਾਣ ਲਾਇਆ। ਰਿਪੋਰਟਾਂ ਅਨੁਸਾਰ ਇਕੱਠ ਪੱਖੋਂ ਅਕਾਲੀ ਸੁਧਾਰ ਲਹਿਰ ਵਾਲਿਆਂ ਦਾ ਹੱਥ ਉਪਰ ਰਿਹਾ। ਇਸ ਇਕੱਠ ਵਿੱਚ ਸਿੱਖ ਨੌਜਵਾਨਾਂ ਦੀ ਗਿਣਤੀ ਵੀ ਵਧੇਰੇ ਵਿਖਾਈ ਦਿੱਤੀ। ਇਸ ਇਕੱਠ ਵਿੱਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਵੀ ਹਾਜ਼ਰੀ ਲਵਾਈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੁਪਿੰਦਰ ਸਿੰਘ ਅਸੰਧ ਨੇ ਵੀ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਅਕਾਲੀ ਦਲ (ਬਾਦਲ) ਦੀ ਧਿਰ ਨਾਲੋਂ ਵੱਖ ਹੋਈ ਸੀਨੀਅਰ ਸਿੱਖ ਲੀਡਰਸ਼ਿਪ ਦੀ ਗਿਣਤੀ ਵੀ ਇਸ ਸਟੇਜ 'ਤੇ ਭਰਵੀਂ ਸੀ।

ਇਕੱਠ ਨੂੰ ਸੰਬੋਧਨ ਕਰਦਿਆਂ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਅਕਾਲੀ ਦਲ ਨੂੰ ਬਚਾਉਣ ਲਈ ਸਾਰੀਆਂ ਪੰਥਕ ਧਿਰਾਂ ਇੱਕ ਝੰਡੇ ਹੇਠ ਇਕੱਠੀਆਂ ਹੋਣ; ਪਰ ਦਿਲਚਸਪ ਤੱਥ ਇਹ ਵੀ ਹੈ ਕਿ ਇਹ ਧੜਾ ਹਾਲ ਦੀ ਘੜੀ ਭਾਜਪਾ ਦੇ ਵਧੇਰੇ ਨੇੜੇ



ਜਥੇਦਾਰ ਗੁਰਚਰਨ ਸਿੰਘ ਟੌਹੜਾ

ਵਿਖਾਈ ਦੇ ਰਿਹਾ ਹੈ। ਦੂਜੇ ਪਾਸੇ ਅਕਾਲੀ ਦਲ (ਬਾਦਲ) ਵੱਲੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿੱਚ ਹੋਏ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਤੌਰ 'ਤੇ ਸੰਬੋਧਨ ਕੀਤਾ ਅਤੇ ਵਿਰੋਧੀ ਧੜੇ 'ਤੇ ਦੋਸ਼ ਲਾਇਆ ਕਿ ਉਹ ਮਾਣ ਮੱਤੀਆਂ ਸਿੱਖ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਲਈ ਕੰਮ ਕਰ ਰਹੇ ਹਨ। ਇਸ ਤਰ੍ਹਾਂ ਇਨ੍ਹਾਂ ਸਮਾਗਮਾਂ ਵਿੱਚ ਦੋਸ਼ਾਂ-ਪ੍ਰਤੀ-ਦੋਸ਼ਾਂ ਦੀ ਭਰਮਾਰ ਰਹੀ।

ਯਾਦ ਰਹੇ, ਜਥੇਦਾਰ ਟੌਹੜਾ ਦੇ ਅਕਾਲ ਚਲਾਣੇ ਤੋਂ ਬਾਅਦ ਬੀਤੇ ਵੀਹ ਵਰ੍ਹਿਆਂ ਵਿੱਚ ਉਨ੍ਹਾਂ ਦੀ ਬਰਸੀ 'ਤੇ ਉਨ੍ਹਾਂ ਦੇ ਪਿੰਡ ਜਾਂ ਉਨ੍ਹਾਂ ਦੇ ਸੰਬੰਧੀਆਂ, ਨਜ਼ਦੀਕੀਆਂ ਵੱਲੋਂ ਛੋਟੇ-ਵੱਡੇ ਸਮਾਗਮ ਹੁੰਦੇ ਰਹੇ ਹਨ। ਸੰਤ ਹਰਚੰਦ ਸਿੰਘ ਲੌਂਗੋਵਾਲ ਵਾਂਗ ਉਨ੍ਹਾਂ ਦਾ ਬਰਸੀ ਸਮਾਗਮ ਵੱਡੀ ਪੱਧਰ 'ਤੇ ਨਹੀਂ ਮਨਾਇਆ ਜਾਂਦਾ ਰਿਹਾ। ਇਸ ਵਾਰ ਜਦੋਂ ਅਕਾਲੀ ਦਲ ਵਿੱਚ ਇੱਕ ਤਰ੍ਹਾਂ ਨਾਲ ਵਰਟੀਕਲ (ਖੜ੍ਹਵੀਂ) ਫੁੱਟ ਪੈ ਗਈ ਹੈ ਤਾਂ ਅਕਾਲੀ ਦਲ ਦੇ ਦੋਵੇਂ ਧੜੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਵਿਰਾਸਤ ਨੂੰ ਆਪੋ-ਆਪਣੇ ਨਾਮ ਕਰਨ ਲਈ ਕਾਹਲੇ ਹੋ ਗਏ ਹਨ। ਦੋਵੇਂ ਧਿਰਾਂ ਉਨ੍ਹਾਂ ਦੀ ਧਾਰਮਿਕ-ਸਿਆਸੀ ਵਿਰਾਸਤ 'ਤੇ ਆਪੋ-ਆਪਣਾ ਦਾਅਵਾ ਪੇਸ਼ ਕਰ ਰਹੀਆਂ ਹਨ।

ਜਿਸ ਹਾਲਤ ਵਿੱਚ ਅੱਜ ਅਕਾਲੀ ਦਲ ਦੇ ਵੱਖ-ਵੱਖ ਧੜੇ ਵਿਚਰ ਰਹੇ ਹਨ, ਉਸ ਸੰਦਰਭ ਵਿੱਚ ਵਿਰਾਸਤ ਨੂੰ ਆਪੋ-ਆਪਣੇ ਨਾਮ ਕਰਨ ਦੀ ਜੰਗ ਉਨ੍ਹਾਂ ਦੀ ਅਣਸਰਦੀ ਲੋੜ ਹੈ। ਇਹ ਸਿੱਖ ਇਤਿਹਾਸ ਨੂੰ ਆਪੋ-ਆਪਣੇ ਹੱਕ ਵਿੱਚ ਖੜ੍ਹਾ ਕਰਨ ਦਾ ਹੀ ਇੱਕ ਯਤਨ ਹੈ। ਕਿਸੇ ਜਿਉਂਦੀ ਕੌਮ ਜਾਂ ਕਮਿਊਨਿਟੀ ਵਿੱਚ ਇਸ ਕਿਸਮ ਦਾ ਸੰਘਰਸ਼ ਜ਼ਰੂਰੀ ਵੀ ਹੈ, ਪਰ ਇਥੇ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਇਹ ਅੰਤਰ-ਵਿਰੋਧ ਦੁਸ਼ਮਣਾਨਾ ਰੂਪ ਨਾ ਅਖਿਤਿਆਰ ਕਰ ਜਾਵੇ। ਦੂਰੀਆਂ ਨੂੰ ਖਿੱਚ ਕੇ ਇੰਨਾ ਵੱਡਾ ਕਰ ਲੈਣਾ ਕਿ ਤੁਹਾਡੀ ਸਮੁੱਚੀ ਹਸਤੀ ਹੀ ਵਿਚਕਾਰੋਂ ਫਟ ਜਾਵੇ, ਬੇਹੱਦ ਖਤਰਨਾਕ ਹੋਵੇਗਾ। ਇਹੋ ਜਿਹੀ ਸਥਿਤੀ ਅੱਜ ਸਿੱਖ ਦੁਸ਼ਮਣ ਤਾਕਤਾਂ ਦੇ ਹੀ ਹੱਕ ਵਿੱਚ ਭੁਗਤੇਗੀ।

ਸੰਸਥਾਵਾਂ ਭਾਵੇਂ ਰਾਜਨੀਤਿਕ ਹੋਣ, ਧਾਰਮਿਕ ਹੋਣ ਜਾਂ ਸਮਾਜਕ, ਇਨ੍ਹਾਂ ਨੂੰ ਬਣਾਉਣਾ, ਪਾਲਣਾ-ਪੋਸਣਾ ਤੇ ਵੱਡਾ ਕਾਰਨਾ, ਇਹ ਬਹੁਤ ਦੁੱਭਰ ਕਾਰਜ ਹੈ। ਸੰਸਥਾਵਾਂ ਤੋੜ ਦੇਣੀਆਂ ਜਾਂ ਗਰਕਣ ਵਿੱਚ ਸੁੱਟ ਦੇਣੀਆਂ ਸੌਖੀਆਂ

⇒ ਬਾਕੀ ਸਫਾ 7 ਉਤੇ ਪੜ੍ਹੋ









# ਐਨ.ਆਰ.ਆਈ. ਕੋਟੇ ਦੇ ਵਿਸਥਾਰ ਵਾਲੀ ਪੰਜਾਬ ਸਰਕਾਰ ਦੀ ਦਲੀਲ ਸੁਪਰੀਮ ਕੋਰਟ ਵੱਲੋਂ ਰੱਦ

*ਸਫਾ ਇੱਕ ਦੀ ਬਾਕੀ ⇒*

"ਸਾਨੂੰ ਇਸ ਕਿਸਮ ਦਾ ਐਨ.ਆਰ.ਈ. ਕੋਟੇ ਦਾ ਬਿਜਨਸ ਲਾਜ਼ਮੀ ਹੀ ਬੰਦ ਕਰਨਾ ਹੋਏਗਾ। ਇਹ ਮੁਕੰਮਲ ਰੂਪ ਵਿੱਚ ਫਰਾਡ ਹੈ।" ਅਦਾਲਤ ਨੇ ਕਿਹਾ ਕਿ "ਇਹ ਖਿਲਵਾੜ ਹੈ, ਜੋ ਅਸੀਂ ਆਪਣੀ ਵਿਦਿਅਕ ਨੀਤੀ ਨਾਲ ਕਰ ਰਹੇ ਹਾਂ।" ਇਹ ਫੈਸਲਾ ਸੁਣਾਉਂਦਿਆਂ ਬੈਂਚ ਵਿੱਚ ਸ਼ਾਮਿਲ ਦੋ ਹੋਰ ਜੱਜ- ਜੇ.ਬੀ. ਪਾਰਦੀਵਾਲਾ ਅਤੇ ਮਨੋਜ ਮਿਸ਼ਰਾ ਵੀ ਸ਼ਾਮਲ ਸਨ।

ਅਦਾਲਤ ਨੇ ਕਿਹਾ ਕਿ ਐਨ.ਆਰ.ਆਈ. ਕੋਟਾ ਅਸਲ ਵਿੱਚ ਪੜ੍ਹਾਈ ਵਿੱਚ ਯੋਗ ਵਿਦਿਆਰਥੀਆਂ ਨੂੰ ਅੱਖੋਂ ਉਹਲੇ ਕਰਨ ਲਈ ਵਰਤਿਆ ਜਾਂਦਾ ਹੈ। ਐਨ.ਆਰ.ਆਈਜ਼ ਦੇ ਦੂਰੇਡੇ ਰਿਸ਼ਤੇਦਾਰਾਂ ਨੂੰ ਮੋਟੇ ਪੈਸੇ ਲੈ ਕੇ ਦਾਖਲਾ ਦੇਣ ਦੇ ਇਸ ਧੰਦੇ ਨੂੰ ਅਦਾਲਤ ਨੇ 'ਮਨੀ ਸਪਿਨਿੰਗ ਟੈਕਟਿਸ' ਦਾ ਨਾਂ ਦਿੱਤਾ। ਅਦਾਲਤ ਨੇ ਕਿਹਾ ਕਿ ਇਸ ਕਿਸਮ ਦੀ ਪਹੁੰਚ ਸਾਡੇ ਵਿਦਿਅਕ ਸਿਸਟਮ ਨੂੰ ਘੁਣ ਵਾਂਗ ਖਾ ਰਹੀ ਹੈ। ਸਰਬਉਚ ਅਦਾਲਤ ਅਨੁਸਾਰ ਐਨ.ਆਰ.ਆਈ. ਬਿਜਨਸ ਲੋਕਾਂ ਨਾਲ ਧੋਖਾ ਧੜੀ ਹੈ। ਦੂਜੇ ਪਾਸੇ ਇਸ ਸਿਸਟਮ ਨੂੰ ਡਿਫੈਂਡ ਕਰਦਿਆਂ ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਹਿਮਾਚਲ ਪ੍ਰਦੇਸ ਅਤੇ ਉੱਤਰ ਪ੍ਰਦੇਸ ਸਮੇਤ ਦੇਸ਼ ਦੇ ਹੋਰ ਰਾਜਾਂ ਵਿੱਚ ਅਜਿਹਾ ਕੋਟਾ ਸਿਸਟਮ ਪਹਿਲਾਂ ਹੀ ਚੱਲ ਰਿਹਾ ਹੈ। ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਇਸ ਕਥਿਤ ਐਨ.ਆਰ.ਆਈ. ਕੋਟੇ ਵਾਲੇ ਵਿਦਿਆਰਥੀਆਂ ਨਾਲੋਂ ਤਿੰਨ ਗੁਣਾ ਜ਼ਿਆਦਾ ਨੰਬਰ ਲੈਣ ਵਾਲੇ ਵਿਦਿਆਰਥੀ ਦਾਖਲੇ ਤੋਂ ਖੁੰਝ ਜਾਂਦੇ ਹਨ।

ਯਾਦ ਰਹੇ, ਸੁਪਰੀਮ ਕੋਰਟ ਦਾ ਇਹ ਫੈਸਲਾ ਪੰਜਾਬ ਸਰਕਾਰ ਦੇ 20 ਅਗਸਤ ਦੇ ਉਸ ਨੋਟੀਫਿਕੇਸ਼ਨ 'ਤੇ ਆਇਆ ਹੈ, ਜਿਸ ਵਿੱਚ ਐਨ.ਆਰ.ਆਈ. ਕੋਟੇ ਨੂੰ ਮੁੜ ਪਰਿਭਾਸ਼ਤ ਕੀਤਾ ਗਿਆ ਹੈ। ਇਸ ਵਿੱਚ ਐਨ.ਆਰ.ਆਈ. ਕੋਟੇ ਵਿੱਚ ਚਾਚੇ, ਤਾਏ, ਮਾਮੇ-ਮਾਮੀਆਂ, ਭੂਆ-ਫੁੱਫੜ, ਮਾਸੜ ਅਤੇ ਹੋਰ ਲਗੜਮ-ਤਗੜਮ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਨਾਲ ਕਿਸੇ ਪਰਵਾਸੀ ਭਾਰਤੀ ਦੇ ਦੂਰਾਡੇ ਰਿਸ਼ਤੇਦਾਰਾਂ ਦੇ ਬੱਚੇ ਵੀ ਐਨ.ਆਰ.ਆਈ. ਕੋਟੇ ਵਿੱਚ ਦਾਖਲਾ ਲੈਣ ਦੇ ਯੋਗ ਹੋਣੇ ਸਨ। ਇਸ ਤੋਂ ਪਹਿਲਾਂ ਗਿਆਰਾਂ ਸਤੰਬਰ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਕੋਟਾ ਸਿਸਟਮ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਪੰਜਾਬ ਸਰਕਾਰ ਇਸ ਮਾਮਲੇ ਨੂੰ ਸੁਪਰੀਮ ਕੋਰਟ ਵਿੱਚ ਲੈ ਗਈ। ਪੰਜਾਬ ਸਰਕਾਰ ਦੀ ਇਹ ਦਲੀਲ ਕਿ ਇਸ ਕਿਸਮ ਦਾ ਕੋਟਾ ਸਿਸਟਮ ਹਿਮਾਚਲ ਅਤੇ ਯੂ.ਪੀ. ਵਿੱਚ ਪਹਿਲਾਂ ਹੀ ਚੱਲ ਰਿਹਾ ਹੈ, ਨੂੰ ਅਦਾਲਤ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ।

ਇਕੱਲੀ ਮੈਡੀਕਲ ਸਿੱਖਿਆ ਦਾ ਹੀ ਨਹੀਂ, ਪੰਜਾਬ ਦੀਆਂ ਹੋਰ ਵਿਦਿਅਕ ਸ਼ਾਖਾਵਾਂ ਦਾ ਵੀ ਬੁਰਾ ਹਾਲ ਹੈ। ਸਰਕਾਰੀ ਕਾਲਜਾਂ ਅਤੇ ਯੂਨੀਵਰਸਟੀਆਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਅਧਿਆਪਕ ਨਹੀਂ ਹਨ। ਪਿਛਲੇ ਲੰਮੇ ਸਮੇਂ ਤੋਂ ਭਰਤੀ ਹੀ ਨਹੀਂ ਕੀਤੀ ਗਈ। ਪੰਜਾਬੀ ਯੂਨੀਵਰਸਿਟੀ ਦਾ ਕਿੱਸਾ ਇਸ ਦੀ ਉਘੜਵੀਂ ਮਿਸਾਲ ਹੈ। ਪੰਜਾਬ ਵਿੱਚ ਕਿਸੇ ਵੇਲੇ ਵੱਕਾਰੀ ਸਮਝੇ ਜਾਂਦੇ ਸਰਕਾਰੀ ਕਾਲਜਾਂ ਨੂੰ ਪਿੱਛੇ ਜਿਹੇ ਸਰਕਾਰ ਵੇਚਣ ਲਈ ਤਿਆਰ ਹੋ ਗਈ ਸੀ। ਪੰਜਾਬੋਂ ਬਾਹਰਲੇ ਖਾਸ ਕਰਕੇ ਹਿੰਦੀ ਬੈਲਟ ਦੇ ਸੂਬਿਆਂ ਦਾ ਹਾਲ ਵੀ ਇਸ ਤੋਂ ਵੱਖਰਾ ਨਹੀਂ। ਅਜਿਹੇ ਮਾਹੌਲ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਖੁੰਭਾਂ ਵਾਂਗ ਉੱਗ ਆਈਆਂ ਹਨ। ਇਨ੍ਹਾਂ ਵਿੱਚ ਪੈਸੇ ਲੈ ਕੇ ਡਿਗਰੀਆਂ ਵੇਚਣ ਦਾ ਸਿਲਸਲਾ ਚੱਲ ਰਿਹਾ ਹੈ। ਇਸ ਸੰਬੰਧ ਵਿੱਚ ਹਿਮਾਚਲ ਦੀਆਂ ਦੋ ਪ੍ਰਾਈਵੇਟ ਯੂਨੀਵਰਸਿਟੀਆਂ ਦਾ ਕੇਸ ਹਾਲੇ ਕੁਝ ਸਮਾਂ ਪਹਿਲਾਂ ਹੀ ਬੇਪਰਦ ਹੋ ਕੇ ਹਟਿਆ। ਇਸ ਤੋਂ ਇਲਾਵਾ ਇਸੇ ਸਾਲ ਯੂ.ਪੀ.ਐਸ.ਸੀ., ਇੰਜੀਨੀਅਰਿੰਗ ਅਤੇ ਮੈਡੀਕਲ ਦਾਖਲੇ ਲਈ ਲਏ ਜਾਂਦੇ ਕੇਂਦਰੀ ਇਮਤਿਹਾਨ ਵਿੱਚ ਪੈਸੇ ਲੈ ਕੇ ਪ੍ਰਸ਼ਨ ਪੇਪਰ ਲੀਕ ਕਰਨ ਦਾ ਮਾਮਲਾ ਸਾਹਮਣੇ ਆ ਚੁੱਕਾ ਹੈ।

ਇਸ ਸਥਿਤੀ ਨੂੰ ਅਸਲ ਵਿੱਚ ਇੱਕ ਪ੍ਰਸੰਗ ਵਿੱਚ ਸਮਝਣ ਦੀ ਲੋੜ ਹੈ। 1947 ਤੋਂ ਬਾਅਦ ਜਿੰਨੀ ਦੇਰ ਤੱਕ ਹਿਦੁਸਤਾਨ ਨੇ ਮਿਕਸਡ ਆਰਥਕਤਾ ਦਾ ਮਾਡਲ ਅਪਣਾਈ ਰੱਖਿਆ, ਤਦ ਤੱਕ ਸਾਡਾ ਵਿਦਿਅਕ ਸਿਸਟਮ ਕਾਫੀ ਸਹੀ ਰਿਹਾ। ਸਰਕਾਰੀ ਵਿਦਿਅਕ ਸੰਸਥਾਵਾਂ ਦਾ ਵਿਦਿਆ ਦਾ ਪੱਧਰ ਵੀ ਠੀਕ ਰਿਹਾ; ਪਰ 1991 ਵਿੱਚ ਜਦੋਂ ਤੋਂ ਅਸੀਂ ਅਰਥਿਕਤਾ ਨੂੰ ਮੁੱਕੰਮਲ ਤੌਰ 'ਤੇ ਮੰਡੀ ਲਈ ਖੋਲ੍ਹਣ ਦਾ ਫੈਸਲਾ ਕੀਤਾ ਤਾਂ ਸਾਰਾ ਕੁਝ ਹੀ ਪੈਸੇ ਦੀ ਖੇਡ ਅਤੇ ਮੰਡੀ ਦੇ ਹਵਾਲੇ ਕਰ ਦਿੱਤਾ। ਜਿਹੜੇ ਖੇਤਰ ਮਨੁੱਖੀ ਸ਼ਕਤੀ ਦੇ ਵਿਕਾਸ ਲਈ ਬੁਨਿਆਦੀ ਸਨ, ਉਨ੍ਹਾਂ ਨੂੰ ਸਾਨੂੰ ਪਬਲਿਕ ਸੈਕਟਰ ਦੇ ਅਧੀਨ ਹੀ ਰੱਖਣਾ ਚਾਹੀਦਾ ਸੀ। ਮਸਲਨ ਚੀਨ ਅਤੇ ਸਿੰਘਾਪੁਰ ਨੇ ਬੜਾ ਸੋਚ ਸਮਝ ਕੇ ਕੁਝ ਖਾਸ ਖੇਤਰਾਂ ਵਿੱਚ ਨਿੱਜੀ ਸਰਮਾਏ ਜਾਂ ਐਫ.ਡੀ.ਆਈ. ਦਾ ਨਿਵੇਸ਼ ਕਰਨ ਦੀ ਇਜਾਜ਼ਤ ਦਿੱਤੀ। ਜਿਸ ਕਰਕੇ ਉਨ੍ਹਾਂ ਦੇ ਮਨੁੱਖੀ ਸੋਮਿਆਂ ਦਾ ਵਿਕਾਸ (ਸਿਹਤ, ਸਿੱਖਿਆ ਤੇ ਲੋਕਲ ਟਰਾਂਸਪੋਰਟ) ਪਬਲਿਕ ਸੈਕਟਰ ਅਧੀਨ ਸਾਂਭਿਆ ਅਤੇ ਆਮ ਖ਼ਪਤ ਦੀਆ ਚੀਜ਼ਾਂ ਦੀ ਪੈਦਵਾਰ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਖੇਤਰ ਵਿੱਚ ਦੇਸੀ-ਵਿਦੇਸ਼ੀ ਨਿੱਜੀ ਸਰਮਾਏ ਨੂੰ ਪ੍ਰਵੇਸ਼ ਕਰਨ ਦਿੱਤਾ। ਇਸ ਨਾਲ ਇੱਕ ਪਾਸੇ ਤਾਂ ਵੱਡੀ ਤਾਦਾਦ ਵਿੱਚ ਮਨੁੱਖੀ ਸ਼ਕਤੀ ਹੁਨਰਮੰਦ ਹੁੰਦੀ ਗਈ, ਦੂਜੇ ਪਾਸੇ ਆਮ ਇੰਡਸਟਰੀਅਲ ਖੇਤਰ ਵਿੱਚ ਨਿੱਜੀ ਸਰਮਾਏ ਨੇ ਤੇਜ਼ ਤਰਾਰ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ। ਇਹ ਦੋਵੇਂ ਖੇਤਰ ਇੱਕ ਦੂਜੇ 'ਤੇ ਨਿਰਭਰ ਸਨ। ਪ੍ਰਾਈਵੇਟ ਇੰਡਸਟਰੀ ਨੂੰ ਸਕਿਲਡ ਕਾਮਿਆਂ ਦੀ ਜਿਹੜੀ ਲੋੜ ਸੀ, ਉਹ ਪਬਲਿਕ ਸੈਕਟਰ ਵਿੱਚ ਖੁੱਲ੍ਹੇ ਨਿਵੇਸ਼ ਨੇ ਵੱਡੀ ਪੱਧਰ 'ਤੇ ਪੂਰੀ ਕੀਤੀ। (ਇਸ ਨੂੰ ਪ੍ਰਾਈਵੇਟ ਸੈਕਟਰ ਨਹੀਂ ਸੀ ਕਰ ਸਕਦਾ) ਦੂਜੇ ਪਾਸੇ ਇਨ੍ਹਾਂ ਕਾਮਿਆਂ ਨੂੰ ਰੁਜ਼ਗਾਰ ਦੇਣ ਲਈ ਪ੍ਰਾਈਵੇਟ ਇੰਡਸਟਰੀਅਲ ਅਤੇ ਸੇਵਾਵਾਂ ਦਾ ਸੈਕਟਰ ਸਹਾਈ ਹੋਇਆ।

ਅਸਲ ਵਿੱਚ ਚੀਨ ਅਤੇ ਸਿੰਘਾਪੁਰ ਜਿਹੇ ਮੁਲਕਾਂ ਦੇ ਉਥਾਨ ਦਾ ਕਾਰਨ ਇਹੋ ਹੈ ਕਿ ਉਨ੍ਹਾਂ ਨੇ ਅਰਥਿਕਤਾ ਦੇ ਸਮਾਜਵਾਦੀ ਤੇ ਪੱਛਮੀ ਸਰਮਾਏਦਾਰੀ ਦੇ ਹਾਂਮੁਖੀ ਪੱਖਾਂ- ਦੋਹਾਂ ਦਾ ਸੁਮੇਲ ਕੀਤਾ। ਇਸ ਨੂੰ ਇੱਕ ਤੀਜੀ ਕਿਸਮ ਦਾ ਪ੍ਰਬੰਧ ਵੀ ਕਹਿ ਸਕਦੇ ਹਾਂ। ਇਹੋ ਇਨ੍ਹਾਂ ਮੁਲਕਾਂ ਦੇ ਉਭਾਰ ਦਾ ਕਾਰਨ ਬਣਿਆ ਹੈ। ਜਦੋਂਕਿ ਅਸੀ ਆਪਣਾ ਸਾਰਾ ਕੁਝ ਨਿੱਜੀ ਖੇਤਰ ਦੇ ਹਵਾਲੇ ਕਰ ਦਿੱਤਾ। ਇਸ ਤਰ੍ਹਾਂ ਤਾਂ ਕਿਸੇ ਵਿਕਸਤ ਮੁਲਕ ਦਾ ਢਾਂਚਾ ਵੀ ਖੜ੍ਹਾ ਨਹੀਂ ਰਹਿ ਸਕਦਾ। ਵਿਕਸਾਸ਼ੀਲ ਮੁਲਕਾਂ ਨੂੰ ਤਾਂ ਵਿਸੇਸ਼ ਕਰਕੇ ਸਿੱਖਿਆ, ਸਿਹਤ, ਕਮਿਊਨੀਕੇਸ਼ਨ ਅਤੇ ਲੋਕਲ ਟਰਾਂਸਪੋਰਟ ਨੂੰ ਜਨਤਕ ਖੇਤਰ ਵਿੱਚ ਨਾ ਸਿਰਫ ਰੱਖਣਾ ਹੀ ਪਵੇਗਾ, ਸਗੋਂ ਇਸ ਨੂੰ ਮਿਆਰੀ ਅਤੇ ਸਮੇਂ ਦੇ ਹਾਣ ਦਾ ਵੀ ਬਣਾਉਣਾ ਪਏਗਾ। ਜੇ ਇੰਨਾ ਵੀ ਨਹੀਂ ਕਰ ਸਕਦੀਆਂ ਤਾਂ ਫਿਰ ਲੋਕਾਂ ਨੇ ਸਰਕਾਰਾਂ ਤੋਂ ਕਰਾਉਣਾ ਕੀ ਹੈ?

## ਹਰੀਨੀ ਅਮਰਸੂਰਿਆ ਬਣੀ ਸ੍ਰੀਲੰਕਾ ਦੀ ਪ੍ਰਧਾਨ ਮੰਤਰੀ


ਹਰੀਨੀ ਅਮਰਸੂਰੀਆ ਨੇ ਸ੍ਰੀਲੰਕਾ ਦੀ ਪ੍ਰਧਾਨ ਮੰਤਰੀ ਵਜੋਂ ਹਲਫ਼ ਲੈ ਲਿਆ ਹੈ। ਇਸ ਦੇ ਨਾਲ ਹੀ ਉਹ ਸਾਲ 2000 ਵਿੱਚ ਸਿਰੀਮਾਵੋ ਭੰਡਾਰਨਾਇਕ ਮਗਰੋਂ ਇਸ ਅਹੁਦੇ 'ਤੇ ਪਹੁੰਚਣ ਵਾਲੀ ਦੂਸਰੀ ਮਹਿਲਾ ਆਗੂ ਬਣ ਗਈ ਹੈ। ਨੈਸ਼ਨਲ ਪੀਪਲਜ਼ ਪਾਵਰ (ਐਨ.ਪੀ.ਪੀ.) ਦੀ 54 ਸਾਲਾ ਆਗੂ ਅਮਰਸੂਰਿਆ ਨੂੰ ਰਾਸ਼ਟਰਪਤੀ ਅਨੂਰਾ ਕੁਮਾਰਾ ਦਿਸਾਨਾਇਕੇ ਨੇ ਹਲਫ਼ ਦਿਵਾਇਆ। ਦਿਸਾਨਾਇਕੇ ਨੇ ਖੁਦ ਚਾਰ ਮੈਂਬਰਾਂ ਨੂੰ ਆਪਣੀ ਵਜ਼ਾਰਤ ਵਿੱਚ ਸ਼ਾਮਲ ਕੀਤਾ ਹੈ। ਅਮਰਸੂਰਿਆ ਨੂੰ ਨਿਆਂ, ਸਿੱਖਿਆ, ਕਿਰਤ, ਉਦਯੋਗ, ਵਿਗਿਆਨ ਤੇ ਤਕਨੀਕ, ਸਿਹਤ ਅਤੇ ਨਿਵੇਸ਼ ਮੰਤਰਾਲਿਆਂ ਦਾ ਚਾਰਜ ਸੌਂਪਿਆ ਗਿਆ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦਿਨੇਸ਼ ਗੁਣਵਰਧਨੇ ਦੀ ਥਾਂ ਲਈ ਹੈ, ਜਿਨ੍ਹਾਂ ਨੇ ਰਾਸ਼ਟਰਪਤੀ ਚੋਣ ਮਗਰੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਦੌਰਾਨ ਐਨ.ਪੀ.ਪੀ. ਸੰਸਦ ਮੈਂਬਰਾਂ- ਵਿਜਿਤਾ ਹੇਰਾਥ ਅਤੇ ਲਕਸ਼ਮਣ ਨਿਪੁਰਨਾਚੀ ਨੇ ਕੈਬਨਿਟ ਮੰਤਰੀ ਵਜੋਂ ਹਲਫ਼ ਲਿਆ। ਉਹ ਸੰਸਦ ਭੰਗ ਹੋਣ ਮਗਰੋਂ ਕਾਰਜਕਾਰੀ ਕੈਬਨਿਟ ਮੰਤਰੀ ਵਜੋਂ ਕੰਮ ਕਰਨਗੇ। ਅਧਿਕਾਰੀਆਂ ਨੇ ਕਿਹਾ ਕਿ ਸੰਸਦੀ ਚੋਣਾਂ ਨਵੰਬਰ ਦੇ ਅਖ਼ੀਰ ਵਿੱਚ ਹੋ ਸਕਦੀਆਂ ਹਨ। ਰਾਸ਼ਟਰਪਤੀ ਚੋਣਾਂ ਜਿੱਤਣ ਪਿੱਛੋਂ ਦੀਸਾਨਾਇਕ ਸ੍ਰੀਲੰਕਾ ਦੇ ਨੌਵੇਂ ਰਾਸ਼ਟਰਪਤੀ ਬਣੇ ਹਨ।

## ਪੰਜਾਬ ਵਿੱਚ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣਗੀਆਂ

ਪੰਜਾਬ ਵਿੱਚ ਪੰਚਾਇਤੀ ਚੋਣਾਂ ਸਬੰਧੀ ਰਾਜ ਚੋਣ ਕਮਿਸ਼ਨ ਵੱਲੋਂ ਤਰੀਕਾਂ ਦਾ ਐਲਾਨ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਚਾਇਤ ਚੋਣਾਂ ਦੀ ਮਿਤੀ 15 ਅਕਤੂਬਰ ਤੈਅ ਕੀਤੀ ਗਈ ਹੈ। ਪੰਜਾਬ ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਪੰਜਾਬ ਭਵਨ ਵਿਚ ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੱਤੀ। ਇਸ ਸਬੰਧੀ ਨਾਮਜ਼ਦਗੀਆਂ 27 ਸਤੰਬਰ ਤੋਂ ਭਰੀਆਂ ਜਾ ਸਕਣਗੀਆਂ ਅਤੇ 4 ਅਕਤੂਬਰ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ ਹੋਵੇਗੀ। ਸਰਪੰਚੀ ਦੇ ਉਮੀਦਵਾਰ 40 ਹਜ਼ਾਰ ਰੁਪਏ ਤੱਕ ਅਤੇ ਪੰਚ ਉਮੀਦਵਾਰ 30 ਰੁਪਏ ਤੱਕ ਦੀ ਰਾਸ਼ੀ ਦਾ ਖਰਚ ਕਰ ਸਕਣਗੇ। 13241 ਪੰਚਾਇਤਾਂ ਵਿਚ 1 ਕਰੋੜ 33 ਲੱਖ 98 ਹਜ਼ਾਰ ਰਜਿਸਟਰ ਵੋਟਰ ਹਨ।


# ਜਨਮ ਦਿਹਾੜਾ ਬਾਬਾ ਬੁੱਢਾ ਸਾਹਿਬ ਜੀ

ਸੇਵਾ ਅਤੇ ਤਿਆਗ ਦੀ ਮੂਰਤ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ 25 ਅਕਤੂਬਰ ਤੋਂ 27 ਅਕਤੂਬਰ 2024 ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਸਮੂਹ ਰੰਧਾਵਾ ਪਰਿਵਾਰਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਬੇਨਤੀ ਹੈ।



**25 ਅਕਤੂਬਰ 2024 (ਸ਼ੁੱਕਰਵਾਰ): ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

**27 ਅਕਤੂਬਰ 2024 (ਐਤਵਾਰ): ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

*ਉਪਰੰਤ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ। ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ*

**ਵੱਲੋਂ: ਸਮੂਹ ਰੰਧਾਵਾ ਪਰਿਵਾਰ**

# ਪੰਜਾਬ ਦੀ 'ਆਪ' ਸਰਕਾਰ ਨੇ ਚੌਥੀ ਵਾਰ ਬਦਲਿਆ ਮੰਤਰੀ ਮੰਡਲ

**ਇਸ ਵਾਰ ਚਾਰ ਮੰਤਰੀ ਛਾਂਗੇ ਤੇ 5 ਨਵੇਂ ਬਣਾਏ*     **ਕੇਜਰੀਵਾਲ ਨੇ ਬਾਹਰ ਆਉਂਦਿਆਂ ਹੀ ਹਾਈ ਕਮਾਂਡ ਦੀ ਸਾਰਦਾਰੀ ਮੁੜ ਸਥਾਪਤ ਕੀਤੀ*

**ਜਸਵੀਰ ਸਿੰਘ ਮਾਂਗਟ**

ਪੰਜਾਬ ਕੈਬਨਿਟ ਵਿੱਚ ਰੱਦੋ-ਬਦਲ ਕਰਦਿਆਂ ਭਗਵੰਤ ਮਾਨ ਸਰਕਾਰ ਨੇ ਚਾਰ ਪੁਰਾਣੇ ਮੰਤਰੀ ਹਟਾ ਕੇ 5 ਨਵੇਂ ਚਿਹਰੇ ਲੈ ਆਂਦੇ ਹਨ। ਪੰਜਾਬ ਸਰਕਾਰ ਵੱਲੋਂ ਆਪਣੇ ਪਿਛਲੇ ਢਾਈ ਸਾਲ ਦੇ ਕਾਰਜਕਾਲ ਵਿੱਚ ਇਹ ਚੌਥਾ ਬਦਲਾਅ ਹੈ। ਸੁਣਨ ਵਿੱਚ ਆਉਂਦਾ ਹੈ ਕਿ ਜਿਹੜੇ ਮੰਤਰੀ ਹਟਾਏ ਗਏ ਹਨ, ਉਹ ਕੁਝ ਵਿਵਾਦਾਂ ਵਿੱਚ ਘਿਰ ਗਏ ਸਨ। 'ਆਪ' ਵੱਲੋਂ ਕਿਹਾ ਜਾ ਰਿਹਾ ਹੈ ਕਿ ਸਰਕਾਰ ਨੇ ਆਪਣੇ ਮੰਤਰੀ ਮੰਡਲ ਵਿੱਚ ਨਵੇਂ ਖ਼ੂਨ ਦਾ ਸੰਚਾਰ ਕੀਤਾ ਹੈ। ਇਹ ਬਦਲਾਅ ਹਾਈਕਮਾਂਡ ਵੱਲੋਂ ਭਗਵੰਤ ਮਾਨ ਨੂੰ ਉਸ ਦੀ ਅਸਲੀ ਥਾਂ ਵਿਖਾਉਣ ਦੇ ਮਕਸਦ ਨਾਲ ਵੀ ਹੋ ਸਕਦਾ ਹੈ। ਅਸਲ ਵਿੱਚ ਇੱਕ ਤੀਰ ਨਾਲ ਕਈ ਨਿਸ਼ਾਨੇ ਸਾਧੇ ਗਏ ਹਨ।

ਇਸੇ ਦੌਰਾਨ ਇਹ ਸਵਾਲ ਵੀ ਉੱਠ ਰਹੇ ਹਨ ਕਿ ਸਰਕਾਰ ਨੇ ਜੇ ਮੰਤਰੀ ਤਬਦੀਲ ਕਰਨੇ ਹੀ ਸਨ ਤਾਂ ਹਰਜੋਤ ਬੈਂਸ ਅਤੇ ਕਟਾਰੂਚੱਕ ਵਰਗੇ ਮੰਤਰੀ ਕਿਉਂ ਨਹੀਂ ਬਦਲੇ? ਸਭ ਤੋਂ ਵੱਡੇ ਵਿਵਾਦ ਤਾਂ ਉਨ੍ਹਾਂ ਨਾਲ ਜੁੜੇ ਹੋਏ ਹਨ! ਸਿਆਸਤ ਨੂੰ ਮੂੰਹ ਮਾਰਨ ਵਾਲੇ ਕੁਝ ਵਿਸ਼ਲੇਸ਼ਕ ਇਹ ਵੀ ਕਹਿੰਦੇ ਨਜ਼ਰ ਆਏ ਕਿ ਜੇ ਸਰਕਾਰ ਦੀ ਕਾਰਗੁਜ਼ਾਰੀ ਨੂੰ ਵੇਖਿਆ ਜਾਵੇ ਤਾਂ ਸਭ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਟਾਇਆ ਜਾਣਾ ਚਾਹੀਦਾ ਹੈ।

ਪੰਜਾਬ ਕੈਬਨਿਟ ਵਿੱਚ ਜਿਹੜੇ ਮੰਤਰੀ ਹਟਾਏ ਗਏ ਹਨ, ਉਨ੍ਹਾਂ ਵਿੱਚ ਚੇਤਨ ਸਿੰਘ ਜੌੜੇ ਮਾਜਰਾ, ਅਨਮੋਲ ਗਗਨ ਮਾਨ, ਬਲਕਾਰ ਸਿੰਘ ਅਤੇ ਬ੍ਰਹਮ ਸ਼ੰਕਰ ਜਿੰਪਾ ਸ਼ਾਮਲ ਹਨ। ਚੇਤਨ ਸਿੰਘ ਜੌੜੇ ਮਾਜਰਾ ਕੋਲ ਪਬਲਿਕ ਰਿਲੇਸ਼ਨ, ਡਿਫੈਂਸ ਸਰਵਿਸਿਜ਼ ਅਤੇ ਬਾਗਬਾਨੀ ਵਰਗੇ ਮਹਿਕਮੇ ਸਨ। ਅਨਮੋਲ ਗਗਨ ਮਾਨ ਕੋਲ ਸੈਰ ਸਪਾਟਾ, ਨਿਵੇਸ਼ ਅਤੇ ਪ੍ਰਮੋਸ਼ਨ ਵਿਭਾਗ ਸਨ। ਕਰਤਾਰਪੁਰ ਤੋਂ ਅਸੈਂਬਲੀ ਮੈਂਬਰ ਚੁਣੇ ਗਏ ਬਲਕਾਰ ਸਿੰਘ ਸਥਾਨਕ ਸਰਕਾਰਾਂ ਅਤੇ ਪਾਰਲੀਮਾਨੀ ਮਾਮਲਿਆਂ ਦੇ ਮੰਤਰੀ ਸਨ। ਬ੍ਰਹਮ ਕੁਮਾਰ ਜਿੰਪਾ ਕੋਲ ਮਾਲ ਵਿਭਾਗ ਦਾ ਚਾਰਜ ਸੀ। ਇਨ੍ਹਾਂ ਚਾਰਾਂ ਨੇ ਆਪੋ-ਆਪਣੇ ਮਹਿਕਮਿਆਂ ਤੋਂ ਅਸਤੀਫਾ ਦੇ ਦਿੱਤਾ ਹੈ।

ਇਸ ਪਿੱਛੋਂ 23 ਸਤੰਬਰ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜ ਨਵੇਂ ਮੰਤਰੀਆਂ ਨੂੰ ਸਹੁੰ ਚੁਕਵਾਈ। ਇਨ੍ਹਾਂ ਵਿੱਚ ਬਰਿੰਦਰ ਕੁਮਾਰ ਗੋਇਲ, ਤਾਰਨਪ੍ਰੀਤ ਸਿੰਘ ਸੌਂਧ, ਹਰਦੀਪ ਸਿੰਘ ਮੁੰਡੀਆਂ, ਮਹਿੰਦਰ ਭਗਤ ਅਤੇ ਡਾ. ਰਵਜੋਤ ਸਿਘ ਸ਼ਮਾਲ ਹਨ। ਬਰਿੰਦਰ ਕੁਮਾਰ ਨੂੰ ਖਣਨ, ਜਿਆਲੋਜੀ, ਪਾਣੀ ਦੇ ਸੋਮੇ ਅਤੇ ਭੂ-ਸੁਰੱਖਿਆਣ ਜਿਹੇ ਮਹੱਤਵਪੂਰਨ ਮਹਿਕਮੇ ਦਿੱਤੇ ਗਏ ਹਨ। ਲੁਧਿਆਣਾ ਨੇੜਲੇ ਪਿੰਡ ਮੁੰਡੀਆਂ ਨਾਲ ਸੰਬੰਧਤ ਹਰਦੀਪ ਸਿੰਘ ਮੁੰਡੀਆਂ ਨੂੰ ਮਾਲ ਅਤੇ ਮੁੜ ਵਸੇਬਾ, ਆਫਤ ਪ੍ਰਬੰਧਨ, ਵਾਟਰ ਸਪਲਾਈ, ਸੈਨੀਟੇਸ਼ਨ ਅਤੇ ਮਕਾਨ ਉਸਾਰੀ ਦੇ ਮਹਿਕਮੇ ਸੌਂਪੇ ਗਏ ਹਨ। ਦੋ ਦਲਿਤ ਚਿਹਰਿਆਂ- ਮਹਿੰਦਰ ਭਗਤ ਨੂੰ ਸੁਰੱਖਿਆ ਸੇਵਾਵਾਂ (ਡਿਫੈਂਸ ਸਰਵਿਸਿਜ਼), ਬਾਗਬਾਨੀ ਤੇ ਆਜ਼ਾਦੀ ਘੁਲਾਟੀਆਂ ਬਾਰੇ ਮਹਿਕਮੇ ਦਿੱਤੇ ਗਏ ਹਨ। ਡਾ. ਰਵਜੋਤ ਸਿੰਘ ਨੂੰ ਸਥਾਨਕ ਸਰਕਾਰਾਂ ਅਤੇ ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਬਣਾਇਆ ਗਿਆ।

'ਆਪ' ਸਰਕਾਰ ਵੱਲੋਂ ਜਿਸ ਤਰ੍ਹਾਂ ਦਾ ਇਹ ਬਦਲਾਅ ਕੀਤਾ ਗਿਆ ਹੈ, ਉਸ ਦਾ ਇੱਕ ਪੱਖ ਤੇ ਇਹ ਸਮਝ ਆਉਂਦਾ ਹੈ ਕਿ ਆਉਂਦੀਆਂ ਪੰਚਾਇਤੀ ਚੋਣਾਂ ਅਤੇ ਹਰਿਆਣਾ ਅਸੈਂਬਲੀ ਚੋਣਾਂ ਦੇ ਮੱਦੇਨਜ਼ਰ ਸਰਕਾਰ ਆਪਣਾ ਅਕਸ ਸੁਧਾਰਨਾ ਚਾਹੁੰਦੀ ਹੈ। ਪੰਜਾਬ ਅਤੇ ਦਿੱਲੀ ਨੂੰ 'ਆਪ' ਵੱਲੋਂ ਹਰਿਆਣੇ ਵਿੱਚ ਵਿਕਾਸ ਦੇ ਮਾਡਲ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਤਿੰਨ ਭਾਈਚਾਰਿਆਂ- ਸਿੱਖ, ਦਲਿਤ ਅਤੇ ਹਿੰਦੂ ਤਬਕੇ ਨੂੰ ਬਰਾਬਰ ਦੀ ਨੁਮਾਇੰਦਗੀ ਦੇਣ ਦਾ ਵੀ ਯਤਨ ਕੀਤਾ ਗਿਆ ਹੈ। ਖੇਤਰ ਦੇ ਹਿਸਾਬ ਨਾਲ ਵੀ ਵੱਖ-ਵੱਖ ਇਲਾਕਿਆਂ ਨੂੰ ਨੁਮਾਇੰਦਗੀ ਦੇਣ ਦਾ ਇਹ ਯਤਨ ਜਾਪਦਾ ਹੈ। ਮਹਿੰਦਰ



ਮੁੱਖ ਮੰਤਰੀ ਭਗਵੰਤ ਮਾਨ

ਭਗਤ ਹਾਲੇ ਪਿੱਛੇ ਜਿਹੇ ਹੋਈ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਜਿੱਤ ਕੇ ਐਮ.ਐਲ.ਏ. ਬਣੇ ਹਨ। ਉਨ੍ਹਾਂ ਦੀ ਚੋਣ ਮੁਹਿੰਮ ਵਿੱਚ ਪ੍ਰਚਾਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਲਕੇ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ 'ਤੁਸੀਂ ਮਹਿੰਦਰ ਭਗਤ ਨੂੰ ਜਿਤਾ ਦਿਉ, ਮੈਂ ਉਸ ਨੂੰ ਮੰਤਰੀ ਬਣਾ ਦਿਆਂਗਾ।' ਇਸ ਤਰ੍ਹਾਂ ਇਹ ਵਾਅਦਾ ਉਨ੍ਹਾਂ ਨੇ ਪੂਰਾ ਕਰ ਦਿੱਤਾ ਹੈ। ਸ੍ਰੀ ਭਗਤ ਬੀ.ਜੇ.ਪੀ. ਛੱਡ ਕੇ 'ਆਪ' ਵਿੱਚ ਆਏ ਸਨ। 2017 ਅਤੇ 2022 ਵਿੱਚ ਉਨ੍ਹਾਂ ਨੇ ਬੀ.ਜੇ.ਪੀ. ਦੀ ਟਿਕਟ 'ਤੇ ਚੋਣ ਲੜੀ ਸੀ, ਪਰ ਅਸਫਲ ਰਹੇ ਸਨ। ਉਹ ਮਰਹੂਮ ਬੀ.ਜੇ.ਪੀ. ਆਗੂ ਚੂਨੀ ਲਾਲ ਭਗਤ ਦੇ ਬੇਟੇ ਹਨ।

ਰਵਜੋਤ ਸਿੰਘ ਹੁਸ਼ਿਆਰਪੁਰ ਦੇ ਸ਼ਾਮਚੁਰਾਸੀ ਹਲਕੇ ਤੋਂ ਅਸੈਂਬਲੀ ਮੈਂਬਰ ਚੁਣੇ ਗਏ ਹਨ। ਉਨ੍ਹਾਂ ਨੇ 2017 ਦੀ ਅਸੈਂਬਲੀ ਅਤੇ 2019 ਦੀ ਲੋਕ ਸਭਾ ਚੋਣ ਲੜੀ ਸੀ, ਪਰ ਅਸਫਲ ਰਹੇ ਸਨ। ਹਰਦੀਪ ਸਿੰਘ ਮੁੰਡੀਆਂ ਨੇ ਸਾਹਨੇਵਾਲ ਹਲਕੇ ਤੋਂ ਅਸੈਂਬਲੀ ਚੋਣ ਜਿੱਤੀ ਸੀ। ਗੋਇਲ ਸੰਗਰੂਰ ਜ਼ਿਲ੍ਹੇ ਦੇ ਲਹਿਰਾ ਅਸੈਂਬਲੀ ਹਲਕੇ ਤੋਂ ਪ੍ਰਮਿੰਦਰ ਸਿੰਘ ਢੀਂਡਸਾ ਨੂੰ ਹਰਾ ਕੇ ਅਸੈਂਬਲੀ ਮੈਂਬਰ ਚੁਣੇ ਗਏ ਸਨ।

ਪੰਜਾਬ ਵਿੱਚ ਮੁੱਖ ਮੰਤਰੀ ਸਮੇਤ ਹੁਣ 16 ਮੰਤਰੀ ਕੈਬਨਿਟ ਦਾ ਹਿੱਸਾ ਹਨ, ਇਸ ਤਰ੍ਹਾਂ ਦੋ ਅਸੈਂਬਲੀ ਮੈਂਬਰਾਂ ਨੂੰ ਮੰਤਰੀ ਬਣਾਏ ਜਾ ਸਕਣ ਦੀ ਹਾਲੇ ਵੀ ਗੁੰਜਾਇਸ਼ ਬਾਕੀ ਹੈ। ਮੁੱਖ ਮੰਤਰੀ ਨੇ ਤਿੰਨ ਮਹਿਕਮੇ ਛੱਡ ਕੇ ਇੱਕ ਤਰ੍ਹਾਂ ਆਪਣਾ ਭਾਰ ਹੌਲਾ ਕਰ ਲਿਆ ਹੈ। ਮੁੱਖ ਮੰਤਰੀ ਵੱਲੋਂ ਜੇਲ੍ਹਾਂ, ਸਨਅਤ ਅਤੇ ਵਣਜ ਤੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਰਗੇ ਮਹਤੱਵਪੂਰਨ ਮਹਿਕਮੇ ਛੱਡ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਜੇਲ੍ਹਾਂ ਦਾ ਮਹਿਕਮਾ ਲਾਲਜੀਤ ਸਿੰਘ ਭੁੱਲਰ ਨੂੰ ਦੇ ਦਿੱਤਾ ਗਿਆ ਹੈ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਜਿਹੇ ਮਹਿਕਮੇ ਉਨ੍ਹਾਂ ਤੋਂ ਲੈ ਲਏ ਗਏ ਹਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵੀ ਸੌਂਪ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਬਲਜੀਤ ਕੌਰ, ਕੁਲਦੀਪ ਸਿੰਘ ਧਾਲੀਵਾਲ, ਡਾ. ਬਲਬੀਰ ਸਿੰਘ, ਲਾਲ ਸਿੰਘ ਕਟਾਰੂਚੱਕ, ਹਰਭਜਨ ਸਿੰਘ ਅਤੇ ਗੁਰਮੀਤ ਸਿੰਘ ਖੁੱਡੀਆਂ ਦੇ ਮਹਿਕਮਿਆਂ ਨੂੰ ਛੇੜਿਆ ਨਹੀਂ ਗਿਆ।

ਕੁੱਲ ਮਿਲਾ ਕੇ ਸਰਕਾਰ ਵੱਲੋਂ ਆਪਣਾ ਅਕਸ ਸੁਧਾਰਨ ਦੇ ਮਕਸਦ ਨਾਲ ਹੀ ਇਹ ਤਬਦੀਲੀ ਕੀਤੀ ਗਈ ਲਗਦੀ ਹੈ; ਕਿਉਂਕਿ ਬਲਕਾਰ ਸਿੰਘ, ਚੇਤਨ ਸਿੰਘ ਜੌੜੇ ਮਾਜਰਾ, ਬ੍ਰਹਮ ਸ਼ੰਕਰ ਜਿੰਪਾ ਤੇ ਅਨਮੋਲ ਗਗਨ ਮਾਨ ਵੱਖ-ਵੱਖ ਵਿਵਾਦਾਂ ਵਿੱਚ ਘਿਰ ਗਏ ਸਨ ਅਤੇ ਵਿਰੋਧੀ ਧਿਰ ਵੱਲੋਂ ਇਸ ਨੂੰ ਆਧਾਰ ਬਣਾ ਕੇ ਪੰਜਾਬ ਦੀ 'ਆਪ' ਸਰਕਾਰ 'ਤੇ ਤਿੱਖੇ ਹਮਲੇ ਕੀਤੇ ਜਾ ਰਹੇ ਸਨ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ, ਜਿਸ ਨੇ 2022 ਦੀਆਂ ਪੰਜਾਬ ਅਸੈਂਬਲੀ ਚੋਣਾਂ ਵਿੱਚ 117 ਵਿੱਚੋਂ 92 ਸੀਟਾਂ ਜਿੱਤੀਆਂ ਸਨ, 2024 ਦੀਆਂ ਲੋਕ ਸਭਾ ਚੋਣਾਂ ਵਿੱਚ 3 ਸੀਟਾਂ ਹੀ ਜਿੱਤ ਸਕੀ। ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਕੁਝ ਚੋਣ ਵਾਅਦੇ ਪੂਰੇ ਨਾ ਕਰਨ ਕਰਕੇ ਵੀ ਵਿਰੋਧੀ ਧਿਰ ਦੇ ਹਮਲੇ ਹੇਠ ਹੈ। ਅਸੈਂਬਲੀ ਚੋਣਾਂ ਵਿੱਚ ਪਾਰਟੀ ਵੱਲੋਂ ਨਸ਼ਿਆਂ ਦੇ ਪਸਾਰੇ ਨੂੰ ਮੁਕੰਮਲ ਤੌਰ 'ਤੇ ਖਤਮ ਕਰਨ, ਗੈਂਗਸਟਰਵਾਦ ਨੂੰ ਨੱਥ ਮਾਰਨ, ਰਾਜ ਵਿੱਚ ਜ਼ੁਰਮ ਘੱਟ ਕਰਨ, ਰਾਜ ਦੀ ਆਰਥਿਕ ਹਾਲਤ ਸੁਧਾਰਨ ਅਤੇ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦੇ ਵਾਅਦੇ ਕੀਤੇ ਗਏ ਸਨ; ਪਰ ਆਪਣੇ ਇਨ੍ਹਾਂ ਵਾਅਦਿਆਂ ਨੂੰ ਸਰਕਾਰ ਪੂਰਾ ਨਹੀਂ ਕਰ ਸਕੀ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਵਿੱਚ ਵੀ ਪੰਜਾਬ ਸਰਕਾਰ ਅਸਫਲ ਰਾਹੀ ਹੈ। ਇਹ ਮਾਮਲਾ ਆਮ ਆਦਮੀ ਪਾਰਟੀ ਦੇ ਆਪਣੇ ਹੀ ਇੱਕ ਅਸੈਂਬਲੀ ਮੈਂਬਰ ਅਤੇ ਸਾਬਕਾ ਪੁਲਿਸ ਅਫਸਰ ਵੱਲੋਂ ਹਾਲ ਹੀ ਦੇ ਵਿਧਾਨ ਸਭਾ ਸੈਸ਼ਨ ਵਿੱਚ ਜ਼ੋਰ ਨਾਲ ਉਠਾਇਆ ਗਿਆ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ 'ਆਪ' ਸਰਕਾਰ ਵੱਲੋਂ ਵਾਰ-ਵਾਰ ਕੀਤੀਆਂ ਜਾ ਰਹੀਆਂ ਇਨ੍ਹਾਂ ਤਬਦੀਲੀਆਂ ਨੂੰ ਅਸਥਿਰਤਾ ਅਤੇ ਦੁਰਪ੍ਰਬੰਧ (ਮਿੱਸ ਮੈਨੇਜਮੈਂਟ) ਦੀ ਨਿਸ਼ਾਨੀ ਦੱਸਿਆ ਹੈ। ਇਸੇ ਤਰ੍ਹਾਂ ਪੰਜਾਬ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਭਗੰਵਤ ਮਾਨ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਰਹੀ ਹੈ। ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਹਾਲ ਹੀ ਵਿੱਚ ਰਾਜ ਵਿੱਚ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰ ਚੁੱਕੇ ਹਨ। ਰਾਜਨੀਤਿਕ ਮਾਹਿਰਾਂ ਅਨੁਸਾਰ ਵਾਰ-ਵਾਰ ਮੰਤਰੀ ਬਦਲਣ ਦਾ ਕੀ ਲਾਭ ਹੋਵੇਗਾ, ਜਦੋਂ ਸਰਕਾਰ ਕਿਸੇ ਖ਼ੇਤਰ ਵਿੱਚ ਜਚਵੀਂ ਕਾਰਗੁਜ਼ਾਰੀ ਪ੍ਰਦਾਨ ਕਰਨ ਦੇ ਸਮਰੱਥ ਹੀ ਨਹੀਂ ਹੋਈ?

ਵਿੱਤੀ ਮਾਮਲਿਆਂ ਦਾ ਹਾਲ ਇਹ ਹੈ ਕਿ ਆਪਣੇ ਖਰਚੇ ਪੱਤੇ ਚਲਾਉਣ ਲਈ ਪੰਜਾਬ ਸਰਕਾਰ ਨੇ ਮਾਲੀ ਸਾਲ 2022-23 ਵਿੱਚ 32,500 ਕਰੋੜ ਰੁਪਏ ਦਾ ਕਰਜ਼ਾ ਚੁਕਿਆ। ਸਾਲ 23-24 ਵਿੱਚ 29,000 ਕਰੋੜ ਦਾ ਕਰਜ਼ਾ ਲਿਆ। ਇਸ ਸਾਲ ਵੀ ਹੁਣ ਤੱਕ ਸਰਕਾਰ ਨੇ ਵੱਡਾ ਕਰਜ਼ ਚੁੱਕ ਕੇ ਆਪਣਾ ਕੰਮ ਕਾਜ ਚਲਾਇਆ ਹੈ। ਤਕਰੀਬਨ ਇਹ ਇੱਕ ਲੱਖ ਕਰੋੜ ਨੂੰ ਪਹੁੰਚਣ ਵਾਲਾ ਹੈ। ਪੰਜਾਬ ਸਰਕਾਰ ਦਾ ਦਾਅਵਾ ਸੀ ਕਿ ਉਹ ਛੇਤੀ ਹੀ ਸਰਕਾਰੀ ਆਮਦਨ ਵਿੱਚ ਵਾਧਾ ਕਰ ਕੇ ਰਾਜ ਨੂੰ ਪੈਰਾਂ ਸਿਰ ਕਰ ਲਵੇਗੀ, ਪਰ ਹਕੀਕਤ ਇਸ ਦੇ ਉਲਟ ਵਾਪਰੀ। ਖਣਨ ਵਿੱਚੋਂ ਸਲਾਨਾਂ 20,000 ਕਰੋੜ ਰੁਪਏ ਦੀ ਆਮਦਨ ਦਾ ਸਰਕਾਰ ਨੇ ਦਾਅਵਾ ਕੀਤਾ ਸੀ, ਪਰ ਇਸ ਵਿੱਚੋਂ ਸਿਰਫ 300 ਕਰੋੜ ਹੀ ਸਰਕਾਰ ਨੂੰ ਮਿਲ ਰਹੇ ਹਨ; ਜਦਕਿ ਗੈਰ-ਕਾਨੂੰਨੀ ਖਣਨ ਦੀ ਭਰਮਾਰ ਹੈ ਅਤੇ ਸਰਕਾਰ ਦੇ ਕਈ ਅਸੈਂਬਲੀ ਮੈਂਬਰਾਂ ਅਤੇ ਮਨਿਸਟਰਾਂ 'ਤੇ ਵੀ ਖਣਨ ਦੇ ਦੋਸ਼ ਲੱਗ ਰਹੇ ਹਨ।

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਚੀਨ ਨੂੰ ਡੱਕਣ 'ਤੇ ਕੇਂਦਰਿਤ ਰਿਹਾ 'ਕੁਆਡ' ਸੰਮੇਲਨ


**ਪੰਜਾਬੀ ਪਰਵਾਜ਼ ਬਿਊਰੋ**

*ਭਾਰਤ ਅਤੇ ਅਮਰੀਕਾ ਗਰੀਨ ਊਰਜਾ ਲਈ ਇੱਕ ਅਰਬ ਡਾਲਰ ਖਰਚਣਗੇ*
*ਮੱਧ ਪੂਰਬ ਅਤੇ ਯੂਕਰੇਨ ਜੰਗ ਬਾਰੇ ਇਕੋ ਜਿਹੀ ਪਹੁੰਚ ਅਪਨਾਉਣ ਬਾਰੇ ਸਹਿਮਤੀ*

ਅਮਰੀਕਾ ਦੇ ਸ਼ਹਿਰ ਵਿਲਮਿੰਗਟਨ ਡੈਲਵੇਅਰ ਵਿੱਚ ਬੀਤੇ ਹਫਤੇ ਹੋਏ ਕੁਆਡ (ਭਾਰਤ, ਅਸਟਰੇਲੀਆ, ਅਮਰੀਕਾ ਅਤੇ ਜਪਾਨ ਆਧਾਰਤ ਇਕ ਸਮੂਹ) ਸੰਮੇਲਨ ਵਿੱਚ ਭਾਵੇਂ ਬੜਾ ਕੁਝ ਕਿਹਾ ਗਿਆ ਹੈ, ਪਰ ਹਰ ਮੁੱਦੇ 'ਤੇ ਹੋਈ ਗੱਲਬਾਤ ਮੁੜ-ਘਿੜ ਕੇ ਇਸ ਗੱਲ 'ਤੇ ਕੇਂਦਰਿਤ ਹੁੰਦੀ ਰਹੀ ਕਿ ਆਪਣੇ ਆਲੇ-ਦੁਆਲੇ ਦੇ ਸਮੁੰਦਰੀ ਖੇਤਰ ਵਿੱਚ ਚੀਨ ਦੀਆਂ ਹਮਲਾਵਰ ਸਰਗਰਮੀਆਂ ਨੂੰ ਕਿਵੇਂ ਰੋਕਿਆ ਜਾਵੇ! ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਇਸ ਮਾਮਲੇ ਪ੍ਰਤੀ ਵਧੇਰੇ ਚਿੰਤਤ ਨਜ਼ਰ ਆਏ। ਇਸ ਸਮੇਲਨ ਤੋਂ ਬਾਅਦ 'ਕੁਆਡ' ਵੱਲੋਂ ਜਾਰੀ ਕੀਤੇ ਗਏ 'ਵਿਲਮਿੰਗਟਨ ਐਲਾਨਨਾਮੇ' ਵਿੱਚ ਭਾਵੇਂ ਆਪਣੇ ਗੱਠਜੋੜ ਦੇ ਫੌਜੀ ਪੱਖ ਨੂੰ ਕੁਆਡ ਲੀਡਰਾਂ ਵੱਲੋਂ ਪਰਦੇ ਉਹਲੇ ਰੱਖਣ ਦਾ ਯਤਨ ਕੀਤਾ ਗਿਆ ਹੈ, ਪਰ ਇਹ ਪ੍ਰਤੱਖ ਹੀ ਹੈ ਕਿ ਇਨ੍ਹਾਂ ਮੁਲਕਾਂ ਵੱਲੋਂ ਸ਼ਕਤੀ ਪ੍ਰਦਰਸ਼ਨ ਲਈ ਸਾਂਝੀਆਂ ਨੇਵੀ ਮਸ਼ਕਾਂ ਹੁਣ ਹਰ ਸਾਲ ਕੀਤੀਆਂ ਜਾਣਗੀਆਂ।

ਯਾਦ ਰਹੇ, ਵਿਲਮਿੰਗਟਨ ਰਾਸ਼ਟਰਪਤੀ ਜੋਅ ਬਾਇਡਨ ਦਾ ਘਰੇਲੂ ਸ਼ਹਿਰ ਹੈ। ਬੀਤੇ ਹਫਤੇ ਸ਼ੁੱਕਰਵਾਰ ਵਾਲੇ ਦਿਨ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਥੇ ਪਹੁੰਚੇ ਤਾਂ ਜੋਅ ਬਾਇਡਨ ਨੇ ਆਪਣੇ ਨਿੱਜੀ ਘਰ ਵਿੱਚ ਉਨ੍ਹਾਂ ਦਾ ਵਿਸ਼ੇਸ਼ ਸੁਆਗਤ ਕੀਤਾ। ਇਸ ਮਿਲਣੀ ਦੇ ਨਿੱਘ ਵਿੱਚ ਹਿੰਦੁਸਤਾਨ ਨੂੰ ਕੁਆਡ ਦਾ 'ਲੀਡਰ' ਬਣਾ ਕੇ ਕਰੜੀ ਪਰਖ਼ ਵਿੱਚ ਪਾਉਣ ਦੀ ਇੱਕ ਗੁੱਝੀ ਚਾਹਤ ਵੀ ਛਿਪੀ ਹੋਈ ਸੀ। ਉਂਝ ਹਿੰਦੁਸਤਾਨੀ ਪ੍ਰਧਾਨ ਮੰਤਰੀ ਨੇ ਆਪਣੀ ਸੁਰ ਵਿਚਲੀ ਨਰਮੀ ਬਰਕਰਾਰ ਰੱਖੀ। ਉਨ੍ਹਾਂ ਕਿਹਾ ਕਿ ਸਾਡਾ ਇਹ ਚਾਰ ਮੁਲਕਾਂ ਦਾ ਗੱਠਜੋੜ ਕਿਸੇ ਦੇ ਖਿਲਾਫ ਨਹੀਂ ਹੈ।

ਬੀਤੇ ਐਤਵਾਰ ਹੋਏ ਇਸ ਸੰਮੇਲਨ ਤੋਂ ਬਾਅਦ ਜਾਰੀ ਕੀਤੇ ਗਏ ਦਸਤਾਵੇਜ਼ 'ਵਿਲਮਿੰਗਟਨ ਐਲਾਨਨਾਮੇ' ਵਿੱਚ ਚਾਰ ਦੇਸ਼ਾਂ ਦੇ ਲੀਡਰਾਂ ਨੇ ਕਿਹਾ ਕਿ ਉਹ ਆਪਣੀ ਤੱਟ ਰੱਖਿਆ ਸ਼ਕਤੀ (ਰਾਖੇ ਜਾਂ ਕੋਸਟ ਗਾਰਡ) ਦੀ ਅੰਤਰ ਨਿਰਭਰਤਾ ਵਿੱਚ ਵਾਧਾ ਕਰਨਗੇ। ਇਸ ਨਾਲ ਗੈਰ-ਕਾਨੂੰਨੀ ਸਮੁੰਦਰੀ ਗਤੀਵਿਧੀ ਅਤੇ ਡਾਰਕ ਸ਼ਿਪਿੰਗ ਨੂੰ ਕਾਬੂ ਕੀਤਾ ਜਾ ਸਕੇਗਾ। ਇਸ ਤੋਂ ਇਲਾਵਾ ਇਸ ਐਲਾਨਨਾਮੇ ਵਿੱਚ ਸਮੁੰਦਰੀ ਖੇਤਰ ਬਾਰੇ ਜਾਗਰੂਕਤਾ ਵਧਾਉਣ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਸਮੁੰਦਰੀ ਹਾਦਸਿਆਂ ਜਾਂ ਸਮੁੰਦਰੀ ਸੁਰੱਖਿਆ ਦੇ ਮਕਸਦ ਲਈ ਹਵਾਈ ਮਦਦ ਵਿੱਚ ਵਾਧੇ ਲਈ ਸਾਂਝੇ ਉਪਰਾਲੇ ਕਰਨ ਦਾ ਵਾਅਦਾ ਵੀ ਕੀਤਾ ਗਿਆ ਹੈ। ਇਸੇ ਤਰ੍ਹਾਂ ਲੋੜੀਂਦੇ ਸਾਜ਼ੋ ਸਮਾਨ ਅਤੇ ਤਕਨੀਕ ਸਾਂਝੀ ਕਰਨ ਦੀ ਗੱਲ ਵੀ ਕਹੀ ਗਈ ਹੈ। ਇਸੇ ਤਰ੍ਹਾਂ ਸਮੁੰਦਰੀ ਅਤੇ ਗੈਰ-ਸਾਗਰੀ ਟੈਲੀਕਮਿਊਨੀਕੇਸ਼ਨ ਦੀ ਸਮਰੱਥਾ ਨੂੰ ਵਧਾਉਣ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਤਾਂ ਕਿ ਡਿਜ਼ੀਟਲ ਸਰਗਰਮੀ ਨੂੰ ਹੋਰ ਗਤੀ ਦਿੱਤੀ ਜਾ ਸਕੇ। ਇੱਕ ਕੌਮੀ ਪੱਧਰ ਦੇ ਭਾਰਤੀ ਅੰਗਰੇਜ਼ੀ ਅਖਬਾਰ ਨੇ ਆਪਣੇ ਸੰਪਾਦਕੀ ਨੋਟ ਵਿੱਚ ਕਿਹਾ ਹੈ ਕਿ ਇਹ ਸਾਰੇ ਨਿਸ਼ਾਨੇ ਚੀਨ ਨੂੰ ਰਣਨੀਤਿਕ ਖੇਤਰ ਵਿੱਚ ਮਾਤ ਦੇਣ ਲਈ ਹੀ ਹਨ। ਮਤਲਬ ਸਾਰੇ ਰਾਹ 'ਮੱਕੇ' (ਚੀਨ ਦੁਆਲੇ ਘੇਰਾਬੰਦੀ) ਨੂੰ ਜਾਂਦੇ ਹਨ। ਚੀਨ ਦਾ ਨਾਂ ਲੈਣ ਤੋਂ ਬਿਨਾ ਕੁਆਡ ਆਗੂਆਂ ਨੇ ਕਿਹਾ ਕਿ ਉਹ ਸਾਊਥ ਅਤੇ ਈਸਟ ਚੀਨੀ ਸਮੁੰਦਰ ਵਿੱਚ ਸਥਿਤੀ ਬਾਰੇ ਗੰਭੀਰ ਰੂਪ ਵਿੱਚ ਚਿੰਤਤ ਹਨ।



ਕੁਆਡ ਸਿਖਰ ਸੰਮੇਲਨ ਦੌਰਾਨ (ਖੱਬਿਓਂ) ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕੀ ਸਦਰ ਜੋਅ ਬਾਇਡਨ ਤੇ ਜਪਾਨ ਦੇ ਪ੍ਰਧਾਨ ਮੰਤਰੀ ਫੂਮੀਓ ਕਿਸ਼ੀਦਾ। (ਫੋਟੋ: ਪੀ.ਟੀ.ਆਈ.)

ਵਿਲਮਿੰਗਟਨ ਐਲਾਨਨਾਮੇ ਵਿੱਚ ਇਸ ਪੱਖ 'ਤੇ ਮੁੜ ਜ਼ੋਰ ਦਿੱਤਾ ਗਿਆ ਕਿ ਸਮੁੰਦਰੀ ਝਗੜੇ ਲਾਜ਼ਮੀ ਤੌਰ 'ਤੇ ਸ਼ਾਂਤੀ ਪੂਰਬਕ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਹੀ ਹੱਲ ਕੀਤੇ ਜਾਣੇ ਚਾਹੀਦੇ ਹਨ। ਇਹਦੇ ਬਾਰੇ ਸੇਧਾਂ ਬਾਕਾਇਦਾ ਤੌਰ 'ਤੇ ਯੂਨਾਈਟਡ ਨੇਸ਼ਨ ਦੀ ਸਮੁੰਦਰੀ ਕਾਨੂੰਨਾਂ ਬਾਰੇ ਕਨਵੈਨਸ਼ਨ ਵਿੱਚ ਮੌਜੂਦ ਹਨ। ਕੁਆਡ ਗਰੁੱਪ ਦੇ ਦੇਸ਼ਾਂ ਦੇ ਲੀਡਰਾਂ ਵੱਲੋਂ ਜਾਰੀ ਐਲਾਨਨਾਮੇ ਵਿੱਚ ਦੱਖਣ ਚੀਨੀ ਸਮੁੰਦਰ ਬਾਰੇ 2016 ਦੇ 'ਅਰਬੀਟਰਲ ਲਾਅ' ਦੇ ਮਹੱਤਵ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਐਵਾਰਡ ਮੁਲਕਾਂ ਵਿਚਕਾਰ ਸਮੁੰਦਰੀ ਖੇਤਰ 'ਤੇ ਦਾਅਵਿਆਂ ਦੇ ਝਗੜਿਆਂ ਨੂੰ ਅਮਨਪੂਰਬਕ ਢੰਗ ਨਾਲ ਹੱਲ ਕਰਨ ਲਈ ਆਧਾਰ ਮੁਹੱਈਆ ਕਰਦਾ ਹੈ।

ਯੂਕਰੇਨ ਜੰਗ ਬਾਰੇ ਵਿਲਮਿੰਗਟਨ ਐਲਾਨਨਾਮਾ ਯੁਨਾਈਟਡ ਨੇਸ਼ਨ ਮੁਤਾਬਕ ਮੁਲਕਾਂ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ 'ਤੇ ਜ਼ੋਰ ਦਿੰਦਾ ਹੈ। ਐਲਾਨਨਾਮੇ ਵਿੱਚ ਕਿਹਾ ਗਿਆ ਹੈ ਕਿ "ਜੰਗ ਸ਼ੁਰੂ ਹੋਣ ਤੋਂ ਬਾਅਦ ਸਾਡੇ ਵਿੱਚੋਂ ਹਰ ਇੱਕ (ਚਾਰੋਂ ਲੀਡਰ) ਯੂਕਰੇਨ ਜਾ ਕੇ ਆਇਆ ਹੈ ਅਤੇ ਇਸ ਬਾਰੇ ਸਾਡੇ ਕੋਲ ਪੁਖਤਾ ਜਾਣਕਾਰੀ ਹੈ। ਇਸ ਝਗੜੇ ਦਾ ਹੱਲ ਯੁਨਾਈਟਡ ਨੇਸ਼ਨ ਚਾਰਟਰ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਤਹਿਤ ਹੋਣਾ ਚਾਹੀਦਾ ਹੈ। ਮੱਧ ਪੂਰਬ ਵਿੱਚ ਗਾਜ਼ਾ ਦੀ ਜੰਗ ਦਾ ਜ਼ਿਕਰ ਵੀ ਵਿਲਮਿੰਗਟਨ ਐਲਾਨਨਾਮੇ ਤੋਂ ਅਛੂਤਾ ਨਹੀਂ ਰਿਹਾ ਹੈ। ਇਸ ਵਿੱਚ ਬੀਤੇ ਵਰ੍ਹੇ 7 ਅਕਤੂਬਰ ਨੂੰ ਇਜ਼ਰਾਇਲ 'ਤੇ ਹਮਾਸ ਵੱਲੋਂ ਕੀਤੇ ਗਏ ਹਮਲੇ ਦੀ ਨਿੰਦਾ ਕੀਤੀ ਗਈ ਹੈ। ਇਸ ਦੇ ਨਾਲ ਹੀ ਗਾਜ਼ਾ ਵਿੱਚ ਜੰਗ ਕਾਰਨ ਵੱਡੀ ਪੱਧਰ 'ਤੇ ਆਮ ਸ਼ਹਿਰੀਆਂ ਦੀਆਂ ਜਾਨਾਂ ਜਾਣ ਅਤੇ ਮਾਨਵੀ ਸੰਕਟ ਬਾਰੇ ਚਿੰਤਾ ਪ੍ਰਗਟ ਕੀਤੀ ਗਈ ਹੈ। ਕੁਆਡ ਵੱਲੋਂ ਹਮਾਸ ਦੁਆਰਾ ਬੰਦੀ ਬਣਾਏ ਗਏ ਲੋਕਾਂ ਨੂੰ ਫੌਰੀ ਰਿਹਾ ਕਰਨ ਦਾ ਸੱਦਾ ਦਿੱਤਾ ਗਿਆ ਹੈ। ਇਸ ਨਾਲ ਜੰਗ ਦੇ ਪੱਕੇ ਤੌਰ 'ਤੇ ਰੁਕਣ ਦੀ ਆਸ ਪ੍ਰਗਟ ਕੀਤੀ ਗਈ ਹੈ। ਇਸ ਤੋਂ ਇਲਾਵਾ ਗਾਜ਼ਾ ਵਿੱਚ ਵੱਧ ਤੋਂ ਵੱਧ ਮਾਨਵੀ ਮੱਦਦ ਪਹੁੰਚਾਉਣ ਦਾ ਸੱਦਾ ਵੀ ਦਿੱਤਾ ਗਿਆ ਹੈ। ਇਜ਼ਰਾਇਲ ਤੇ ਫਲਿਸਤੀਨ- ਦੋਹਾਂ ਧਿਰਾਂ ਨੂੰ ਕੌਮਾਂਤਰੀ ਹਿਉਮਨਟੇਰੀਅਨ ਕਾਨੂੰਨਾਂ ਦੀ ਉਲੰਘਣਾ ਨਾ ਕਰਨ ਦੀ ਅਪੀਲ ਕੀਤੀ ਗਈ ਹੈ। ਚਾਰਾਂ ਮੁਲਕਾਂ ਦੀ ਆਪੋ ਆਪਣੀ ਅਲੱਗ-ਅਲੱਗ ਨੀਤੀ ਦੇ ਬਾਵਜੂਦ, ਮੱਧ ਪੂਰਬ ਅਤੇ ਯੂਕਰੇਨ ਵਿੱਚ ਇੱਕੋ ਜਿਹੀ ਪਹੁੰਚ ਅਪਨਾਉਣ ਲਈ ਸੱਦਾ ਦਿੱਤਾ ਗਿਆ ਹੈ। ਮੱਧ ਪੂਰਬੀ ਜੰਗ ਦੇ ਵੱਡੀ ਪੱਧਰ 'ਤੇ ਫੈਲ ਜਾਣ ਦੇ ਖਦਸ਼ਿਆਂ 'ਤੇ ਚਿੰਤਾ ਜ਼ਾਹਰ ਕਰਦਿਆਂ ਇਜ਼ਰਾਇਲ- ਲੈਬਨਾਨ ਝੜਪਾਂ ਨੂੰ ਫੌਰੀ ਰੋਕਣ ਦੀ ਜ਼ਰੂਰਤ 'ਤੇ ਚਾਰੇ ਮੁਲਕਾਂ ਵੱਲੋਂ ਸਹਿਮਤੀ ਪ੍ਰਗਟ ਕੀਤੀ ਗਈ ਹੈ।

ਇਸੇ ਦੌਰਾਨ ਭਾਰਤ ਅਤੇ ਅਮਰੀਕਾ ਵੱਲੋਂ ਇਕ ਸਾਂਝੀ ਯੋਜਨਾ ਤਹਿਤ ਇੱਕ ਅਰਬ ਡਾਲਰ ਦਾ ਨਿਵੇਸ਼ ਕਰਨ ਬਾਰੇ ਸਹਿਮਤੀ ਵੀ ਜਤਾਈ ਗਈ ਹੈ। ਭਾਰਤ ਦੇ ਪ੍ਰਧਾਨ ਮੰਤਰੀ ਤੇ ਅਮਰੀਕੀ ਰਾਸ਼ਟਰਪਤੀ ਵਿਚਕਾਰ ਹੋਈ ਦੁਵੱਲੀ ਮੀਟਿੰਗ ਤੋਂ ਬਾਅਦ ਕਿਹਾ ਗਿਆ ਕਿ ਸੰਸਾਰ ਨੂੰ ਸਾਫ ਸੁਥਰੀ ਊਰਜਾ ਵਧਾਉਣ ਅਤੇ ਮੌਸਮੀ ਤਬਦੀਲੀਆਂ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਗਰੀਨ ਊਰਜਾ ਵੱਲ ਤਬਦੀਲੀ ਲਈ ਉਪਰੋਕਤ ਫੰਡਿੰਗ 'ਇੰਟਰਨੈਸ਼ਨਲ ਬੈਂਕ ਫਾਰ ਰੀ ਕੰਸਟਰਕਸ਼ਨ ਐਂਡ ਡਿਵੈਲਪਮੈਂਟ' ਰਾਹੀਂ ਚੈਨੇਲਾਈਜ਼ ਕੀਤੀ ਜਾਵੇਗੀ। ਇਸ ਯੋਜਨਾ ਤਹਿਤ ਸੋਲਰ, ਹਵਾ, ਬੈਟਰੀ, ਨਵੀਨ ਊਰਜਾ ਗਰਿਡ ਸਿਸਟਮ, ਘੱਟ ਖਪਤ ਅਤੇ ਵੱਧ ਸਮਰੱਥਾ ਵਾਲੇ ਏਅਰ ਕੰਡੀਸ਼ਨਰ ਅਤੇ ਛੱਤ ਵਾਲੇ ਪੱਖਿਆਂ ਦੀ ਪੈਦਾਵਾਰ ਉਪਰ ਖਰਚੀ ਜਾਵੇਗੀ।

ਅਸੀਂ ਪਿਛਲੀ ਵਾਰ ਵੀ ਆਪਣੀ ਇੱਕ ਲਿਖਤ ਵਿੱਚ ਕਿਹਾ ਸੀ, ਯੂਰਪੀਅਨ ਯੂਨੀਅਨ ਦੀ ਪ੍ਰਧਾਨ ਕੋਲ ਇਟਲੀ ਦੇ ਇੱਕ ਸਾਬਕਾ ਪ੍ਰਧਾਨ ਮੰਤਰੀ ਨੇ ਰਿਪੋਰਟ ਸਬਮਿਟ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਕਿ 'ਵਿਕਾਸ ਦੀ ਗਤੀ ਵਿੱਚ ਅਮਰੀਕਾ ਅਤੇ ਚੀਨ ਦਾ ਮੁਕਾਬਲਾ ਕਰਨ ਲਈ ਯੂਰਪ ਨੂੰ 'ਇਨੋਵੇਸ਼ਨ' ਤੇ ਵਿਕਾਸ ਰਣਨੀਤੀ 'ਤੇ ਧਿਆਨ ਦੇਣਾ ਹੋਵੇਗਾ। ਇਹ ਰਿਪੋਰਟ ਇਸ ਪਾਸੇ ਇਸ਼ਾਰਾ ਕਰਦੀ ਹੈ ਕਿ ਬਿਨਾ ਸ਼ੱਕ ਫੌਜੀ ਅਤੇ ਤਕਨੀਕੀ ਮਾਮਲੇ ਵਿੱਚ ਹਾਲੇ ਵੀ ਸਰਦਾਰੀ ਅਮਰੀਕਣਾਂ ਕੋਲ ਹੈ, ਪਰ ਚੀਨ ਦਾ ਤੇਜ਼ ਉਭਾਰ ਯੂਰਪ ਨੂੰ ਪਾਰ ਪਾ ਗਿਆ ਹੈ ਅਤੇ ਅਮਰੀਕਾ ਇਸ ਤੋਂ ਤ੍ਰਹਿਣ ਲੱਗ ਪਿਆ। ਉਂਝ ਇਹ ਮਸਲਾ ਵੱਖ ਹੈ ਕਿ ਮਨੁੱਖੀ ਆਜ਼ਾਦੀ, ਨਿੱਜਤਾ ਅਤੇ ਸਿਵਲ ਅਧਿਕਾਰਾਂ ਦੇ ਮਸਲੇ ਹਾਲੇ ਚੀਨ ਵਿੱਚ ਪਹਿਲਾਂ ਵਾਂਗ ਹੀ ਬਰਕਰਾਰ ਹਨ। ਖੁਦ ਇਹ 'ਲਾਲ' ਮੁਲਕ ਵੀ ਦੁਨੀਆਂ ਵਿੱਚ ਫੈਲੇ ਆਰਥਕ ਮੰਦੇ ਦੀ ਮਾਰ ਝੱਲ ਰਿਹਾ ਹੈ। ਇਹ ਮੰਦਾ ਲਗਾਤਾਰ ਵਧ ਰਿਹਾ ਹੈ। ਆਈ.ਐਮ.ਐਫ. ਦੀ ਨਿਗਾਹ ਵਿੱਚ ਆਰਥਕ ਤੌਰ 'ਤੇ ਪੀਲੀ ਪੈ ਰਹੀ ਦੁਨੀਆਂ ਵਿੱਚ ਹਿੰਦੋਸਤਾਨ ਹੀ ਇੱਕ 'ਹਰਾ' ਸਪੌਟ ਵਿਖਾਈ ਦਿੰਦਾ ਹੈ। ਭਾਵੇਂ ਕਿ ਭਾਰਤ ਵਿੱਚ ਵੀ ਮਨੁੱਖੀ ਆਰਥਕ ਸਮਰੱਥਾ ਵਿੱਚ ਅਸੀਮ ਪਾੜੇ ਦੇ ਮਾਮਲੇ ਵਿੱਚ ਚਿੰਤਾ ਜਿਤਾਈ ਜਾ ਰਹੀ ਹੈ। ਹਿੰਦੋਸਤਾਨ ਵਿੱਚ ਸਰਮਾਇਆ ਹੁਣ ਕੇਂਦਰੀ ਰਾਜ ਦੇ ਆਸਰੇ ਆਪਣੇ ਆਪ ਨੂੰ ਕੁਝ ਹੱਥਾਂ ਦੀ ਇਜਾਰੇਦਾਰੀ (ਮਨੌਪਲੀ) ਵਿੱਚ ਕੈਦ ਕਰਨ ਦਾ ਯਤਨ ਕਰ ਰਿਹਾ ਹੈ। ਆਪਣੀ ਇਸ ਅਮਰੀਕਾ ਫੇਰੀ ਦੌਰਾਨ ਪ੍ਰਧਾਨ ਮੰਤਰੀ ਨੇ ਪਰਵਾਸੀ ਭਾਰਤੀਆਂ ਨਾਲ ਵੀ ਇੱਕ ਮਿਲਣੀ ਕੀਤੀ।

# ਕੁਆਡ ਸਿਖਰ ਸੰਮੇਲਨ ਅਤੇ ਭਾਰਤ-ਅਮਰੀਕਾ ਸਬੰਧ

**ਜ਼ੁਬੈਰ ਅਹਿਮਦ**

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਅਜਿਹੇ ਮੌਕੇ ਮੰਨੀ ਗਈ ਹੈ, ਜਦੋਂ ਅਮਰੀਕਾ ਵਿੱਚ ਕੁਝ ਹਫ਼ਤਿਆਂ ਅੰਦਰ ਹੀ ਨਵੇਂ ਰਾਸ਼ਟਰਪਤੀ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਅਮਰੀਕਾ ਦੇ ਨਵੇਂ ਪ੍ਰਸ਼ਾਸਨ ਦੀ ਅਗਵਾਈ ਕਮਲਾ ਹੈਰਿਸ ਜਾਂ ਡੌਨਲਡ ਟਰੰਪ ਵਿੱਚੋਂ ਕੋਈ ਇੱਕ ਕਰੇਗਾ। ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਦੇ ਭਾਵੇਂ ਇਹ ਆਖਰੀ ਹਫ਼ਤੇ ਹਨ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਉਨ੍ਹਾਂ ਨਾਲ ਮੁਲਾਕਾਤ ਕਾਫ਼ੀ ਮਹੱਤਵਪੂਰਨ ਹੈ। ਸਾਲ 2006 ਵਿੱਚ ਜਦੋਂ ਜੋਅ ਬਾਇਡਨ ਇੱਕ ਸੀਨੀਅਰ ਸੈਨੇਟਰ ਹੁੰਦੇ ਸਨ ਤਾਂ ਉਸ ਸਮੇਂ ਉਨ੍ਹਾਂ ਨੇ ਭਾਰਤ ਦੇ ਸੀਨੀਅਰ ਪੱਤਰਕਾਰ ਅਜ਼ੀਜ਼ ਹਨੀਫਾ ਨੂੰ ਦਿੱਤੇ ਇੱਕ ਇੰਟਰਵਿਊ ਦੌਰਾਨ ਪੇਸ਼ੀਨਗੋਈ ਕਰਦਿਆਂ ਕਿਹਾ ਸੀ, "2020 ਵਿੱਚ ਭਾਰਤ ਅਤੇ ਅਮਰੀਕਾ, ਦੁਨੀਆਂ ਦੇ ਦੋ ਸਭ ਤੋਂ ਨਜ਼ੀਦੀਕੀ ਦੇਸ ਹੋਣਗੇ।" ਇਹ ਇੰਟਰਵਿਊ ਉਦੋਂ ਲਿਆ ਗਿਆ ਸੀ, ਜਦੋਂ ਅਮਰੀਕੀ ਸੈਨੇਟ ਵੱਲੋਂ ਨਾਗਰਿਕ ਪ੍ਰਮਾਣੂ ਸਹਿਯੋਗ ਸਮਝੌਤੇ 'ਤੇ ਵਿਚਾਰ ਕੀਤੀ ਜਾ ਰਹੀ ਸੀ। ਇੰਟਰਵਿਊ ਦੌਰਾਨ ਬਾਇਡਨ ਨੇ ਇਹ ਵੀ ਉਮੀਦ ਪ੍ਰਗਟਾਈ ਸੀ ਕਿ ਆਲਮੀ ਸੁਰੱਖਿਆ ਲਈ ਜੋ ਤਿੰਨ ਜਾਂ ਚਾਰ ਥੰਮ੍ਹ ਹੋਣਗੇ, ਭਾਰਤ ਤੇ ਅਮਰੀਕਾ ਉਨ੍ਹਾਂ ਵਿੱਚੋਂ ਦੋ ਹੋਣਗੇ।

ਵਿਸ਼ਲੇਸ਼ਕ ਸੀ. ਰਾਜਾ ਮੋਹਨ ਨੇ ਲਿਖਿਆ, "2020 ਦੇ ਅੰਤ ਵਿੱਚ ਸਵਾਲ ਇਹ ਸੀ ਕਿ ਕੀ ਬਾਇਡਨ ਪ੍ਰਸ਼ਾਸਨ ਟਰੰਪ ਦੀਆਂ ਤਿੰਨ ਮੁੱਖ ਰਣਨੀਤੀਆਂ ਨੂੰ ਜਾਰੀ ਰੱਖਣਗੇ- ਅਫਗਾਨਿਸਤਾਨ ਵਿੱਚ ਲਗਾਤਾਰ ਫ਼ੌਜ ਦੀ ਮੌਜੂਦਗੀ ਦੀ ਨਾਕਾਮੀ ਨੂੰ ਮੰਨਣਾ, ਪਾਕਿਸਤਾਨ ਨਾਲ ਸਬੰਧਾਂ ਵਿੱਚ ਕਮੀ ਅਤੇ ਏਸ਼ੀਆ ਵਿੱਚ ਚੀਨੀ ਹਮਲੇ ਦਾ ਸਾਹਮਣਾ ਕਰਨਾ?...ਪਹਿਲੇ ਦੋ ਕਾਰਕਾਂ ਨੇ ਅਮਰੀਕੀ ਰਣਨੀਤੀ ਦੇ ਲਿਹਾਜ਼ ਵਿੱਚ ਪਾਕਿਸਤਾਨ ਨੂੰ ਹਾਸ਼ੀਏ ਉੱਤੇ ਧੱਕਿਆ। ਤੀਜਾ ਕਾਰਕ, ਚੀਨ ਨੂੰ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੱਕ ਅਮਰੀਕਾ ਦੇ ਹਿੱਸੇਦਾਰ ਵਜੋਂ ਦੇਖਣ ਤੋਂ ਬਾਅਦ ਬੀਜਿੰਗ ਨੂੰ ਵਾਸ਼ਿੰਗਟਨ ਲਈ ਇੱਕ ਚੁਣੌਤੀ ਵਜੋਂ ਪੇਸ਼ ਕਰਦਾ ਹੈ।"

ਮਾਹਰਾਂ ਦਾ ਮੰਨਣਾ ਹੈ ਕਿ ਜੋਅ ਬਾਇਡਨ ਉਨ੍ਹਾਂ ਲੋਕਾਂ ਵਿੱਚੋਂ ਹਨ, ਜਿਨ੍ਹਾਂ ਦੀ ਅਮਰੀਕਾ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਨਿੱਜੀ ਦਿਲਚਸਪੀ ਰਹੀ ਹੈ। ਵਾਸ਼ਿੰਗਟਨ ਡੀ.ਸੀ. ਦੇ ਵਿਲਸਨ ਸੈਂਟਰ ਥਿੰਕ ਟੈਂਕ ਵਿੱਚ ਦੱਖਣੀ ਏਸ਼ੀਆ ਇੰਸਟੀਚਿਊਟ ਦੇ ਡਾਇਰੈਕਟਰ ਮਾਈਕਲ ਕੁਗਲਮੈਨ ਨੇ ਕਿਹਾ, "ਇਹ ਉਹੀ (ਬਾਇਡਨ) ਹਨ, ਜਿਨ੍ਹਾਂ ਨੇ ਇਨ੍ਹਾਂ ਸਬੰਧਾਂ ਨੂੰ 21ਵੀਂ ਸਦੀ ਦੀ ਸਭ ਤੋਂ ਵੱਧ ਅਹਿਮ ਅਮਰੀਕੀ ਭਾਈਵਾਲੀਆਂ ਵਿੱਚੋਂ ਇੱਕ ਕਿਹਾ ਹੈ।"

ਭਾਰਤ-ਅਮਰੀਕਾ ਦਾ ਵਪਾਰ 200 ਬਿਲੀਅਨ ਦੇ ਸਿਖ਼ਰ 'ਤੇ ਪਹੁੰਚਣ ਦੀ ਸੰਭਾਵਨਾ ਹੈ। ਅਮਰੀਕਾ ਭਾਰਤ ਦੇ ਚੋਟੀ ਦੇ ਕਾਰੋਬਾਰੀ ਭਾਈਵਾਲਾਂ ਵਿੱਚੋਂ ਇੱਕ ਹੈ। ਭਾਰਤ ਵੀ ਚੀਨ ਦੇ ਬਦਲ ਵਜੋਂ ਗਲੋਬਲ ਨਿਰਮਾਣ ਧੁਰੇ ਵਜੋਂ ਉਭਰਨ ਲਈ ਕਦਮ ਚੁੱਕ ਰਿਹਾ ਹੈ। ਅਮਰੀਕਾ ਦਾ ਸਹਿਯੋਗ ਇਸ ਵਿੱਚ ਸਭ ਤੋਂ ਅਹਿਮ ਹੈ। ਇਸ ਦਿਸ਼ਾ ਵਿੱਚ ਜਨਵਰੀ 2023 ਵਿੱਚ 'ਕ੍ਰਿਟੀਕਲ ਐਂਡ ਇਮਰਜਿੰਗ ਟੈਕਨੌਲੋਜੀਜ਼' ਬਾਰੇ ਦੋਹਾਂ ਦੇਸਾਂ ਦੀ ਪਹਿਲ ਇੱਕ ਮਹੱਤਵਪੂਰਨ ਕਦਮ ਸੀ, ਜਿਸਦਾ ਮਕਸਦ ਸੀ, "ਦੋਹਾਂ ਦੇਸਾਂ ਦੀਆਂ ਸਰਕਾਰਾਂ, ਕਾਰੋਬਾਰਾਂ ਤੇ ਅਕਾਦਮਿਕ ਸੰਸਥਾਵਾਂ ਵਿਚਕਾਰ ਰਣਨੀਤਕ ਤਕਨੀਕੀ ਭਾਈਵਾਲੀ ਅਤੇ ਰੱਖਿਆ ਉਦਯੋਗਿਕ ਸਹਿਯੋਗ ਨੂੰ ਵਧਾਉਣਾ ਤੇ ਉਸਦਾ ਵਿਸਥਾਰ ਕਰਨਾ।"

ਵਾਸ਼ਿੰਗਟਨ ਵਿੱਚ ਅਲੋਚਕ ਇਹ ਸਵਾਲ ਚੁੱਕ ਰਹੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਵਿੱਚ 'ਲੋਕਤੰਤਰੀ ਨਿਘਾਰ' ਆਇਆ ਹੈ; ਜਦਕਿ ਅਮਰੀਕਾ ਦੀਆਂ ਦੋਵੇਂ ਵੱਡੀਆਂ ਪਾਰਟੀਆਂ ਵਿੱਚ ਇਹ ਸਹਿਮਤੀ ਹੈ ਕਿ ਦੋਹਾਂ ਦੇਸਾਂ ਦੇ ਆਪਸੀ ਸੰਬੰਧਾਂ ਨੂੰ ਹੋਰ ਡੂੰਘਾ ਕੀਤਾ ਜਾਵੇ। ਕਾਰਨ ਇਹ ਹੈ ਕਿ ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਵਧਦੇ ਪ੍ਰਭਾਵ ਦਾ ਮੁਕਾਬਲਾ ਕਰਨ ਦੇ ਨਜ਼ਰੀਏ ਤੋਂ ਦੇਖਿਆ ਜਾਂਦਾ ਹੈ। ਹਾਲਾਂਕਿ ਭਾਰਤ ਦਾ ਨਜ਼ਰੀਆ ਮੁਖ਼ਤਲਿਫ਼ ਹੈ। ਜੋਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਵਿਹਾਰਕ ਅਰਥ ਸ਼ਾਸਤਰ ਦੇ ਪ੍ਰੋਫੈਸਰ ਅਤੇ ਰਾਸ਼ਟਰਪਤੀ ਰੋਨਾਲਡ ਰੀਗਨ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਸਾਬਕਾ ਮੈਂਬਰ ਸਟੀਵ ਐੱਚ. ਹੈਂਕੀ ਦਾ ਕਹਿਣਾ ਹੈ, "ਕੌਮਾਂਤਰੀ ਮੰਚ 'ਤੇ ਹੋਣਾ ਨਾ ਸਿਰਫ਼ ਉਨ੍ਹਾਂ ਲਈ, ਸਗੋਂ ਭਾਰਤ ਲਈ ਵੀ ਚੰਗਾ ਹੈ।"

ਅਮਰੀਕਾ ਨਾਲ ਭਾਰਤ ਦੀ ਸਭ ਤੋਂ ਮਹੱਤਵਪੂਰਨ ਨਾਗਰਿਕ ਪ੍ਰਮਾਣੂ ਸੰਧੀ ਅਕਤੂਬਰ 2008 ਵਿੱਚ ਕੀਤੀ ਗਈ ਸੀ। ਉਹ ਵੀ ਤਤਕਾਲੀ ਰਾਸ਼ਟਰਪਤੀ ਜਾਰਜ ਬੁਸ਼ ਦੇ ਕਾਰਜਕਾਲ ਦੇ ਅਖੀਰਲੇ ਦਿਨ ਸਨ। ਇਸੇ ਤਰ੍ਹਾਂ 2000 ਵਿੱਚ ਰਾਸ਼ਟਰਪਤੀ ਬਿਲ ਕਲਿੰਟਨ ਨੇ ਆਪਣੇ ਦੂਜੇ ਕਾਰਜਕਾਲ ਦੌਰਾਨ ਭਾਰਤ ਦੀ ਇਤਿਹਾਸਕ ਯਾਤਰਾ ਕੀਤੀ, ਜਿਸ ਨਾਲ ਦੁਵੱਲੇ ਸਬੰਧਾਂ ਨੂੰ ਮਜਬੂਤੀ ਮਿਲੀ ਸੀ। ਇਸ ਦੌਰੇ ਨੂੰ ਰਾਹ-ਦਸੇਰਾ ਮੰਨਿਆ ਜਾਂਦਾ ਹੈ, ਕਿਉਂਕਿ ਸਾਲ 1998 ਵਿੱਚ ਭਾਰਤ ਦੇ ਪ੍ਰਮਾਣੂ ਪ੍ਰੀਖਣਾਂ ਤੋਂ ਬਾਅਦ ਸਬੰਧ ਵਿਗੜੇ ਸਨ। ਹਡਸਨ ਇੰਸਟੀਚਿਊਟ ਦੀ ਦੱਖਣੀ ਏਸ਼ੀਆ ਮਾਹਿਰ ਅਪਰਨਾ ਪਾਂਡੇ ਨੇ ਕਿਹਾ ਕਿ ਰਿਸ਼ਤਾ ਦੋ-ਪੱਖੀ ਹੈ ਅਤੇ ਚੋਣ ਨਤੀਜਿਆਂ 'ਤੇ ਨਿਰਭਰ ਨਹੀਂ ਕਰਦਾ ਹੈ।

'ਕੁਆਡ' ਦੀ ਸਥਾਪਨਾ 2004 ਵਿੱਚ ਕੀਤੀ ਗਈ ਸੀ, ਪਰ ਇਹ ਉਦੋਂ ਤੱਕ ਰਫ਼ਤਾਰ ਨਾ ਫੜ ਸਕਿਆ, ਜਦੋਂ ਤੱਕ ਟਰੰਪ ਤੇ ਬਾਇਡਨ ਨੇ ਉਸ ਨੂੰ ਸਿਖ਼ਰ ਸੰਮੇਲਨ ਦੇ ਪੱਧਰ ਤੱਕ ਨਹੀਂ ਪਹੁੰਚਾਇਆ। ਕੁਆਡ ਨੂੰ ਭਾਰਤ, ਅਮਰੀਕਾ, ਜਪਾਨ ਤੇ ਆਸਟਰੇਲੀਆ ਵਿਚਾਲੇ ਸਹਿਯੋਗ ਲਈ ਜਾਣਿਆ ਜਾਂਦਾ ਹੈ; ਪਰ ਇਹ ਵਿਚਾਰ ਵੀ ਉਭਰੇ ਹਨ ਕਿ ਅਜੇ ਤੱਕ ਕੁਆਡ ਮਹੱਤਵਹੀਣ ਹੀ ਰਿਹਾ ਹੈ ਤੇ ਲਗਦਾ ਹੈ ਕਿ ਇਹ ਕੇਵਲ ਚੀਨ ਨੂੰ ਰੋਕਣ ਦੀ ਅਮਰੀਕੀ ਕੋਸ਼ਿਸ਼ ਹੈ। ਕੁਆਡ ਨੇ ਭਾਵੇਂ ਪਹਿਲਾਂ ਰਫ਼ਤਾਰ ਫੜਨ ਵਿੱਚ ਸੰਘਰਸ਼ ਕੀਤਾ, ਪਰ ਜਿਵੇਂ ਹੀ ਚਾਰ ਮੈਂਬਰਾਂ ਦੇ ਚੀਨ ਨਾਲ ਰਿਸ਼ਤੇ ਵਗੜੇ ਹਨ, ਇਸ ਵਿੱਚ ਤਰੱਕੀ ਹੋਈ ਹੈ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਸਾਰਿਆਂ ਦੇ ਇੱਕੋ ਜਿਹੇ ਤਜਰਬਿਆਂ ਕਰਕੇ ਕੁਆਡ ਮੈਂਬਰਾਂ ਵਿੱਚ ਏਕਾ ਹੋਇਆ ਹੈ, ਜਿਸ ਕਰਕੇ ਮਜਬੂਤ ਕਦਮ ਚੁੱਕੇ ਜਾ ਰਹੇ ਹਨ।

**ਸਮਿਟ ਆਫ ਦਿ ਫਿਊਚਰ:** ਸਿਖ਼ਰ ਸੰਮੇਲਨ ਵਿੱਚ ਖਾਸ ਕਰਕੇ ਸੰਯੁਕਤ ਪ੍ਰਤੀ, ਖ਼ਾਸ ਕਰਕੇ ਰਾਸ਼ਟਰ ਰੱਖਿਆ ਕੌਂਸਲ ਪ੍ਰਤੀ ਵਿਆਪਕ ਅਸੰਤੁਸ਼ਟੀ ਦੀ ਝਲਕ ਮਿਲਣੀ ਤੈਅ ਹੈ। ਭਾਰਤ ਖਾਸ ਤੌਰ 'ਤੇ ਇਸ ਆਲਮੀ ਪੰਚਾਇਤ ਵਿੱਚ ਸੁਧਾਰਾਂ ਲਈ ਅਤੇ ਰੱਖਿਆ ਕੌਂਸਲ ਵਿੱਚ ਆਪਣੇ ਸਥਾਈ ਸਥਾਨ ਲਈ ਦਬਾਅ ਬਣਾਏਗਾ। ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਭਵਿੱਖ ਦੇ ਇਸ ਸੰਮੇਲਨ ਵਿੱਚ ਭਾਰਤੀ ਪ੍ਰਧਾਨ ਮੰਤਰੀ ਮੋਦੀ ਦੱਖਣ ਦਾ ਗੀਤ ਗਾਉਣਗੇ, ਇੱਕ ਅਜਿਹਾ ਗੀਤ ਜੋ ਚੀਨ-ਪੱਖੀ ਹੋਵੇਗਾ। ਇੱਕ ਹੋਰ ਮਾਹਰ ਦਾ ਕਹਿਣਾ ਹੈ ਕਿ ਰੱਖਿਆ ਕੌਂਸਲ ਦੇ ਸੁਧਾਰ ਇੱਕ ਲੰਬੀ ਅਤੇ ਪੇਚੀਦਾ ਪ੍ਰਕਿਰਿਆ ਹੈ, ਜੋ ਰਾਤੋ-ਰਾਤ ਨਹੀਂ ਹੋਣ ਵਾਲੇ। ਜਿੱਥੇ ਪੱਛਮ ਇਨ੍ਹਾਂ ਸੁਧਾਰਾਂ ਦੀ ਸਿਧਾਂਤਕ ਹਮਾਇਤ ਕਰ ਰਿਹਾ ਹੈ, ਉੱਥੇ ਅਸਲੀ ਚੁਣੌਤੀ ਤਾਂ ਰੱਖਿਆ ਕੌਂਸਲ ਦੇ ਵੀਟੋ ਧਾਰੀ ਮੈਂਬਰਾਂ ਵਿੱਚ ਸਹਿਮਤੀ ਬਣਾਉਣ ਦੀ ਹੈ। ਇਹ ਦੇਖਣ ਹੋਵੇਗਾ ਕਿ ਉਹ ਕੋਈ ਪੁਖਤਾ ਕਦਮ ਚੁੱਕਣਗੇ ਕਿ ਨਹੀਂ!

# Heartiest Congratulations to

# Rohan Aulakh

## He Won Wauconda High School Student Council President`s Election By Big Margin.




## ਵਕਾਂਡਾ ਹਾਈ ਸਕੂਲ ਦੀ ਸਟੂਡੈਂਟ ਕੌਂਸਲ ਪ੍ਰਧਾਨ ਦੀ ਚੋਣ ਵੱਡੇ ਫਰਕ ਨਾਲ ਜਿੱਤਣ ‘ਤੇ ਰੋਹਨ ਔਲਖ ਨੂੰ ਬਹੁਤ ਬਹੁਤ ਵਧਾਈ

**ਵੱਲੋਂ**

**ਸ. ਬਲਵਿੰਦਰ ਸਿੰਘ (ਬੌਬ) ਸੰਧੂ**
**ਨਾਨਾ ਜੀ**

**ਸ. ਸਤਨਾਮ ਸਿੰਘ ਔਲਖ**
**ਦਾਦਾ ਜੀ**

**ਅਤੇ ਸਮੂਹ ਦਾਦਕਾ-ਨਾਨਕਾ ਪਰਿਵਾਰ (ਸ਼ਿਕਾਗੋ, ਇਲੀਨਾਏ)**

# ਮੱਧ ਪੂਰਬ ਕਲੇਸ਼: ਪੇਜਰ ਬੰਬ ਧਮਾਕਿਆਂ ਨੇ ਦੁਨੀਆਂ ਦੇ ਦੰਦ ਜੋੜੇ

ਪੰਜਾਬੀ ਪਰਵਾਜ਼ ਬਿਊਰੋ

***ਹਿਜ਼ਬੁੱਲਾ ਨੇ ਧਮਾਕਿਆਂ ਲਈ ਇਜ਼ਰਾਇਲ ਨੂੰ ਜ਼ਿੰਮੇਵਾਰ ਠਹਿਰਾਇਆ *ਹੰਗਰੀ ਦੀ ਇੱਕ ਦਲਾਲ ਕੰਪਨੀ ਸ਼ੱਕ ਦੇ ਘੇਰੇ 'ਚ**

ਮੱਧ ਪੂਰਬ ਵਿਚਲੀ ਜੰਗ 'ਚ ਪਿਛਲੇ ਹਫਤੇ ਹੋਏ ਪੇਜਰ ਬੰਬ ਧਮਾਕਿਆਂ ਨੇ ਜੰਗੀ ਹਥਿਆਰਾਂ ਦੀ ਵਰਤੋਂ ਦੇ ਇਤਿਹਾਸ ਵਿੱਚ ਇੱਕ ਨਵਾਂ ਪੰਨਾ ਜੋੜ ਦਿੱਤਾ ਹੈ। ਇਜ਼ਰਾਇਲ ਨੇ ਭਾਵੇਂ ਲੈਬਨਾਨ ਵਿੱਚ ਕਰਵਾਏ ਗਏ ਇਨ੍ਹਾਂ ਬੰਬ ਧਮਾਕਿਆਂ ਦੀ ਜ਼ਿੰਮੇਵਾਰੀ ਨਹੀਂ ਲਈ, ਪਰ ਲੈਬਨਾਨ (ਹਿਜ਼ਬੁੱਲਾ) ਅਤੇ ਇਰਾਨ ਨੇ ਇਹ ਸਿੱਧੇ ਦੋਸ਼ ਲਗਾਏ ਹਨ ਕਿ ਪੇਜਰਾਂ ਅਤੇ ਵਾਕੀਟਾਕੀ ਸੈਟਾਂ ਨੂੰ ਬੰਬਾਂ ਵਿੱਚ ਬਦਲਣ ਦੀ ਇਹ ਕਾਰਵਾਈ ਇਜ਼ਰਾਇਲ ਦੀ ਸ਼ਾਮੂਲੀਅਤ ਤੋਂ ਬਿਨਾ ਨਹੀਂ ਹੋ ਸਕਦੀ; ਜਦਕਿ ਇਜ਼ਰਾਇਲ ਦੇ ਮੁੱਖ ਭਾਈਵਾਲ ਅਮਰੀਕਾ ਨੇ ਇਨ੍ਹਾਂ ਧਮਾਕਿਆਂ ਵਿੱਚ ਸ਼ਾਮੂਲੀਅਤ ਤੋਂ ਸਾਫ ਇਨਕਾਰ ਕੀਤਾ ਹੈ।

ਯਾਦ ਰਹੇ, ਲੈਬਨਾਨ ਦੀ ਇਜ਼ਰਾਇਲ ਨਾਲ ਲਗਦੀ ਸਰਹੱਦ ਅਤੇ ਦੱਖਣੀ ਬੈਰੂਤ ਵਿੱਚ ਹੋਏ ਪੇਜਰ ਬੰਬ ਧਮਾਕਿਆਂ ਤੇ ਇਜ਼ਰਾਇਲ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਵਿੱਚ 37 ਵਿਅਕਤੀ ਮਾਰੇ ਗਏ ਹਨ ਅਤੇ 3300 ਦੇ ਕਰੀਬ ਜ਼ਖਮੀ ਹੋ ਗਏ ਹਨ। ਇਸ ਕਾਰਵਾਈ ਵਿੱਚ ਹਿਜ਼ਬੁੱਲਾ ਦੇ ਦੋ ਸੀਨੀਅਰ ਕਮਾਂਡਰਾਂ ਅਤੇ ਅਨੇਕਾਂ ਵਰਕਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਲੋਕ ਵੀ ਮਾਰੇ ਗਏ ਹਨ ਅਤੇ ਸੈਕੜਿਆਂ ਦੀ ਗਿਣਤੀ ਵਿੱਚ ਜ਼ਖਮੀ ਹੋਏ ਹਨ। ਇਸ ਤੋਂ ਇਲਾਵਾ ਸੀਰੀਆ ਵਿੱਚ ਵੀ ਹਿਜ਼ਬੁੱਲਾ ਦੇ ਕਾਰਕੁੰਨਾਂ ਨੂੰ ਨਿਸ਼ਾਨੇ 'ਤੇ ਰੱਖ ਕੇ ਪੇਜਰ ਧਮਾਕੇ ਕੀਤੇ ਗਏ ਹਨ। ਵੈਸੇ ਵੀ ਜਿਸ ਸਮੇਂ ਇਹ ਧਮਾਕੇ ਕੀਤੇ ਗਏ ਹਨ, ਉਸ ਦੇ ਨਾਲ ਹੀ ਇਜ਼ਰਾਇਲ ਵੱਲੋਂ ਲੈਬਨਾਨ ਦੀ ਰਾਜਧਾਨੀ ਦੇ ਦੱਖਣੀ ਨੀਮ ਸ਼ਹਿਰੀ ਇਲਾਕਿਆਂ ਵਿੱਚ ਹਵਾਈ ਹਮਲੇ ਵੀ ਕੀਤੇ ਗਏ। ਇਨ੍ਹਾਂ ਹਮਲਿਆਂ ਵਿੱਚ ਲੈਬਨਾਨ ਆਧਾਰਤ ਇੱਕ ਹਥਿਆਰਬੰਦ ਗਰੁੱਪ 'ਹਿਜ਼ਬੁੱਲਾ' ਦਾ ਸੀਨੀਅਰ ਕਮਾਂਡਰ ਅਹਿਮਦ ਮਹਿਮੂਦ ਵਹਾਬੀ ਮਾਰਿਆ ਗਿਆ ਹੈ। ਇਸ ਤੋਂ ਇਲਾਵਾ ਹਿਜ਼ਬੁੱਲਾ ਐਲੀਟ ਫੌਜੀ ਫੋਰਸ ਦਾ ਮੁਖੀ ਇਬਰਾਹੀਮ ਅਕੀਲ ਵੀ ਮਾਰਿਆ ਗਿਆ ਦੱਸਿਆ ਜਾਂਦਾ ਹੈ। ਬੈਰੂਤ ਵਿੱਚ ਅਮਰੀਕਾ ਦੀ ਅੰਬੈਸੀ ਵਿੱਚ ਹੋਏ ਬੰਬ ਧਮਾਕਿਆਂ ਲਈ ਵੀ ਉਹ ਜ਼ਿੰਮੇਵਾਰ ਮੰਨਿਆ ਜਾਂਦਾ ਸੀ। ਅਮਰੀਕਾ ਵੱਲੋਂ ਉਸ ਸੰਬੰਧੀ ਸੂਚਨਾ ਦੇਣ ਵਾਲੇ ਨੂੰ 7 ਮਿਲੀਅਨ ਡਾਲਰ ਇਨਾਮ ਵਜੋਂ ਦੇਣ ਦਾ ਐਲਾਨ ਕੀਤਾ ਗਿਆ ਸੀ। ਇਹ ਦੋਨੋ ਹਿਜ਼ਬੁੱਲ ਕਮਾਂਡਰ ਇਜ਼ਰਾਇਲ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਵਿੱਚ ਮਾਰੇ ਗਏ ਹਨ। ਲੈਬਨਾਨ ਦੇ ਸਿਹਤ ਮੰਤਰੀ ਫ਼ਰਾਸ ਅਬਿਆਦ ਅਨੁਸਾਰ ਇਨ੍ਹਾਂ ਹਮਲਿਆਂ ਵਿੱਚ ਕਈ ਛੋਟੇ-ਛੋਟੇ ਬੱਚੇ ਵੀ ਮਾਰੇ ਗਏ ਹਨ। ਉਨ੍ਹਾਂ ਕਿਹਾ ਕਿ ਦੱਖਣੀ ਬੈਰੂਤ ਵਿੱਚ ਸਥਿਤ ਹਿਜ਼ਬੁੱਲਾ ਕਮਾਂਡਰਾਂ ਦੇ ਰਿਹਾਇਸ਼ੀ ਘਰਾਂ ਅਤੇ ਕੰਮਕਾਜ਼ੀ ਇਲਾਕਿਆਂ ਨੂੰ ਨਿਸ਼ਾਨੇ ਬਣਾ ਕੇ ਇਹ ਹਵਾਈ ਹਮਲੇ ਕੀਤੇ ਗਏ ਹਨ। ਇਸ ਦੇ ਨਾਲ-ਨਾਲ ਜ਼ਮੀਨੀ ਜੰਗ ਵਿੱਚ ਇੱਕ ਨਵਾਂ ਆਯਾਮ ਜੋੜਦਿਆਂ ਪੇਜਰ ਧਮਾਕੇ ਕਰਵਾ ਕੇ ਇਜ਼ਰਾਇਲ ਨੇ ਹਿਜ਼ਬੁੱਲਾ ਦੇ ਕਈ ਕਮਾਂਡਰ ਮਾਰ ਦਿੱਤੇ ਹਨ। ਇਸ ਕਾਰਵਾਈ ਨੇ ਦੁਨੀਆਂ ਦੀਆਂ ਫੌਜੀ ਤਕਨੀਕ ਦੇ ਮਾਹਿਰਾਂ ਦੇ ਵੀ ਦੰਦ ਜੋੜ ਦਿੱਤੇ ਹਨ।

ਧਮਾਕਿਆਂ ਤੋਂ ਬਾਅਦ ਸੰਯੁਕਤ ਰਾਸ਼ਟਰ ਸਿਕਿਉਰਿਟੀ ਕੌਂਸਲ ਨੇ ਹਾਲਾਤ ਦਾ ਜਾਇਜ਼ਾ ਲੈਣ ਲਈ ਇੱਕ ਮੀਟਿੰਗ ਬੁਲਾਈ, ਜਿਸ ਵਿੱਚ ਇਜ਼ਰਾਇਲੀ ਨੁਮਾਇੰਦੇ ਨੇ ਪੇਜਰ ਧਮਾਕਿਆਂ ਵਿੱਚ ਸ਼ਮੂਲੀਅਤ ਬਾਰੇ ਭਾਵੇਂ ਕੁਝ ਨਹੀਂ ਕਿਹਾ, ਪਰ ਉਹ ਹਿਜ਼ਬੁੱਲਾ ਦੀ ਕਾਰਵਾਈਆਂ ਨੂੰ ਆਧਾਰ ਬਣਾ ਕੇ ਪੇਜਰ ਹਮਲਿਆਂ ਨੂੰ ਡਿਫੈਂਡ ਕਰਦੇ ਨਜ਼ਰ ਆਏ, ਜਦੋਂਕਿ ਲੈਬਨਾਨ ਦੇ ਨੁਮਾਇੰਦੇ ਨੇ ਇਨ੍ਹਾਂ ਧਮਾਕਿਆਂ ਨੂੰ 'ਜੰਗੀ ਜ਼ੁਰਮ' ਕਿਹਾ। ਉਨ੍ਹਾਂ ਕਿਹਾ ਕਿ ਇਨ੍ਹਾਂ ਹਮਲਿਆਂ ਨਾਲ ਇਜ਼ਰਾਇਲ ਨੇ ਜੰਗ ਬਾਰੇ ਸਾਰੇ ਕੌਮਾਂਤਰੀ ਕਾਨੂੰਨਾਂ ਅਤੇ ਅਸੂਲਾਂ ਨੂੰ ਛਿੱਕੇ ਟੰਗ ਦਿੱਤਾ ਹੈ। ਉਸ ਨੇ ਸਿੱਧੇ ਤੌਰ 'ਤੇ ਲੈਬਨਾਨ ਦੇ ਆਮ ਲੋਕਾਂ, ਔਰਤਾਂ, ਬੱਚਿਆਂ ਅਤੇ ਬੁੱਢਿਆਂ ਨੂੰ ਨਿਸ਼ਾਨਾ ਬਣਾਇਆ ਹੈ। ਸੰਪਰਕ ਯੰਤਰਾਂ (ਪੇਜਰ ਅਤੇ ਵਾਕੀਟਾਕੀ ਸੈਟ) ਨੂੰ ਧਮਾਕਾ ਖੇਜ ਸਮਗਰੀ ਬਣਾ ਕੇ ਕੌਮਾਂਤਰੀ ਜੰਗੀ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਭਾਵੇਂ ਸੁਰੱਖਿਆ ਕੌਂਸਲ ਦੇ ਬਹੁਤੇ ਮੈਂਬਰਾਂ ਵੱਲੋਂ ਕਮਿਉਨੀਕੇਸ਼ਨ ਦੇ ਆਮ ਜਨਤਕ ਸੰਦਾਂ ਨੂੰ ਧਮਾਕਾ ਖੇਜ ਸਮਗਰੀ ਵਿੱਚ ਬਦਲ ਦੇਣ ਅਤੇ ਇਨ੍ਹਾਂ ਰਾਹੀਂ ਹਜ਼ਾਰਾਂ ਲੋਕਾਂ ਨੂੰ ਮਾਰ ਦੇਣ ਦੀ ਨਿੰਦਿਆ ਕੀਤੀ ਗਈ, ਪਰ ਮੀਟਿੰਗ ਜੰਗ ਨੂੰ ਰੋਕਣ ਲਈ ਕਿਸੇ ਠੋਸ ਭੂਮਿਕਾ ਬਾਰੇ ਫੈਸਲਾ ਕਰੇ ਤੋਂ ਬਿਨਾ ਹੀ ਉਠ ਗਈ।



ਯਾਦ ਰਹੇ, 1990 ਦੇ ਇਰਦ-ਗਿਰਦ ਜਦੋਂ ਮੋਬਾਈਲ ਦਾ ਏਡੀ ਵੱਡੀ ਪੱਧਰ 'ਤੇ ਪਸਾਰਾ ਨਹੀਂ ਸੀ ਹੋਇਆ ਤਾਂ ਸ਼ੁਕੀਨ ਕਾਰੋਬਾਰੀ ਟੈਕਸਟ ਮੈਸੇਜ ਭੇਜਣ ਵਾਲਾ ਇੱਕ ਡਿਵਾਈਸ (ਸੰਦ) ਲੱਕ ਨਾਲ ਬੰਨ੍ਹ ਕੇ ਰੱਖਿਆ ਕਰਦੇ ਸਨ, ਜਿਸ ਨੂੰ ਪੇਜਰ ਕਿਹਾ ਜਾਂਦਾ ਸੀ। ਮੋਬਾਈਲ ਦੀ ਵਿਆਪਕ ਆਮਦ ਅਤੇ ਇਹਦੇ ਵਿੱਚ ਨਵੀਆਂ-ਨਵੀਆਂ ਸਹੂਲਤਾਂ ਜੁੜਨ ਕਾਰਨ ਬਾਜ਼ਾਰ ਵਿੱਚੋਂ ਪੇਜਰ ਲਗਪਗ ਗਾਇਬ ਹੀ ਹੋ ਗਿਆ ਸੀ, ਪਰ ਇਸ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਤੋਂ ਹੀਂ ਮੋਬਾਈਲ ਤੋਂ ਅੱਕੇ ਲੋਕਾਂ ਲਈ ਪੇਜਰ ਮੁੜ ਆਸਰਾ ਬਣ ਗਿਆ। ਇਸ ਦੀ ਪੈਦਾਵਾਰ ਅਤੇ ਵਿੱਕਰੀ ਵਧਣ ਲੱਗੀ। ਤਾਈਵਾਨ ਪੇਜਰ ਬਣਾਉਣ ਵਾਲਾ ਇੱਕ ਪ੍ਰਮੁੱਖ ਮੁਲਕ ਹੈ। ਜਿਨ੍ਹਾਂ ਪੇਜਰਾਂ ਵਿੱਚ ਧਮਾਕੇ ਹੋਏ ਹਨ, ਇਹ ਵੀ ਇੱਕ ਤਾਈਵਾਨੀ ਕੰਪਨੀ 'ਗੋਲਡ ਐਪੋਲੋ' ਵੱਲੋਂ ਹੀ ਬਣਾਏ ਗਏ ਸਨ। ਇਸ ਲਈ ਵਿਚੋਲਗੀ ਕਰਨ ਵਾਲੀ ਕੰਪਨੀ ਹੰਗਰੀ ਨਾਲ ਸੰਬੰਧਤ ਹੈ। ਇਸ ਹੰਗੇਰੀਅਨ ਕੰਪਨੀ ਦੀ ਚੀਫ ਐਗਜ਼ੈਕਟਿਵ ਅਫਸਰ ਇੱਕ 49 ਸਾਲਾਂ ਦੀ ਔਰਤ ਕਰਿਸਟੀਆਨਾ ਬਾਰਸੋਨੀ ਐਰਸੀਆਡੋਨੇ, ਪਾਰਟੀਕਲ ਫਿਜ਼ਿਕਸ ਵਿੱਚ ਪੀਐਚ.ਡੀ. ਹੈ। ਪੇਜਰ ਧਮਾਕਿਆਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਪੱਛਮ ਦੀਆਂ ਕੁਝ ਪ੍ਰਮੁੱਖ ਖ਼ਬਰ ਏਜੰਸੀਆਂ ਵੱਲੋਂ ਇਸ ਔਰਤ ਤੱਕ ਪਹੁੰਚ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਇਹ ਪੇਜਰ ਉਸ ਨੇ ਨਹੀਂ ਬਣਾਏ, ਉਹਨੇ ਤਾਂ ਸਿਰਫ ਵਿਚੋਲਗੀ ਕੀਤੀ ਹੈ। ਬਾਰਸੋਨੀ ਨੇ ਕਿਹਾ, 'ਆਈ ਐਮ ਜਸਟ ਇੰਟਰਮੀਡੀਏਟਰ, ਯੂ ਗੌਟ ਇਟ ਰੌਂਗ।' ਆਪਣੇ ਇਸ ਬਿਆਨ ਤੋਂ ਪਿਛੋਂ ਇਹ ਔਰਤ ਲਾਪਤਾ ਹੈ ਅਤੇ ਕਿਸੇ ਫੋਨ ਕਾਲ ਜਾਂ ਟੈਕਸਟ ਮੈਸੇਜ ਦਾ ਜਵਾਬ ਨਹੀਂ ਦੇ ਰਹੀ। ਹਰ ਥਾਂ ਤੋਂ ਨੌਕਰੀਆਂ ਨੂੰ ਸਮੇਂ ਤੋਂ ਪਹਿਲਾਂ ਲੱਤ ਮਾਰ ਜਾਣ ਵਾਲੀ ਇਹ ਬੇਚੈਨ ਔਰਤ ਹੰਗਰੀ ਦੀ ਰਾਜਧਾਨੀ ਬੁਡਾਪੈਸਟ ਵਿੱਚ ਰਹਿੰਦੀ ਹੈ ਤੇ ਇਸ ਦੀ ਕੰਪਨੀ ਦਾ ਦਫਤਰ ਵੀ ਇੱਥੇ ਹੀ ਹੈ। ਹੁਣ ਇਸ ਦੇ ਘਰ ਤੇ ਦਫਤਰ ਬੰਦ ਹਨ। ਹੰਗਰੀ ਦੀ ਸਰਕਾਰੀ ਖ਼ੁਫੀਆ ਏਜੰਸੀ ਨੇ ਕਿਹਾ ਕਿ ਬੀਤੇ ਐਤਵਾਰ ਉਸ ਦੇ ਅਫਸਰਾਂ ਨੇ ਬਾਰਸੋਨੀ ਨਾਲ ਕਈ ਮੁਲਾਕਾਤਾਂ ਕੀਤੀਆਂ ਹਨ। ਹੰਗਰੀ ਸਰਕਾਰ ਅਨੁਸਾਰ ਬਾਰਸੋਨੀ ਦੀ ਕੰਪਨੀ 'ਟਰੇਡਿੰਗ ਇੰਟਰਮੀਡੀਅਰੀ' (ਵਪਾਰਕ ਵਿਚੋਲਗੀ) ਕੰਪਨੀ ਹੈ। ਹੰਗਰੀ ਵਿੱਚ ਇਸ ਦਾ ਕੋਈ ਪ੍ਰੋਡਕਸ਼ਨ ਕੇਂਦਰ ਨਹੀਂ ਹੈ।

ਬਾਰਸੋਨੀ ਨਾਲ ਕੰਮ ਕਰਨ ਵਾਲੇ ਲੋਕਾਂ ਅਨੁਸਾਰ ਵੇਖਣ ਨੂੰ ਇਹ ਔਰਤ ਬੇਹੱਦ ਜ਼ਹੀਨ ਅਤੇ ਚੰਗੀ ਨੀਅਤ ਦੀ ਮਾਲਕ ਦਿਸਦੀ ਹੈ। ਕੁਝ ਨਵਾਂ ਕਰਨ ਲਈ ਹਰ ਵਕਤ ਤਿਆਰ ਰਹਿੰਦੀ ਹੈ। ਬਾਰਸੋਨੀ ਨੂੰ ਆਪਣੇ ਇੱਕ ਸਮਾਜ ਸੇਵੀ ਪ੍ਰਜੈਕਟ ਲਈ ਨੌਕਰੀ 'ਤੇ ਰੱਖਣ ਵਾਲੀ ਯੂਨਾਈਟਿਡ ਨੇਸ਼ਨ ਪ੍ਰਸ਼ਾਸਕ ਕਲਿਆਨ ਕਲਿੰਸ਼ਪਿਤ ਨੇ ਕਿਹਾ ਕਿ 'ਉਸ ਨੂੰ ਨੌਕਰੀ 'ਤੇ ਰੱਖ ਕੇ ਮੈਂ ਗਲਤੀ ਕੀਤੀ। ਉਹ ਆਪਣਾ ਕੰਟਰੈਕਟ ਪੂਰਾ ਕਰਨ ਤੋਂ ਪਹਿਲਾਂ ਹੀ ਨੌਕਰੀ ਛੱਡ ਗਈ ਸੀ।'

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਹਮਾਸ ਦੇ ਲੜਾਕਿਆਂ ਨੇ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਇਲ ਦੇ ਅੰਦਰ ਦਾਖਲ ਹੋ ਕੇ ਇੱਕ ਮੇਲੇ ਵਰਗੇ ਮਾਹੌਲ 'ਤੇ ਹਮਲਾ ਕਰ ਦਿੱਤਾ ਸੀ ਅਤੇ ਇਸ ਦੌਰਾਨ 150 ਤੋਂ ਵੱਧ ਲੋਕ ਹਮਾਸ ਵੱਲੋਂ ਬੰਦੀ ਬਣਾ ਲਏ ਗਏ ਸਨ। ਇੱਕ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ ਅਤੇ ਅਨੇਕਾਂ ਜ਼ਖਮੀ ਹੋਏ ਸਨ। ਇਨ੍ਹਾਂ ਵਿੱਚੋਂ ਕੁਝ ਨੂੰ ਤਾਂ ਇੱਕ ਸਮਝੌਤੇ ਤਹਿਤ ਰਿਹਾਅ ਕਰ ਦਿੱਤਾ ਗਿਆ ਅਤੇ ਕੁਝ ਨੂੰ ਵਕਤ-ਬਾ-ਵਕਤ ਹਮਾਸ ਵੱਲੋਂ ਮਾਰ ਦਿੱਤਾ ਗਿਆ। ਸੌ ਦੇ ਕਰੀਬ ਲੋਕ ਹਾਲੇ ਵੀ ਹਮਾਸ ਦੀ ਹਿਰਾਸਤ ਵਿੱਚ ਹਨ। ਇਸ ਘਟਨਾ ਪਿੱਛੋਂ ਇਜ਼ਰਾਇਲ ਵੱਲੋਂ ਗਾਜਾ ਪੱਟੀ ਵਿੱਚ ਹਮਾਸ ਦੇ ਲੜਾਕਿਆਂ ਖਿਲਾਫ ਸ਼ੁਰੂ ਕੀਤੀ ਗਈ ਲੜਾਈ ਵਿੱਚ 40,000 ਤੋਂ ਵੱਧ ਲੋਕ ਮਾਰੇ ਗਏ। ਇਸ ਤੋਂ ਕਿਧਰੇ ਜ਼ਿਆਦਾ ਜ਼ਖਮੀ ਹੋਏ ਹਨ। ਇਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ, ਬੱਚੇ, ਬੁੱਢੇ ਅਤੇ ਬਿਮਾਰ ਵਿਅਕਤੀ ਸ਼ਾਮਲ। ਕਤਰ, ਮਿਸਰ ਅਤੇ ਸੀਰੀਆ ਵੱਲੋਂ ਲਗਾਤਾਰ ਕੀਤੇ ਗਏ ਯਤਨਾਂ ਦੇ ਬਾਵਜੂਦ ਇਹ ਜੰਗ ਕਿਸੇ ਸਿਰੇ ਲਗਦੀ ਵਿਖਾਈ ਨਹੀਂ ਦੇ ਰਹੀ। ਇਜ਼ਰਾਇਲ ਦੀ ਫੌਜ ਨੂੰ ਭੁਲੇਖਾ ਸੀ ਕਿ ਸਮੁੰਦਰੀ ਕੰਢੇ ਨਾਲ ਲਗਦੇ ਇੱਕ ਛੋਟੇ ਜਿਹੇ ਇਲਾਕੇ 'ਗਾਜ਼ਾ ਪੱਟੀ' ਵਿੱਚ ਉਹ ਬੱਸ ਗਏ ਤੇ ਆਏ; ਪਰ ਇਸ ਖੇਤਰ ਅਤੇ ਆਲੇ-ਦੁਆਲੇ ਦੇ ਮੁਲਕਾਂ ਵਿੱਚ ਡੂੰਘੀਆਂ ਜੜਾਂ ਪਸਾਰ ਚੁੱਕੀ 'ਹਮਾਸ' ਕੋਲੋਂ ਉਹ ਆਪਣੇ 150 ਬੰਦਿਆਂ ਦੀ ਰਿਹਾਈ ਵੀ ਸੰਪੂਰਨ ਨਹੀਂ ਕਰਵਾ ਸਕੀ। ਇਸੇ ਦਰਮਿਆਨ ਲੜਾਈ ਦਾ ਹਿਜ਼ਬੁੱਲਾ ਦੇ ਖਿਲਾਫ ਜ਼ੋਰ ਵਧ ਗਿਆ ਹੈ। ਇਸ ਤਰ੍ਹਾਂ ਇਜ਼ਰਾਇਲ ਖੁਦ ਆਪ ਹੀ ਲੜਾਈ ਦਾ ਘੇਰਾ ਵੱਡਾ ਕਰਨ ਦੇ ਰਾਹ ਪੈ ਗਿਆ ਹੈ।

## ਜਥੇਦਾਰ ਟੌਹੜਾ ਦੀ ਵਿਰਾਸਤ ਲਈ ਅਕਾਲੀ ਧੜਿਆਂ 'ਚ ਸੰਘਰਸ਼

ਹਨ, ਪਰ ਇਨ੍ਹਾਂ ਨੂੰ ਮੁੜ ਕੇ ਖੜ੍ਹਾ ਕਰਨਾ ਹਾਰੀ-ਸਾਰੀ ਦਾ ਕੰਮ ਨਹੀਂ। ਇਹ ਕੁੱਝ ਖਾਸ ਇਤਿਹਾਸਕ ਪਲਾਂ ਵਿੱਚ ਜਨਮ ਲੈਂਦੀਆਂ ਹਨ ਅਤੇ ਫਿਰ ਯੋਗ ਲੀਡਰਸ਼ਿਪ ਦੀ ਅਗਵਾਈ ਵਿੱਚ ਕਾਇਮ ਰੱਖੀਆਂ ਜਾਂਦੀਆਂ ਹਨ।

ਉਨ੍ਹੀਵੀਂ ਸਦੀ ਦੇ ਅੰਤਿਮ ਦਹਾਕਿਆਂ ਵਿੱਚ ਸਿੰਘ ਸਭਾ ਲਹਿਰ ਨੇ ਸਿੱਖ ਸਮਾਜ ਅਤੇ ਵਿਚਾਰ ਦੇ ਪੁਨਰ ਉਥਾਨ ਲਈ ਵੱਡਾ ਹੰਭਲਾ ਮਾਰਿਆ ਸੀ। ਇਸ ਸਮੇਂ ਹਿੰਦੁਸਤਾਨ ਅੰਗਰੇਜ਼ ਹਕੂਮਤ ਦੇ ਅਧੀਨ ਸੀ ਅਤੇ ਉਨ੍ਹਾਂ ਤੋਂ ਮੁਕਤੀ ਦਾ ਸੰਘਰਸ਼ ਕਰਵਟ ਲੈ ਰਿਹਾ ਸੀ। ਇਸ ਦੌਰਾਨ ਸਿੱਖਾਂ ਵੱਲੋਂ ਆਪਣੇ ਮੁੜ ਉਭਾਰ ਲਈ ਸਿੰਘ ਸਭਾ, ਮੁਸਲਮਾਨਾਂ ਵੱਲੋਂ ਮੁਸਲਿਮ ਲੀਗ, ਹਿੰਦੂਆਂ ਵੱਲੋਂ ਹਿੰਦੂ ਮਹਾਂ ਸਭਾ ਅਤੇ ਆਰੀਆ ਸਮਾਜ ਆਦਿ ਦੀ ਸਥਾਪਨਾ ਕੀਤੀ ਗਈ। ਮੁੱਖ ਰੂਪ ਵਿੱਚ ਹਿੰਦੂ ਪੁਨਰ ਉਥਾਨ ਦੀ ਧਾਰਾ ਵਿੱਚੋਂ ਕਾਂਗਰਸ ਪਾਰਟੀ ਨੇ ਜਨਮ ਲਿਆ, ਜਿਸ ਦੀ ਮੁਢਲੇ ਦੌਰ ਦੀ ਪਹੁੰਚ ਲਿਬਰਲ ਸੀ। ਮਸਲਿਮ ਲੀਗ ਆਪਣਾ ਅਲੱਗ ਮੁਲਕ 'ਪਾਕਿਸਤਾਨ' ਬਣਾ ਗਈ।

ਸਿੰਘ ਸਭਾ ਲਹਿਰ ਨੇ ਅਗਾਂਹ ਜਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਨਮ ਦਿੱਤਾ ਅਤੇ ਫਿਰ ਇਸ ਵਿੱਚੋਂ ਅਕਾਲੀ ਦਲ ਦਾ ਜਨਮ ਹੋਇਆ। ਹਿੰਦੋਸਤਾਨ ਵਿੱਚ ਅੰਗਰੇਜ਼ ਗੁਲਾਮੀ ਦੀ ਚੇਤਨਾ ਵਿੱਚੋਂ ਹੀ ਸਾਰੇ ਧਰਮਾਂ ਅਤੇ ਲੋਕਾਂ ਵਿੱਚ ਆਪੋ-ਆਪਣੇ ਪੁਨਰ ਉਥਾਨ ਦਾ ਦੌਰ ਚੱਲਿਆ ਅਤੇ ਇਨ੍ਹਾਂ ਇਤਿਹਾਸਕ ਹਾਲਤਾਂ ਵਿੱਚੋਂ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀਆਂ ਸੰਸਥਾਵਾਂ ਨੇ ਆਪਣਾ ਰੂਪ-ਸਰੂਪ ਅਖਤਿਆਰ ਕੀਤਾ। ਇਨ੍ਹਾਂ ਸੰਸਥਾਵਾਂ ਦੀ ਬਦੌਲਤ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ) ਹੀ ਵੱਖ-ਵੱਖ ਸਿੱਖ ਧਾਰਮਿਕ ਜਾਂ ਸਿਆਸੀ ਆਗੂ ਉਭਰੇ, ਜਿਨ੍ਹਾਂ ਵਿੱਚੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ 1947ਵਿਆਂ ਤੋਂ ਬਾਅਦ ਦੂਜੀ ਪੀੜ੍ਹੀ ਦੇ ਆਗੂ ਸਨ। ਇਹ ਸਮਝਣ ਦੀ ਲੋੜ ਹੈ ਕਿ ਸਿੱਖ ਸਮਾਜ ਦਾ ਕੇਂਦਰ (ਕੋਰ) ਜਿੱਥੇ ਸਮਝੌਤਾ ਪ੍ਰਸਤ ਨਹੀਂ ਹੋ ਸਕਦਾ, ਸਿੱਖ ਸਿਆਸਤ (ਬਾਹਰਲੀ ਪਰਤ) ਉਥੇ ਸਮਝੌਤਾ ਰਹਿਤ ਨਹੀਂ ਹੋ ਸਕਦੀ। ਵੱਖ-ਵੱਖ ਸਮਿਆਂ 'ਤੇ ਵਿਚਰੇ ਸਿੱਖ ਲੀਡਰਾਂ ਦਾ ਅਸੀਂ ਇਸ ਪ੍ਰਸੰਗ ਵਿੱਚ ਹੀ ਵਿਸ਼ਲੇਸ਼ਣ ਕਰ ਸਕਦੇ ਹਾਂ। ਜਿੱਥੋਂ ਤੱਕ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਸਵਾਲ ਹੈ, ਥੋੜ੍ਹੀ ਬਹੁਤੀ ਭਟਕਣ ਤੋਂ ਬਿਨਾ ਉਹ ਸਿੱਖ ਆਦਰਸ਼ (ਕੋਰ) ਦੇ ਨੇੜੇ ਰਹੇ, ਜਦੋਂਕਿ ਪ੍ਰਕਾਸ਼ ਸਿੰਘ ਬਾਦਲ ਇਸ ਦੀ ਅੱਤਿ ਲਿਬਰਲ ਧਿਰ ਦੀ ਨੁਮਾਇੰਦਗੀ ਕਰਦੇ ਰਹੇ; ਪਰ ਉਨ੍ਹਾਂ ਦੇ ਆਖਰੀ ਦੌਰ ਦਾ ਅੱਤਿ ਦਾ (ਐਕਸਟਰੀਮ) ਲਿਬਰਲਇਜ਼ਮ ਸਿੱਖ ਸਮਾਜ ਦੀ ਕੋਰ ਨੂੰ ਭੰਗ ਕਰਨ ਵਾਲਾ ਸੀ। ਇਸ ਤੋਂ ਇਲਾਵਾ ਇੱਕ ਗਲਤੀ ਦੋਹਾਂ ਨੇ ਕੀਤੀ, ਅਗਲੀ ਪੀੜ੍ਹੀ ਦੀ ਲੀਡਰਸ਼ਿੱਪ ਤਿਆਰ ਕਰਨ ਵੱਲ ਧਿਆਨ ਨਹੀਂ ਦਿੱਤਾ। ਆਪੇ ਬੋਹੜ ਬਣ ਗਏ। ਮਹਾਰਾਜਾ ਰਣਜੀਤ ਸਿੰਘ ਨੇ ਵੀ ਇਹੋ ਗਲਤੀ ਕੀਤੀ ਸੀ।

### *ਇੱਕ ਕੁਟੇਸ਼ਨ*

**ਸੰਤ ਜਰਨੈਲ ਸਿੰਘ ਦੀ ਜਥੇਦਾਰ ਟੌਹੜਾ ਬਾਰੇ ਪਹੁੰਚ:** ਅਖਬਾਰ 'ਜੱਗ ਬਾਣੀ' ਦੇ ਇੱਕ ਸੰਪਾਦਕੀ ਵਿੱਚ ਲਾਲਾ ਜਗਤ ਨਰੈਣ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਉਨ੍ਹਾਂ ਦੀ ਅਮਰੀਕਾ ਫੇਰੀ ਨੂੰ 'ਦੇਸ ਨਾਲ ਗੱਦਾਰੀ' ਦਾ ਨਾਂ ਦੇ ਕੇ ਕਿਹਾ ਸੀ ਕਿ ਇਹ 'ਦੇਸ਼ ਧ੍ਰੋਹੀ' ਹਨ। ਸਵੇਰੇ ਸਵੇਰੇ ਸੰਤਾਂ ਨੇ ਉਚੀ ਆਵਾਜ਼ ਵਿੱਚ ਆਪਣੇ ਸੇਵਕਾਂ ਨੂੰ ਬੁਲਾਇਆ ਤੇ ਕਹਿਣ ਲੱਗੇ, "ਉਹ ਆਹ ਪੜ੍ਹਿਆ ਕਿਸੇ ਨੇ?" ਤੇ ਇਹ ਵੇਖ ਕੇ ਕਿ ਇਸ ਗੱਲ ਦਾ ਕਿਸੇ ਨੂੰ ਪਤਾ ਹੀ ਨਹੀਂ, ਉਥੇ ਹਾਜ਼ਰ ਇੱਕ ਸੱਜਣ ਨੂੰ ਇਸ ਨੂੰ ਪੜ੍ਹ ਕੇ ਸਭ ਨੂੰ ਸੁਣਾਉਣ ਲਈ ਕਿਹਾ।

ਆਪਣੇ ਧਾਰਮਿਕ ਆਗੂਆਂ ਲਈ ਗੱਦਾਰੀ ਦਾ ਅੱਖਰ ਸੁਣ ਕੇ ਸਭ ਨੇ ਬੁਰਾ ਮਨਾਇਆ। ਕਿਸੇ ਨੇ ਵਿੱਚੋਂ ਕਿਹਾ, "ਸਾਡੇ ਲਈ ਕੀ ਹੁਕਮ ਹੈ ਜੀ?" ਸੰਤ ਬੋਲੇ, "ਪਿਉ ਦੀ ਪੱਗ ਲਹਿ'ਜੇ ਤੇ ਕੌਮ ਦੀ ਅਣਖ ਰੁਲ ਜੇ, ਤੁਸੀਂ ਹੁਕਮ ਪੁੱਛਦੇ ਹੋ?" ਥੋੜ੍ਹੇ ਦਿਨਾਂ ਬਾਅਦ ਅਖ਼ਬਾਰ ਵਿੱਚ ਲਾਲਾ ਜਗਤ ਨਰਾਇਣ ਦੀ ਮੌਤ ਦੀ ਖਬਰ ਛਪ ਗਈ।

*(ਪੱਤਰਕਾਰ ਦਲਬੀਰ ਸਿੰਘ ਦੀ ਕਿਤਾਬ, "ਅੱਖੀਂ ਡਿੱਠੇ ਸੰਤ ਭਿੰਡਰਾਂਵਾਲੇ" ਵਿਚੋਂ)*

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਮਨਮਿੰਦਰ ਸਿੰਘ ਹੀਰ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਸੰਨੀ ਧੂੜ (ਮਿਸ਼ੀਗਨ)
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ

**Prepare for Tomorrow Now With Comprehensive Retirement Planning**

■Annuities ■Life Insurance ■Long-Term Care ■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com


FUTURITY FIRST
Retirement | Life | Health

**Futurity First Insurance Group**



**DIABETIC LIMB SALVAGE AND MAJOR AMPUTATION PREVENTION**

Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

**He has over 30 years of surgical experience**
HINDI, PUNJABI, ENGLISH AND SPANISH

Bunions, sports medicine, Pediatric foot deformity, ingrown toenails, warts and Diabetic Limb Salvage

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

**847-310-1600**

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169



'ਪੰਜਾਬੀ ਪਰਵਾਜ਼' ਵਿੱਚ ਇਸ਼ਤਿਹਾਰ ਲਵਾਉਣ ਲਈ ਹੇਠ ਲਿਖੇ ਫੋਨ ਨੰਬਰਾਂ ਉਤੇ ਸੰਪਰਕ ਕਰੋ:
224-386-4548
847-454-4062






17115 W. Bluemound Rd, Suite D1, Brookfield, WI 53005

**We Do Catering**

ਅਸੀਂ ਕੇਟਰਿੰਗ ਵੀ ਕਰਦੇ ਹਾਂ

# ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

**ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ**



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

**We Also Provide**
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

**ਮਾਮਲਾ ਤਿਰੂਪਤੀ ਮੰਦਰ ਦਾ...**

# ‘ਪ੍ਰਸ਼ਾਦ ਦੇ ਲੱਡੂ ’ਚ ਜਾਨਵਰਾਂ ਦੀ ਚਰਬੀ’ ਬਾਰੇ ਵਿਵਾਦ ਭਖਿਆ

ਆਂਧਰਾ ਪ੍ਰਦੇਸ਼ ਦੇ ਮਸ਼ਹੂਰ ਤਿਰੂਪਤੀ ਮੰਦਿਰ ਦੇ ਪ੍ਰਸ਼ਾਦ ਵਿੱਚ ਮਿਲਣ ਵਾਲੇ ਲੱਡੂ ਨੂੰ ਲੈ ਕੇ ਵਿਵਾਦ ਵਧਦਾ ਹੀ ਜਾ ਰਿਹਾ ਹੈ, ਜੋ ਸਿਆਸੀ ਰੂਪ ਅਖਤਿਆਰ ਕਰ ਗਿਆ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਪ੍ਰਸ਼ਾਦ ਦੇ ਲੱਡੂ ਵਿੱਚ ਜਾਨਵਰਾਂ ਦੀ ਚਰਬੀ ਮਿਲੀ ਹੋਈ ਹੁੰਦੀ ਸੀ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਵੀ ਕਿਹਾ, “ਪਿਛਲੀ ਸਰਕਾਰ ਦੌਰਾਨ ਤਿਰੂਮਲਾ ਲੱਡੂ ਨੂੰ ਬਣਾਉਣ ਲਈ ਸ਼ੁੱਧ ਦੇਸੀ ਘਿਓ ਦੀ ਥਾਂ ਜਾਨਵਰਾਂ ਦੀ ਚਰਬੀ ਵਾਲਾ ਘੀ ਇਸਤੇਮਾਲ ਕੀਤਾ ਜਾ ਰਿਹਾ ਸੀ।” ਜਗਨ ਮੋਹਨ ਰੈਡੀ ਦੀ ਪਾਰਟੀ ਨੇ ਨਾਇਡੂ ਦੀ ਟਿੱਪਣੀ ’ਤੇ ਵਿਰੋਧ ਜਤਾਇਆ ਹੈ ਅਤੇ ਇਨ੍ਹਾਂ ਇਲਜ਼ਾਮਾਂ ਨੂੰ ਖਾਰਜ ਕੀਤਾ ਹੈ। ਚੰਦਰਬਾਬੂ ਨਾਇਡੂ ਨੇ ਦੋਸ਼ ਲਾਇਆ ਹੈ ਕਿ ਕੋਈ ਸੋਚ ਵੀ ਨਹੀਂ ਸਕਦਾ ਕਿ ਤਿਰੂਮਲਾ ਲੱਡੂ ਇਸ ਤਰ੍ਹਾਂ ਅਸ਼ੁੱਧ ਕੀਤਾ ਜਾਵੇਗਾ। ਪਿਛਲੇ ਪੰਜ ਸਾਲਾਂ ਵਿੱਚ, ਵਾਈ.ਐਸ.ਆਰ. ਨੇ ਤਿਰੂਮਲਾ ਦੀ ਪਵਿੱਤਰਤਾ ਨੂੰ ਅਸ਼ੁੱਧ ਕੀਤਾ ਹੈ। ਨਾਇਡੂ ਨੇ ਦਾਅਵਾ ਕੀਤਾ ਹੈ ਕਿ ਇਸ ਗੱਲ ਦੀ ਪੁਸ਼ਟੀ ਹੋ ਗਈ ਹੈ ਕਿ ਤਿਰੂਮਲਾ ਲੱਡੂ ਦੇ ਘਿਓ ਵਿੱਚ ਜਾਨਵਰਾਂ ਦੀ ਚਰਬੀ ਦੀ ਵਰਤੋਂ ਕੀਤੀ ਗਈ ਸੀ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ। ਨਾਇਡੂ ਨੇ ਲੱਡੂਆਂ ਬਾਰੇ ਕਿਹਾ ਕਿ ਸਾਡੀ ਸਰਕਾਰ ਵਿੱਚ ਪਵਿੱਤਰ ਲੱਡੂ ਬਣਾਏ ਜਾ ਰਹੇ ਹਨ। ਇਸ ਮਾਮਲੇ ’ਤੇ ਕਈ ਸਿਆਸੀ ਦਲ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ। ਮਾਹਰਾਂ ਅਨੁਸਾਰ ਤਿਰੂਪਤੀ ਲੱਡੂ ਦੀ ਗੁਣਵੱਤਾ ਬਹਾਲੀ ਲਈ ਇੱਕ ਪੈਨਲ ਬਣਾਇਆ ਜਾਣਾ ਚਾਹੀਦਾ ਹੈ।

ਟੀ.ਡੀ.ਪੀ. ਗੁਜਰਾਤ ਦੀ ਨੈਸ਼ਨਲ ਡੇਅਰੀ ਡਿਵੈਲਪਮੈਂਟ ਬੋਰਡ (ਐਨ.ਡੀ.ਡੀ.ਬੀ.) ਦੇ ਹਵਾਲੇ ਨਾਲ ਦੱਸ ਰਹੀ ਹੈ ਕਿ ਲੱਡੂ ਵਿੱਚ ਜਾਨਵਰਾਂ ਦੀ ਚਰਬੀ ਹੋਣ ਦੀ ਪੁਸ਼ਟੀ ਹੋਈ ਹੈ। ਹਾਲਾਂਕਿ ਐਨ.ਡੀ.ਡੀ.ਬੀ. ਨੇ ਇਸ ਪੂਰੇ ਵਿਵਾਦ ’ਤੇ ਹਾਲੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਕਿ ਜਿਸ ਸੈਂਪਲ ’ਤੇ ਵਿਵਾਦ ਹੋ ਰਿਹਾ ਹੈ, ਕੀ ਉਹ ਤਿਰੂਪਤੀ ਮੰਦਿਰ ਤੋਂ ਹੀ ਲਿਆ ਗਿਆ ਹੈ? ਅੰਗਰੇਜ਼ੀ ਅਖਬਾਰ ‘ਇੰਡੀਅਨ ਐਕਸਪ੍ਰੈਸ’ ਅਨੁਸਾਰ “ਲੱਡੂ ਅਤੇ ਦੂਜੇ ਪ੍ਰਸ਼ਾਦ ਬਣਾਉਣ ਲਈ ਜੋ ਘਿਓ ਇਸਤੇਮਾਲ ਹੁੰਦਾ ਸੀ, ਉਹ ਵਾਈ.ਐਸ.ਆਰ. ਕਾਂਗਰਸ ਪਾਰਟੀ ਦੇ ਦੌਰ ਵਿੱਚ ਕਈ ਏਜੰਸੀਆਂ ਤੋਂ ਲਿਆ ਗਿਆ ਸੀ।” ਟੀ.ਡੀ.ਪੀ. ਵੱਲੋਂ ਜੋ ਰਿਪੋਰਟ ਪੇਸ਼ ਕੀਤੀ ਜਾ ਰਹੀ ਹੈ, ਉਸ ਵਿੱਚ ਕਈ ਚੀਜ਼ਾਂ ਦਾ ਜ਼ਿਕਰ ਹੈ। ਇਸ ਵਿੱਚ ਸੋਇਆਬੀਨ, ਸੂਰਜਮੁਖੀ, ਕਪਾਹ ਦੇ ਬੀਜ, ਨਾਰੀਅਲ ਵਰਗੀਆਂ ਚੀਜ਼ਾਂ ਲਿਖੀਆਂ ਗਈਆਂ ਹਨ; ਪਰ ਜਿਨ੍ਹਾਂ ਚੀਜ਼ਾਂ ’ਤੇ ਇਤਰਾਜ਼ ਕੀਤਾ ਜਾ ਰਿਹਾ ਹੈ, ਉਹ ਹਨ- ਲਾਰਡ (ਚਿੱਟਾ ਪਦਾਰਥ ਜੋ ਕਿਸੇ ਵੀ ਚਰਬੀ ਦੇ ਪਿਘਲਣ ’ਤੇ ਬਾਹਰ ਨਿਕਲਦਾ ਹੈ), ਬੀਫ ਟੇਲੋ



(ਬੀਫ ਫੈਟ ਨੂੰ ਗਰਮ ਕਰਕੇ ਕੱਢਿਆ ਗਿਆ ਤੇਲ) ਅਤੇ ਮੱਛੀ ਦਾ ਤੇਲ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਹ ਚੀਜ਼ਾਂ ਨਿਰਧਾਰਤ ਅਨੁਪਾਤ ਵਿੱਚ ਨਹੀਂ ਸਨ। ਇਸ ਨੂੰ ਐਸ ਮੁੱਲ ਕਿਹਾ ਜਾਂਦਾ ਹੈ, ਯਾਨਿ ਜੇ ਉਪਰੋਕਤ ਚੀਜਾਂ ਦਾ ਐਸ ਮੁੱਲ ਸਹੀ ਨਹੀਂ ਹੈ ਤਾਂ ਗੱਲ ਗੜਬੜ ਹੈ!

ਪ੍ਰਸ਼ਾਦ ਦਾ ਇਹ ਲੱਡੂ ਪਹਿਲਾਂ ਵੀ ਵਿਵਾਦਾਂ ਵਿੱਚ ਰਿਹਾ ਹੈ। 2023 ਵਿੱਚ ਬ੍ਰਾਹਮਣਾਂ ਤੋਂ ਇਹ ਲੱਡੂ ਬਣਾਉਣ ਸਬੰਧੀ ਇੱਕ ਨੋਟੀਫਿਕੇਸ਼ਨ ਨੂੰ ਲੈ ਕੇ ਵੀ ਵਿਵਾਦ ਹੋਇਆ ਸੀ। ਚੇਤੇ ਰਹੇ, ਆਂਧਰਾ ਪ੍ਰਦੇਸ਼ ਦੇ ਤਿਰੂਪਤੀ ਮੰਦਿਰ ਵਿੱਚ ਹਰ ਸਾਲ ਲੱਖਾਂ ਸ਼ਰਧਾਲੂ ਜਾਂਦੇ ਹਨ। ਤਿਰੂਮਾਲਾ ਮੰਦਰ ਨੂੰ ਹਰ ਸਾਲ ਲਗਭਗ ਇੱਕ ਟਨ ਸੋਨਾ ਦਾਨ ਮਿਲਦਾ ਹੈ। ਮੰਦਰ ਦੇ ਦਾਨ ਬਕਸਿਆਂ ਵਿੱਚ ਨਾ ਸਿਰਫ਼ ਲੱਖਾਂ ਰੁਪਏ ਚੜ੍ਹਦੇ ਹਨ, ਗਹਿਣੇ ਚੜ੍ਹਾਉਣ ਵਾਲੇ ਲੋਕਾਂ ਦੀ ਵੀ ਕੋਈ ਕਮੀ ਨਹੀਂ ਹੈ। ਮੁੱਖ ਮੰਦਰ ਦੀ ਇਮਾਰਤ ਮਜਬੂਤ ਕੰਧਾਂ ਨਾਲ ਘਿਰੀ ਹੋਈ ਹੈ ਅਤੇ ਮੰਦਰ ਦੇ ਅੰਦਰ ਕਿਸੇ ਨੂੰ ਵੀ ਫੋਟੋਗ੍ਰਾਫੀ ਦੀ ਇਜਾਜ਼ਤ ਨਹੀਂ ਹੈ। ਮੰਦਿਰ ਜਾਣ ਵਾਲੇ ਲੋਕਾਂ ਨੂੰ ਪ੍ਰਸ਼ਾਦ ਵਿੱਚ ਲੱਡੂ ਦਿੱਤੇ ਜਾਂਦੇ ਹਨ। ਸਤੰਬਰ 2024 ਦੇ ਸ਼ੁਰੂ ਵਿੱਚ ਲੱਡੂ ਲੈਣ ਲਈ ਟੋਕਨ ਦਿਖਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਇੱਕ-ਇੱਕ ਲੱਡੂ ਸਾਰਿਆਂ ਨੂੰ ਮੁਫਤ ਦਿੱਤਾ ਜਾਂਦਾ ਹੈ। ਇੱਕ ਹੋਰ ਲੱਡੂ ਲੈਣ ਲਈ ਸ਼ਰਧਾਲੂਆਂ ਨੂੰ 50 ਰੁਪਏ ਦੇਣੇ ਪੈਂਦੇ ਹਨ। 2008 ਤੱਕ ਜੇ ਕੋਈ ਇੱਕ ਲੱਡੂ ਤੋਂ ਇਲਾਵਾ ਪ੍ਰਸ਼ਾਦ ਚਾਹੁੰਦਾ ਸੀ ਤਾਂ 25 ਰੁਪਏ ਵਿੱਚ ਦੋ ਲੱਡੂ ਦਿੱਤੇ ਜਾਂਦੇ ਸਨ। ਬਾਅਦ ਵਿੱਚ ਇਸਦੀ ਕੀਮਤ ਵਧਾ ਕੇ 50 ਰੁਪਏ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ ਮੰਦਰ ‘ਚ ਸ਼ਰਧਾਲੂਆਂ ਲਈ 7500 ਵੱਡੇ ਲੱਡੂ ਅਤੇ 3500 ਵੜੇ ਬਣਾਏ ਜਾਂਦੇ ਸਨ। ਸ਼ਰਧਾਲੂਆਂ ਲਈ ਆਧਾਰ ਕਾਰਡ ਦਿਖਾਉਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਜਿਨ੍ਹਾਂ ਨੇ ਦਰਸ਼ਨ ਨਹੀਂ ਕੀਤੇ, ਉਹ ਆਪਣਾ ਆਧਾਰ ਕਾਰਡ ਦਿਖਾ ਕੇ ਲੱਡੂ ਪ੍ਰਾਪਤ ਕਰ ਸਕਦੇ ਹਨ।

ਹੁਣ ਜੋ ਲੱਡੂ ਚਰਚਾ ਵਿੱਚ ਹਨ, ਉਹ ਮੰਦਰ ਦੀ ਗੁਪਤ ਰਸੋਈ ਵਿੱਚ ਤਿਆਰ ਕੀਤੇ ਜਾਂਦੇ ਸਨ। ਇਸ ਰਸੋਈ ਨੂੰ ਪੋਟੂ ਕਿਹਾ ਜਾਂਦਾ ਹੈ। ਤਿਰੂਮਲਾ ਤਿਰੂਪਤੀ ਦੇਵਸਥਾਨਮ ਦੇ ਅਧਿਕਾਰੀਆਂ ਮੁਤਾਬਕ ਲੱਡੂ, ਵੜਾ, ਅੱਪਮ, ਮਨੋਹਰਮ ਅਤੇ ਜਲੇਬੀ ਵਰਗੇ ਪ੍ਰਸ਼ਾਦ ਸ਼ਰਧਾਲੂਆਂ ਵਿੱਚ ਵੰਡੇ ਜਾਂਦੇ ਹਨ। ਇਨ੍ਹਾਂ ਵਿੱਚੋਂ ਲੱਡੂ ਸਭ ਤੋਂ ਪੁਰਾਣਾ ਅਤੇ ਪ੍ਰਸਿੱਧ ਪ੍ਰਸ਼ਾਦ ਹੈ। ਇਸ ਨੂੰ ਪ੍ਰਸ਼ਾਦ ਵਜੋਂ ਦੇਣ ਦੀ ਪਰੰਪਰਾ 300 ਸਾਲਾਂ ਤੋਂ ਚੱਲੀ ਆ ਰਹੀ ਹੈ। ਤਿਰੂਮਲਾ ਵਿੱਚ ਹਰ ਰੋਜ਼ ਸਾਢੇ ਤਿੰਨ ਲੱਖ ਲੱਡੂ ਬਣਾਏ ਜਾਂਦੇ ਹਨ। ਸਾਲ 2009 ਵਿੱਚ ਤਿਰੂਪਤੀ ਲੱਡੂ ਨੂੰ ‘ਜਿਓਗ੍ਰਾਫੀਕਾਲ ਇੰਡੀਕੇਟਰ’ ਯਾਨਿ ‘ਭੂਗੋਲਿਕ ਸੂਚਕ’ ਦਾ ਨਾਂ ਦਿੱਤਾ ਗਿਆ ਸੀ। ਲੱਡੂ ਛੋਲਿਆਂ ਦੇ ਆਟੇ, ਮੱਖਣ, ਚੀਨੀ, ਕਾਜੂ, ਸੌਗੀ ਅਤੇ ਇਲਾਇਚੀ ਤੋਂ ਬਣਾਏ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਇਸ ਲੱਡੂ ਨੂੰ ਬਣਾਉਣ ਦਾ ਤਰੀਕਾ 300 ਸਾਲ ਪੁਰਾਣਾ ਹੈ। ਸੇਸ਼ਾਚਲਮ ਪਰਬਤ ’ਤੇ ਸਥਿਤ ਤਿਰੂਮਲਾ ਤਿਰੂਪਤੀ ਦੇਵਸਥਾਨ ਨੂੰ ਦੁਨੀਆ ਦੇ ਸਭ ਤੋਂ ਅਮੀਰ ਤੀਰਥ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਤਿਹਾਸਕ ਨਜ਼ਰੀਏ ਤੋਂ ਭਗਵਾਨ ਵੈਂਕਟੇਸ਼ਵਰ ਦਾ ਇਹ ਮੰਦਰ ਰਾਜਾ ਤੋਂਡਾਮਨ ਨੇ ਬਣਵਾਇਆ ਸੀ। ਬਾਅਦ ਵਿੱਚ ਚੋਲ, ਪਾਂਡਿਆ ਅਤੇ ਵਿਜੇਨਗਰ ਦੇ ਰਾਜੇ ਵੀ ਇਸ ਮੰਦਰ ਵਿੱਚ ਯੋਗਦਾਨ ਪਾਉਂਦੇ ਰਹੇ। ਮੰਦਰ ਦੀ ਪ੍ਰਾਨ-ਪ੍ਰਤਿਸ਼ਠਾ 11ਵੀਂ ਸਦੀ ਵਿੱਚ ਰਾਮਾਨੁਜਾਚਾਰੀਆ ਦੁਆਰਾ ਕੀਤੀ ਗਈ ਸੀ।

ਸਿਆਸੀ ਪੱਧਰ ‘ਤੇ ਲਾਏ ਗਏ ਦੋਸ਼ਾਂ ਅਨੁਸਾਰ ਪ੍ਰਸ਼ਾਦ ਦੇ ਨਮੂਨਿਆਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਲੱਡੂਆਂ ਵਿੱਚ ਮੱਛੀ ਦੇ ਤੇਲ ਅਤੇ ਬੀਫ ਫੈਟ ਦੀ ਵਰਤੋਂ ਕੀਤੀ ਗਈ ਹੈ। ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਜਗਨ ਮੋਹਨ ਰੈਡੀ ਦੀ ਪਾਰਟੀ ਵਾਈ.ਐਸ.ਆਰ. ਨੇ ਇਸ ਮਾਮਲੇ ‘ਤੇ ਪ੍ਰਤੀਕਿਰਿਆ ਦਿੰਦਿਆਂ ਨਾਇਡੂ ਦੇ ਇਲਜ਼ਾਮਾਂ ਨੂੰ ਰੱਦ ਕੀਤਾ ਹੈ। ਵਾਈ.ਐਸ.ਆਰ. ਨੇਤਾ ਅਤੇ ਤਿਰੂਮਲਾ ਤਿਰੂਪਤੀ ਦੇਵਸਥਾਨਮ ਟਰੱਸਟ ਦੇ ਸਾਬਕਾ ਚੇਅਰਮੈਨ ਵਾਈ.ਵੀ. ਸੁਬਰੈਡੀ ਨੇ ਸੋਸ਼ਲ ਮੀਡੀਆ ‘ਤੇ ਲਿਖਿਆ ਹੈ ਕਿ ਨਾਇਡੂ ਨੇ ਤਿਰੂਮਲਾ ਮੰਦਰ ਦੀ ਪਵਿੱਤਰਤਾ ਨੂੰ ਨੁਕਸਾਨ ਪਹੁੰਚਾ ਕੇ ਅਤੇ ਕਰੋੜਾਂ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਪਾਪ ਕੀਤਾ ਹੈ। ਸੁਬਰੈਡੀ ਅਨੁਸਾਰ ਇਹ ਇੱਕ ਵਾਰ ਫਿਰ ਸਾਬਤ ਹੋ ਗਿਆ ਹੈ ਕਿ ਨਾਇਡੂ ਆਪਣੀ ਰਾਜਨੀਤੀ ਚਮਕਾਉਣ ਤੋਂ ਨਹੀਂ ਝਿਜਕਣਗੇ।

ਇਸੇ ਦੌਰਾਨ ਆਂਧਰਾ ਪ੍ਰਦੇਸ਼ ਵਿੱਚ ਕਾਂਗਰਸ ਨੇਤਾ ਸ਼ਰਮੀਲਾ ਨੇ ਟੀ.ਡੀ.ਪੀ. ਅਤੇ ਵਾਈ.ਐਸ.ਆਰ. ਉਤੇ ਇਸ ਮਾਮਲੇ ਨੂੰ ਲੈ ਕੇ ਰਾਜਨੀਤੀ ਕਰਨ ਦਾ ਇਲਜ਼ਾਮ ਲਗਾਇਆ ਹਨ ਤੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਭਾਜਪਾ ਦੇ ਸੰਸਦ ਮੈਂਬਰ ਲਕਸ਼ਮਣ ਨੇ ਕਿਹਾ ਕਿ ਲੱਡੂ ‘ਚ ਜਾਨਵਰਾਂ ਦੀ ਚਰਬੀ ਦੀ ਵਰਤੋਂ ਮੰਦਭਾਗੀ ਹੈ। ਸਮੁੱਚਾ ਹਿੰਦੂ ਸਮਾਜ ਇਸ ਘਟਨਾ ਦੀ ਨਿੰਦਾ ਕਰ ਰਿਹਾ ਹੈ। ਆਂਧਰਾ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਪਵਨ ਕਲਿਆਣ ਨੇ ਸੋਸ਼ਲ ਮੀਡੀਆ ‘ਤੇ ਪ੍ਰਤੀਕਿਰਿਆ ਦਿੱਤੀ ਹੈ ਕਿ ਤਿਰੂਪਤੀ ਬਾਲਾਜੀ ਦੇ ਪ੍ਰਸ਼ਾਦ ‘ਚ ਜਾਨਵਰਾਂ ਦੀ ਚਰਬੀ ਪਾਏ ਜਾਣ ਦੀ ਪੁਸ਼ਟੀ ਤੋਂ ਅਸੀਂ ਸਾਰੇ ਬਹੁਤ ਪ੍ਰੇਸ਼ਾਨ ਹਾਂ। ਤਤਕਾਲੀ ਸਰਕਾਰ ਦੇ ਬਣਾਏ ਗਏ ਤਿਰੁਮਾਲਾ ਤਿਰੂਪਤੀ ਦੇਵਸਥਾਨਮ (ਟੀ.ਟੀ.ਡੀ.) ਬੋਰਡ ਨੂੰ ਕਈ ਸਵਾਲਾਂ ਦੇ ਜਵਾਬ ਦੇਣੇ ਹੋਣਗੇ। ਬੋਰਡ ਨਾਲ ਜੁੜੀ ਲੇਬਰ ਯੂਨੀਅਨ ਅਨੁਸਾਰ ਪ੍ਰਸ਼ਾਦ ਦੀ ਵਰਤੋਂ ਜਾਂਚ ਪਿਛੋਂ ਹੀ ਕੀਤੀ ਜਾਂਦੀ ਹੈ।

# ਬੀਬੀ ਗੁਰਦੀਪ ਕੌਰ ਡੰਡੋਨਾ ਨੂੰ ‘ਅਵਾਰਡ ਆਫ ਸੇਵਾ’ ਸਨਮਾਨ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸਮਾਜ ਸੇਵੀ, ਕਾਰੋਬਾਰੀ ਅਤੇ ਗੁਰਦੁਆਰਾ ਪੈਲਾਟਾਈਨ ਵਿਖੇ ਪਿਆਰ ਤੇ ਸਤਿਕਾਰ ਦੀ ਭਾਵਨਾ ਨਾਲ ਸੇਵਾ ਕਰਨ ਵਾਲੇ ਮਰਹੂਮ ਬੀਬੀ ਗੁਰਦੀਪ ਕੌਰ ਡੰਡੋਨਾ ਨੂੰ ‘ਅਵਾਰਡ ਆਫ ਸੇਵਾ’ ਸਨਮਾਨ ਨਾਲ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਹਨ। ਇਹ ਸਨਮਾਨ ਉਨ੍ਹਾਂ ਦੇ ਪਤੀ ਸ. ਗੁਰਮੋਹਣ ਸਿੰਘ ਨੂੰ ਬੀਬੀ ਗੁਰਦੀਪ ਕੌਰ ਡੰਡੋਨਾ ਨਮਿੱਤ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਉਪਰੰਤ ਗੁਰਦੁਆਰਾ ਵ੍ਹੀਟਨ ਦੇ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਤੇ ਸ. ਸੁਖਵੰਤ ਸਿੰਘ ਵ੍ਹੀਲਿੰਗ ਵੱਲੋਂ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਬੀਬੀ ਡੰਡੋਨਾ ਪਿਛਲੇ ਦਿਨੀਂ 58 ਸਾਲ ਦੀ ਉਮਰੇ ਬਿਮਾਰੀ ਨਾਲ ਜੂਝਦਿਆਂ ਅਕਾਲ ਚਲਾਣਾ ਕਰ ਗਏ ਸਨ।



ਬੀਬੀ ਗੁਰਦੀਪ ਕੌਰ ਡੰਡੋਨਾ

ਬੀਬੀ ਗੁਰਦੀਪ ਕੌਰ ਡੰਡੋਨਾ ਨੇ ਆਪਣੀ ਜ਼ਿੰਦਗੀ ਵਿੱਚ ਸਫਲ ਕਾਰੋਬਾਰ ਕੀਤਾ, ਜਿਸ ਵਿੱਚ ਉਨ੍ਹਾਂ ਨੂੰ ਕਾਫੀ ਮੁਹਾਰਤ ਸੀ। ਉਹ ਸੱਭਿਆਚਾਰਕ ਕੰਮਾਂ ਵਿੱਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਦਾ ਨਿੱਘਾ, ਮਿੱਠਾ ਤੇ ਸੇਵਾ ਭਾਵਨਾ ਵਾਲਾ ਸੁਭਾਅ ਪਰਿਵਾਰ ਅਤੇ ਸੰਗਤ ਨੂੰ ਪ੍ਰੇਰਿਤ ਕਰਦਾ ਰਹੇਗਾ। ਉਨ੍ਹਾਂ ਨੂੰ ਜਾਣਨ ਵਾਲੇ ਹਮੇਸ਼ਾ ਉਨ੍ਹਾਂ ਦੀ ਯਾਦ ਨੂੰ ਆਪਣੇ ਦਿਲ ਵਿੱਚ ਮਹਿਸੂਸ ਕਰਦੇ ਰਹਿਣਗੇ। ਬੀਤੇ ਦਿਨੀਂ ਉਨ੍ਹਾਂ ਦੇ ਅੰਤਿਮ ਸਸਕਾਰ ਮੌਕੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਭਾਈਚਾਰੇ ਤੇ ਸੰਗਤ ਮੈਂਬਰਾਂ ਨੇ ਸ਼ਿਰਕਤ ਕੀਤੀ ਅਤੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਪਰੰਤ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਸਮੇਂ ਉਨ੍ਹਾਂ ਦੇ ਜੀਵਨ ਸਬੰਧੀ ਆਪਣੇ ਵਿਚਾਰ ਪ੍ਰਗਟਾਉਂਦਿਆਂ ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ ਸ. ਰਾਜਿੰਦਰ ਸਿੰਘ ਮਾਗੋ, ‘ਸਵੇਰਾ’ ਦੀ ਬੀਬੀ ਜਸਵੀਰ ਕੌਰ ਮਾਨ, ਸ. ਸੁਖਵੰਤ ਸਿੰਘ ਵ੍ਹੀਲਿੰਗ, ਸ. ਸਤਨਾਮ ਸਿੰਘ ਅਤੇ ਬੀਬੀ ਡੰਡੋਨਾ ਦੀਆਂ ਧੀਆਂ ਨੇ ਉਨ੍ਹਾਂ ਨੂੰ ਯਾਦ ਕੀਤਾ।



ਗੁਰਮੋਹਣ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ ਸੁਖਵੰਤ ਸਿੰਘ ਵ੍ਹੀਲਿੰਗ ਅਤੇ ਭਾਈ ਮਹਿੰਦਰ ਸਿੰਘ

ਇਸ ਮੌਕੇ ਬੁਲਾਰਿਆਂ ਨੇ ਬੀਬੀ ਡੰਡੋਨਾ ਦੇ ਜੀਵਨ ‘ਤੇ ਚਾਨਣਾ ਪਾਇਆ ਅਤੇ ਸ. ਸੁਖਵੰਤ ਸਿੰਘ ਵ੍ਹੀਲਿੰਗ ਨੇ ਦੱਸਿਆ ਕਿ ਕਿਵੇਂ ਉਹ ਕਈ ਸਾਲ ਲਗਾਤਾਰ ਗੁਰਦੁਆਰਾ ਪੈਲਾਟਾਈਨ ਵਿਖੇ ਦਰਬਾਰ ਹਾਲ ਵਿੱਚ ਲੱਗੇ ਪਰਦਿਆਂ ਦੀ ਸੇਵਾ ਬੜੇ ਪਿਆਰ ਤੇ ਭਾਵਨਾ ਨਾਲ ਕਰਦੇ ਰਹੇ। ਬੀਬੀ ਗੁਰਦੀਪ ਕੌਰ ਡੰਡੋਨਾ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਗੁਰਦੁਆਰਾ ਵ੍ਹੀਟਨ ਦੇ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਤੇ ਸ. ਸੁਖਵੰਤ ਸਿੰਘ ਵ੍ਹੀਲਿੰਗ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੀਬੀ ਡੰਡੋਨਾ ਦੇ ਪਤੀ ਸ. ਗੁਰਮੋਹਣ ਸਿੰਘ ਨੂੰ ‘ਅਵਾਰਡ ਆਫ ਸੇਵਾ’ ਸਨਮਾਨ ਪ੍ਰਦਾਨ ਕੀਤਾ ਗਿਆ। ਇਸ ਤੋਂ ਪਹਿਲਾਂ ਬੀਬੀ ਡੰਡੋਨਾ ਨਮਿੱਤ ਭਾਈ ਮਹਿੰਦਰ ਸਿੰਘ ਅਤੇ ਜਥੇ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਸ੍ਰਵਣ ਕਰਵਾਇਆ।

ਇਸ ਤੋਂ ਇਲਾਵਾ ‘ਸਵੇਰਾ’ ਸੰਸਥਾ ਵੱਲੋਂ ਲੰਘੇ ਐਤਵਾਰ ਨੂੰ ਮਨਾਈਆਂ ਗਈਆਂ ‘ਧੀਆਂ ਦੀਆਂ ਤੀਆਂ’ ਸਮਾਗਮ ਬੀਬੀ ਗੁਰਦੀਪ ਕੌਰ ਡੰਡੋਨ ਨੂੰ ਸਮਰਪਿਤ ਕੀਤਾ ਗਿਆ ਸੀ ਅਤੇ ਸਮਾਗਮ ਦੌਰਾਨ ਬੀਬੀ ਡੰਡੋਨਾ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਬੀਬੀ ਡੰਡੋਨਾ ਦੇ ਪਰਿਵਾਰ ਵਿੱਚ ਉਨ੍ਹਾਂ ਦੇ ਪਤੀ ਤੋਂ ਇਲਾਵਾ ਦੋ ਧੀਆਂ-ਪ੍ਰਭਜੋਤ ਕੌਰ ਡੰਡੋਨਾ ਤੇ ਜਸਲੀਨ ਕੌਰ ਸਮਰਾ ਅਤੇ ਪੁੱਤਰ ਅਜੀਤ ਸਿੰਘ ਡੰਡੋਨਾ ਤੋਂ ਇਲਾਵਾ ਦੋਹਤੇ-ਦੋਹਤੀਆਂ ਜਪਨਾਮ ਸਿੰਘ, ਅਦਰੂਪ ਕੌਰ ਤੇ ਕ੍ਰਿਪਾ ਕੌਰ ਹਨ। ਪਰਿਵਾਰ ਨਾਲ ਸੰਪਰਕ ਅਜੀਤ ਸਿੰਘ ਡੰਡੋਨਾ ਨਾਲ ਫੋਨ: 847-730-9292 ਰਾਹੀਂ ਕੀਤਾ ਜਾ ਸਕਦਾ ਹੈ।

## ਪਿੰਡ ਮਿਆਲ ਕਲਾਂ ਦੀ ਅਮਾਨਤਬੀਰ ਕੌਰ ਆਰਮੀ ਵਿੱਚ ਬਣੀ ‘ਐਡਵੋਕੇਟ ਜੱਜ’

ਸਮਾਣਾ ਨੇੜਲੇ ਪਿੰਡ ਮਿਆਲ ਕਲਾਂ ਦੀ ਹੋਣਹਾਰ ਲੜਕੀ ਅਮਾਨਤਬੀਰ ਕੌਰ ਇੰਡੀਅਨ ਆਰਮੀ ਵਿੱਚ ‘ਐਡਵੋਕੇਟ ਜੱਜ’ ਬਣੀ ਹੈ। ਉਹ ਮਾਰਕੀਟ ਕਮੇਟੀ ਸਮਾਣਾ ਦੇ ਸਾਬਕਾ ਚੇਅਰਮੈਨ ਪ੍ਰਦੁਮਨ ਸਿੰਘ ਵਿਰਕ ਦੀ ਭਤੀਜੀ ਅਤੇ ਗੁਰਮੇਲ ਸਿੰਘ ਵਿਰਕ ਤੇ ਪ੍ਰਦੀਪ ਕੌਰ ਵਿਰਕ ਦੀ ਸਪੁੱਤਰੀ ਹੈ।

ਚੇਨੱਈ ‘ਚ ਆਫੀਸਰਜ਼ ਟਰੇਨਿੰਗ ਅਕੈਡਮੀ (ਓ.ਟੀ.ਏ.) ਵੱਲੋਂ ਆਯੋਜਿਤ ‘ਪਾਸਿੰਗ ਆਊਟ ਪਰੇਡ’ ਵਿੱਚ ਅਮਾਨਤਬੀਰ ਕੌਰ ਦੇ ਮਾਪੇ ਵੀ ਸ਼ਾਮਲ ਹੋਏ। ਉਨ੍ਹਾਂ ਨੇ ਹੀ ਆਪਣੀ ਧੀ ਨੂੰ ਲੈਫਟੀਨੈਂਟ ਦੇ ਸਟਾਰ ਲਗਾਉਣ ਦੀ ਰਸਮ ਅਦਾ ਕੀਤੀ।



ਅਮਾਨਤਬੀਰ ਕੌਰ ਆਪਣੇ ਮਾਪਿਆਂ ਨਾਲ

ਅਮਾਨਤਬੀਰ ਕੌਰ ਦੇ ਤਾਇਆ ਪ੍ਰਦੁਮਨ ਸਿੰਘ, ਤਾਈ ਸੰਦੀਪ ਕੌਰ ਸਮੇਤ ਹੋਰ ਰਿਸ਼ਤੇਦਾਰਾਂ ਨੇ ਅਮਾਨਤਬੀਰ ਕੌਰ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਉਸ ਨੇ ਆਪਣੀ ਮਿਹਨਤ ਨਾਲ ਜੱਜ ਬਣ ਕੇ ਪਰਿਵਾਰ ਅਤੇ ਸਮਾਣਾ ਦਾ ਨਾਂ ਰੌਸ਼ਨ ਕੀਤਾ ਹੈ। ਅਮਨਾਤਬੀਰ ਕੌਰ ਦੀ ਸਫਲਤਾ ‘ਤੇ ਸ਼ਹਿਰ ਦੀਆਂ ਵੱਖ ਵੱਖ ਸੰਸਥਾਵਾਂ ਦੇ ਆਗੂਆਂ ਵੱਲੋਂ ਵਿਰਕ ਪਰਿਵਾਰ ਨੂੰ ਵਧਾਈ ਦਿੱਤੀ ਗਈ ਹੈ।

# ‘ਭੰਗੜਾ ਰਾਈਮਜ਼’ ਦੀ ਪਿਕਨਿਕ: ਖੇਡਾਂ, ਮਨੋਰੰਜਨ ਤੇ ਵਿਚਾਰਾਂ ਦੀ ਸੱਥ

**ਕੁਲਜੀਤ ਦਿਆਲਪੁਰੀ**

**ਸ਼ਿਕਾਗੋ:** ਭੰਗੜਾ ਰਾਈਮਜ਼ ਸ਼ਿਕਾਗੋ ਵੱਲੋਂ ਪੈਲਾਟਾਈਨ ਵਿੱਚ ਕਰਵਾਈ ਗਈ ਸਮਰ ਪਿਕਨਿਕ ਵਿੱਚ ਜੁੜੇ ਭਾਈਚਾਰੇ ਦੇ ਲੋਕਾਂ ਨੇ ਜਿੱਥੇ ਖੇਡ ਮਨੋਰੰਜਨ ਕੀਤਾ, ਉਥੇ ਵਿਚਾਰਾਂ ਦੀ ਸੱਥ ਵੀ ਜੁੜੀ। ਅਸਲ ਵਿੱਚ ਜਦੋਂ ਵਿਚਾਰਧਾਰਕ ਕਰੂਰਾ ਮਿਲਣ ਲੱਗ ਪਵੇ ਅਤੇ ਬਾਤਾਂ ਸੁਣਦਿਆਂ-ਸੁਣਾਉਂਦਿਆਂ ਹੁੰਘਾਰਿਆਂ ਦੀ ਗੂੰਜ ਛਿੜ ਪਵੇ ਤਾਂ ਮਹਿਫਿਲ ਦਾ ਆਪਣਾ ਅਨੰਦ ਬਣ ਜਾਂਦਾ ਹੈ। ਇਸ ਪਿਕਨਿਕ ਵਿੱਚ ਤਰਬਾਂ ਕਈ ਤਰ੍ਹਾਂ ਦੀਆਂ ਛਿੜੀਆਂ ਹੋਈਆਂ ਸਨ-ਖੁਸ਼ੀ ਦੀਆਂ ਤੇ ਗਮੀ ਦੀਆਂ ਅਤੇ ਉਤਸ਼ਾਹੀ ਤੇ ਹਵਾ-ਪਿਆਜ਼ੀ ਵੀ। ਨਾਲੇ ਖਾਣ-ਪੀਣ ਦਾ ਅਨੰਦ ਤੇ ਨਾਲੇ ਜੀਭ ਨੂੰ ਗੱਲਾਂਬਾਤਾਂ ਦੇ ਚਸਕੇ ਅਤੇ ਖੇਡਣ ਵਾਲਿਆਂ ਨੂੰ ਖੇਡਣ ਦਾ ਤੇ ਦੇਖਣ ਵਾਲਿਆਂ ਨੂੰ ਦੇਖਣ ਦਾ ਸਰੂਰ ਵੱਖਰਾ! ਜਿਵੇਂ ਜ਼ਿਕਰ ਕੀਤਾ ਹੈ ਕਿ ਜਦੋਂ ਵਿਚਾਰਧਾਰਕ ਕਰੂਰਾ ਮਿਲਣ ਲੱਗ ਪਵੇ ਤਾਂ ਮਹਿਫਿਲ ਦਾ ਆਪਣਾ ਅਨੰਦ ਬਣ ਜਾਂਦਾ ਹੈ, ਅਜਿਹਾ ਹੀ ਦ੍ਰਿਸ਼ ਵੱਖ-ਵੱਖ ਟੋਲੀਆਂ/ਢਾਣੀਆਂ ਵਿੱਚ ਬੈਠੇ ਪਤਵੰਤੇ ਸੱਜਣਾਂ ਕਾਰਨ ਬਣਿਆ ਹੋਇਆ ਸੀ।



















ਪਰਿਵਾਰਕ ਮਾਹੌਲ ਵਾਲੀ ਇਸ ਪਿਕਨਿਕ ਵਿੱਚ ਮਨੋਰੰਜਨ ਲਈ ਰੱਸਾਕਸ਼ੀ, ਸੌਕਰ, ਦੌੜਾਂ, ਭਾਰ ਚੁੱਕਣ, ਗੋਲਾ ਸੁੱਟਣ, ਚਮਚ-ਨਿੰਬੂ ਰੇਸ ਤੇ ਮਿਊਜ਼ਿਕਲ ਚੇਅਰ ਦੇ ਨਾਲ ਨਾਲ ਭੰਗੜੇ ਦਾ ਨਜ਼ਾਰਾ ਵੀ ਬੱਝਿਆ। ਦੂਜੇ ਪਾਸੇ ਵਾਲੀਬਾਲ ਦੇ ਖਿਡਾਰੀ ਨੈੱਟ ਪਾਰ ਕਰਾਉਂਦੇ ਵਾਲੀਆਂ ਨੂੰ ਹਵਾ ਵਿੱਚ ਉਡਾ ਰਹੇ ਸਨ। ਢਾਣੀਆਂ ਨੇ ਆਪੋ-ਆਪਣੇ ਵਿਚਾਰ ਛੋਹੇ ਹੋਏ ਸਨ, ਕਿਸੇ ਦੀ ਤਰਬ ਮਿਲਦੀ ਸੀ ਤੇ ਕੋਈ ਕਿਸੇ ਦੇ ਵਿਚਾਰ ਨਾਲ ਸਹਿਮਤ ਨਹੀਂ ਵੀ ਸੀ, ਪਰ ਨਿੱਕੇ-ਵੱਡੇ ਧਾਰਮਿਕ, ਸਮਾਜਿਕ ਤੇ ਸਿਆਸੀ ਮਸਲਿਆਂ ਬਾਬਤ ਵਿਚਾਰਾਂ ਦਾ ਵਟਾਂਦਰਾ ਨਿਰੰਤਰ ਜਾਰੀ ਰਿਹਾ। ਇੱਕ ਪਾਸੇ ਬੈਠੀ ਢਾਣੀ ਤਾਸ਼ ਕੁੱਟ ਰਹੀ ਸੀ। ਤਾਸ਼ ਖੇਡਣ ਵਾਲੇ ਇੰਨੇ ਰੁੱਝੇ ਹੋਏ ਸਨ ਕਿ ਆਲੇ-ਦੁਆਲੇ ਵੱਜਦੇ ਗੀਤ-ਸੰਗੀਤ ਅਤੇ ਖੇਡਾਂ ਦੌਰਾਨ ਉਤਪੰਨ ਹੋਏ ਉਤਸ਼ਾਹੀ ਖਰੂਦ ਦਾ ਵੀ ਉਨ੍ਹਾਂ ਨੂੰ ਖਿਆਲ ਨਹੀਂ ਸੀ ਰਿਹਾ। ਕਿਹੜਾ ਪੱਤਾ ਸੁੱਟਣਾ ਤੇ ਬਾਜੀ ਕਿਵੇਂ ਹਥਿਆਉਣੀ, ਬਸ ਇਸੇ ਫਿਰਾਖ਼ ਵਿੱਚ ਉਨ੍ਹਾਂ ਦੀਆਂ ਸੋਚਾਂ ਦੇ ਘੋੜੇ ਦੌੜ ਰਹੇ ਸਨ।

ਇੱਕ ਪਾਸੇ ਖੜ੍ਹੀ ਢਾਣੀ ਦੀਆਂ ਗੱਲਾਂਬਾਤਾਂ ਦੌਰਾਨ ਗਲਾਸ ‘ਚੋਂ ਘੁੱਟ ਭਰਦਿਆਂ ਇੱਕ ਬਜ਼ੁਰਗ ਨੇ ਹਉਕਾ ਜਿਹਾ ਭਰਿਆ, “ਪੰਜਾਬ ਵਰਗੀ ਮੌਜ ਨ੍ਹੀਂ ਇੱਥੇ…! ਸਭ ਕੁਝ ਠੀਕ ਹੈ ਇੱਥੇ ਵੀ, ਚੰਗੀ ਜ਼ਿੰਦਗੀ ਜੀਅ ਰਹੇ ਹਾਂ, ਪਰ… ਉਥੋਂ ਵਰਗਾ ਖੁੱਲ੍ਹਾ-ਡੁੱਲ੍ਹਾ ਮਾਹੌਲ ਕਿੱਥੇ! ਵਿਹੜੇ ‘ਚ ਮੰਜੇ ਡਾਹ ਕੇ ਉਤੇ ਬੈਠਿਆਂ ਰੋਟੀ ਖਾਣੀ, ਆਪਸੀ ਗੱਲਾਂਬਾਤਾਂ…।” ਇਹ ਸਭ ਆਖਦਿਆਂ ਪੰਜਾਬ ਪ੍ਰਤੀ ਉਸ ਬਜ਼ੁਰਗ ਦਾ ਉਦਰੇਵਾਂ ਸਪਸ਼ਟ ਝਲਕ ਰਿਹਾ ਸੀ। ਨਾਲ ਹੀ ਖੜ੍ਹੇ ਦੂਜੇ ਬਜ਼ੁਰਗ ਦੇ ਬੋਲਾਂ ਵਿੱਚ ਆਪਣੀ ਮਿੱਟੀ (ਯਾਨਿ ਜ਼ਮੀਨ) ਦਾ ਜ਼ਿਕਰ ਵੀ ਬੜਾ ਕੁਝ ਬਿਆਨ ਕਰ ਰਿਹਾ ਸੀ। ਇਸੇ ਦੌਰਾਨ ਇੱਕ ਹੋਰ ਸੱਜਣ ਨੇ ਵਾਰਤਾ ਸੁਣਾਈ ਕਿ ਉਸ ਦਾ ਇੱਕ ਜਾਣੂ ਇੱਥੇ ਜੰਮੇ ਪਲੇ ਆਪਣੇ ਮੁੰਡੇ ਨੂੰ ਪੰਜਾਬ ਲੈ ਗਿਆ ਤੇ ਆਪਣੀ ਪੈਲ਼ੀ ਵੱਲ ਹੱਥ ਦਾ ਇਸ਼ਾਰਾ ਕਰ ਕੇ ਦੱਸਣ ਲੱਗਾ ਕਿ ਅਹੁ ਪਰ੍ਹੇ ਤੱਕ ਆਪਣੀ ਜ਼ਮੀਨ ਹੈ। ਕਣਕ ਦੀ ਵਾਢੀ ਪਿੱਛੋਂ ਖਾਲੀ ਹੋਏ ਖੇਤ ਇੱਕੋ ਜਿਹੇ ਹੀ ਦਿਸ ਰਹੇ ਸਨ। ਜ਼ਮੀਨ ਦੇਖ ਕੇ ਪੰਜਾਬੀ-ਅਮਰੀਕਨ ਮੁੰਡੇ ਦਾ ਕਹਿਣਾ ਸੀ ਕਿ ‘ਰੰਗ ਤਾਂ ਸਾਰੀ ਦਾ ਇੱਕੋ ਜਿਹਾ ਹੈ’ ਭਾਵ ਮੁੰਡੇ ਨੂੰ ਜ਼ਮੀਨ ਦੀ ਅਹਿਮੀਅਤ ਬਾਰੇ ਕੋਈ ਬਹੁਤੀ ਸਮਝ ਨਹੀਂ ਸੀ। ਇੰਜ ਹੀ ਅਲੱਗ ਅਲੱਗ ਕਈ ਢਾਣੀਆਂ ਜੁੜੀਆਂ ਹੋਈਆਂ ਸਨ ਅਤੇ ਪੰਜਾਬ ਤੇ ਸਥਾਨਕ ਪੱਧਰ ਨਾਲ ਜੁੜੀਆਂ ਕਈ ਹੋਰ ਗੱਲਾਂ ਦਾ ਅਦਾਨ-ਪ੍ਰਦਾਨ ਵੀ ਹੁੰਦਾ ਰਿਹਾ।



ਪਿਕਨਿਕ ਵਿੱਚ ਕਈ ਵੇਲੇ ਸਿਰ ਪੁੱਜ ਗਏ ਤੇ ਕਈ ਰਤਾ ਕੁ ਪੱਛੜ ਕੇ। ਆਉਣੀ-ਜਾਣੀ ਨਾਲ ਰੌਣਕਾਂ ਬਰਕਰਾਰ ਰਹੀਆਂ ਅਤੇ ਬੁੱਕਲਾਂ ਸਾਂਝੀਆਂ ਹੋ ਜਾਣ ਕਾਰਨ ਬਾਰ-ਬੀ-ਕਿਊ ਦੇ ਧੂੰਏ ਵਾਂਗ ਕੁਝ ਕੁਝ ਪ੍ਰੇਸ਼ਾਨੀਆਂ ਤੇ ਫਿਕਰ ਉਡਦੇ ਨਜ਼ਰ ਆ ਰਹੇ ਸਨ-ਐਨ ਉਸੇ ਤਰ੍ਹਾਂ ਜਿਵੇਂ ਖੇਡਦੇ ਹੋਏ ਬੱਚੇ ਬੇਫਿਕਰ ਹੁੰਦੇ ਹਨ। ਦੁੱਖਾਂ-ਸੁੱਖਾਂ ਦੀ ਸਾਂਝ-ਭਿਆਲੀ ਦਾ ਮਰਕਜ਼ ਬਣਦੇ ਅਜਿਹੇ ਸਮਾਗਮ ਮਾਣਨ ਪਿੱਛੋਂ ਮੁੜ ਅਜਿਹਾ ਕੋਈ ਹੋਰ ਪ੍ਰੋਗਰਾਮ ਕਰਨ ਲਈ ਸਲਾਹਾਂ ਦਾ ਦੌਰ ਚੱਲ ਪਿਆ ਸੀ। ਨਾਲ ਦੀ ਨਾਲ ਇਹ ਸੁਝਾਅ ਵੀ ਪ੍ਰਗਟਾਏ ਜਾਣ ਲੱਗੇ ਸਨ ਕਿ ਇੱਕ ਸੰਸਥਾ ਸਾਲ ਵਿੱਚ ਇੱਕ ਹੀ ਪ੍ਰੋਗਰਾਮ ਕਰਵਾਵੇ, ਪਰ ਹੋਵੇ ਹਰ ਪ੍ਰੋਗਰਾਮ ਹਟਵਾਂ ਹੀ!

ਇਸ ਮੌਕੇ ਮਨੋਰੰਜਨ ਲਈ ਖੇਡਾਂ ਕਰਵਾਈਆਂ ਗਈਆਂ। ਮੈਨਜ਼ ਸ਼ਾਟ ਪੁੱਟ ਯਾਨਿ ਗੋਲਾ ਸੁੱਟਣ ਵਿੱਚ ਰਣਜੀਤ (ਰਾਣਾ) ਭੰਡਾਲ ਪਹਿਲੇ, ਗੁਰਬੀਰ ਸਿੰਘ ਧਨੋਆ ਦੂਜੇ ਅਤੇ ਗੁਲਸ਼ੇਰ ਸਿੰਘ ਤੀਜੇ ਸਥਾਨ ‘ਤੇ ਰਹੇ; ਜਦਕਿ ਗੋਲਾ ਸੁੱਟਣ ਦੇ ਔਰਤਾਂ ਦੇ ਵਰਗ ਵਿੱਚ ਰਮਨੀਤ ਕੌਰ, ਖੁਸ਼ਦੀਪ ਕੌਰ ਤੇ ਹਰਵਿੰਦਰ ਕੌਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਥਾਂ ਰਹੀਆਂ। ਡੰਬਲ ਪਾਵਰ ‘ਸਨੈਚ’ (40 ਪੌਂਡ ਭਾਰ) ਦੌਰਾਨ ਪਹਿਲੇ ਤਿੰਨ ਮੋਹਰੀਆਂ ਵਿੱਚ ਕ੍ਰਮਵਾਰ ਅਮਨਦੀਪ ਸਿੰਘ ਕੁਲਾਰ, ਰਣਜੀਤ ਕੌਰ ਤੇ ਮਨਦੀਪ ਕੁਮਾਰ ਰਹੇ। ਹੋਰ ਵੀ ਕਈਆਂ ਨੇ ਭਾਰ ਚੁੱਕਣ ਵਿੱਚ ਜ਼ੋਰ-ਅਜ਼ਮਾਈ ਕੀਤੀ।

ਇਸ ਮੌਕੇ ਬੱਚਿਆਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ। ਲੜਕੀਆਂ ਦੀ ਸੌ ਮੀਟਰ ਦੌੜ (ਅੰਡਰ-7) ਵਿੱਚ ਸੂਰਤ ਕੌਰ ਫਸਟ ਤੇ ਜਪਮਨ ਕੌਰ ਸੈਕਿੰਡ ਰਹੀ; ਜਦਕਿ ਮੁੰਡਿਆਂ ਵਿੱਚ ਅਭੀਜੋਤ ਸਿੰਘ, ਹਰਮਨ ਸਿੰਘ ਅਤੇ ਅਮਰ ਸਿੰਘ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ ‘ਤੇ ਰਹੇ। ਅੰਡਰ-12 ਵਰਗ (ਕੁੜੀਆਂ) ਵਿੱਚ ਆਰੀਆ ਅਤੇ ਅਵਨੂਰ ਕੌਰ ਪਹਿਲੇ ਤੇ ਦੂਜੇ ਸਥਾਨ ‘ਤੇ ਰਹੀਆਂ। ਮੁੰਡਿਆਂ ਵਿੱਚ ਯੁਵਰਾਜ ਸਿੰਘ ਤੇ ਸਹਿਜ ਸਿੰਘ ਜੇਤੂ ਰਹੇ। ਅੰਡਰ-14 (ਮੁੰਡੇ) ਵਰਗ ਵਿੱਚ ਜਸ ਮਹਾਜਨ, ਗੁਰਜਿੰਦ ਮਾਂਗਟ ਤੇ ਗੁਰਈਸ਼ਰ ਸਿੰਘ ਕੁਲਾਰ ਮੋਹਰੀਆਂ ਪੁਜੀਸ਼ਨਾਂ ‘ਤੇ ਰਹੇ; ਜਦਕਿ ਅੰਡਰ-16 ਵਰਗ ਵਿੱਚ ਮਨਵੀਰ ਸਿੰਘ ਕਲਸੀ, ਅਵੀਤੇਜ ਸਿੰਘ ਅਤੇ ਹਰਜੀਤ ਸਿੰਘ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ ‘ਤੇ ਰਹੇ।

ਅੰਡਰ-40 (ਨੌਜਵਾਨ) ਵਰਗ ਦੀ 100 ਮੀਟਰ ਦੌੜ ਵਿੱਚ ਜਿਗਰਦੀਪ ਸਿੰਘ ਪ੍ਰਥਮ, ਹਰਮਨ ਸਿੰਘ ਦੋਇਮ ਅਤੇ ਮਨਵੀਰ ਸਿੰਘ ਤੀਜੇ ਥਾਂ ਰਹੇ। ਇਸ ਤੋਂ ਇਲਾਵਾ 40 ਤੋਂ 50 ਸਾਲ ਉਮਰ ਵਰਗ ਦੀ ਸੌ ਮੀਟਰ ਦੌੜ ਵਿੱਚ ਰਿਸ਼ੀ ਦੇਵ ਪ੍ਰਥਮ ਅਤੇ ਬਿਕਰਮ ਸਿੰਘ ਦੋਇਮ ਰਹੇ; ਜਦਕਿ ਇਸੇ ਉਮਰ ਵਰਗ ਦੀਆਂ ਬੀਬੀਆਂ ਦੀ ਦੌੜ ਵਿੱਚ ਵੀਰਪਾਲ ਕੌਰ ਫਸਟ, ਮਨਪ੍ਰੀਤ ਕੌਰ ਸੈਕਿੰਡ ਤੇ ਅਰਚਨਾ ਦੇਵ ਥਰਡ ਰਹੀ।

ਖੈਰ! ਖਾਣ-ਪੀਣ ਦਾ ਖੁੱਲ੍ਹਾ ਤੇ ਵਧੀਆ ਪ੍ਰਬੰਧ ਸੀ। ਪਿਕਨਿਕ ਵਿੱਚ ਸ਼ਾਮਲ ਹੋਇਆ ਹਰ ਕੋਈ ਕੁਝ ਨਾ ਕੁਝ ਲੈ ਕੇ ਆਇਆ ਸੀ, ਜਿਸ ਕਾਰਨ ਭਾਂਤ-ਸੁਭਾਂਤੇ ਭੋਜ-ਪਦਾਰਥ ਪੇਸ਼-ਏ-ਖਿਦਮਤ ਸਨ। ਖਾਣ-ਪੀਣ ਦੇ ਕੁਝ ਸ਼ੌਕੀਨ ਪੰਜਾਬੀਆਂ ਨੇ ਇਸ ਪਿਕਨਿਕ ਲਈ ਆਪਣੇ ਲਈ ਅਗਾਊਂ ਪ੍ਰਬੰਧ ਕੀਤੇ ਹੋਏ ਸਨ। ਵਾਲੀਬਾਲ ਟੀਮ ਗਰੁੱਪ ਨੇ ਵੀ ‘ਮਹਿਫਿਲ ਮਿੱਤਰਾਂ ਦੀ’ ਸਜਾਈ ਹੋਈ ਸੀ। ਅਸਲ ਵਿੱਚ ਵਾਲੀਬਾਲ ਟੀਮ ਗਰੁੱਪ ਵਾਲੇ ਸਿਰਫ ਵਾਲੀਬਾਲ ਹੀ ਨਹੀਂ ਖੇਡਦੇ, ਉਹ ਗੁਰਦੁਆਰਾ ਪੈਲਾਟਾਈਨ ਦੇ ਕਾਰਸੇਵਾ ਜਥੇ ਵਿੱਚ ਸ਼ਾਮਲ ਹੋ ਕੇ ਕਾਰਸੇਵਾ ਕਰਨ ਨੂੰ ਵੀ ਸਰਗਰਮ ਹਨ ਅਤੇ ‘ਹੱਸਣਾ ਖੇਡਣਾ ਮਨ ਕਾ ਚਾਓ’ ਦੇ ਧਾਰਨੀ ਬਣ ਹੱਸਣ-ਹਸਾਉਣ ਲਈ ਮਹਿਫਿਲਾਂ ਸਜਾਉਂਦੇ ਹਨ ਅਤੇ ‘ਮਨ ਕੇ ਚਾਓ’ ਲਈ ਵਾਲੀਬਾਲ ਵੀ ਖੇਡਦੇ ਹਨ।





# ਇੱਕ ਚੋਣ ਪ੍ਰਸਤਾਵ ਅਤੇ ਵਿਰੋਧੀ ਧਿਰਾਂ ਦੇ ਤੇਵਰ

**ਦਿਲਜੀਤ ਸਿੰਘ ਬੇਦੀ**

ਕੇਂਦਰੀ ਮੰਤਰੀ ਮੰਡਲ ਨੇ ਕੋਵਿੰਦ ਕਮੇਟੀ ਵੱਲੋਂ ਸਿਫ਼ਾਰਸ਼ ਕੀਤੇ 'ਇੱਕ ਰਾਸ਼ਟਰ-ਇੱਕ ਚੋਣ' ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨੂੰ ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਪੇਸ਼ ਕੀਤਾ ਜਾਵੇਗਾ। ਮੀਟਿੰਗ ਪਿੱਛੋਂ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ 'ਚ ਲੋਕ ਸਭਾ ਦੇ ਨਾਲ ਹੀ ਵਿਧਾਨ ਸਭਾਵਾਂ ਦੀਆਂ ਚੋਣਾਂ ਕਰਵਾਉਣ ਲਈ ਗਠਿਤ ਉੱਚ ਪੱਧਰੀ ਕਮੇਟੀ ਦੀ ਰਿਪੋਰਟ ਮੰਤਰੀ ਮੰਡਲ ਦੇ ਸਾਹਮਣੇ ਰੱਖੀ ਗਈ। ਰਿਪੋਰਟ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ ਗਈ ਹੈ। ਰਿਪੋਰਟ ਨੂੰ ਕੈਬਨਿਟ ਦੇ ਸਾਹਮਣੇ ਪੇਸ਼ ਕਰਨਾ ਕਾਨੂੰਨ ਮੰਤਰਾਲੇ ਦੇ 100 ਦਿਨਾਂ ਦੇ ਏਜੰਡੇ ਦਾ ਹਿੱਸਾ ਸੀ। ਉੱਚ ਪੱਧਰੀ ਕਮੇਟੀ ਨੇ ਪਹਿਲੇ ਕਦਮ ਵਜੋਂ ਲੋਕ ਸਭਾ ਤੇ ਵਿਧਾਨ ਸਭਾਵਾਂ ਲਈ ਇੱਕੋ ਸਮੇਂ ਚੋਣਾਂ ਕਰਵਾਉਣ ਅਤੇ ਫਿਰ 100 ਦਿਨਾਂ ਅੰਦਰ ਸਥਾਨਕ ਸਰਕਾਰ ਦੇ ਅਦਾਰਿਆਂ ਦੀਆਂ ਚੋਣਾਂ ਕਰਵਾਉਣ ਦੀ ਸਿਫ਼ਾਰਸ਼ ਕੀਤੀ ਸੀ। ਇਸ ਦੇ ਨਾਲ ਹੀ ਮੰਤਰੀ ਮੰਡਲ ਨੇ ਚੰਦਰਯਾਨ-4 ਦੇ ਨਵੇਂ ਚੰਦਰ ਮਿਸ਼ਨ ਨੂੰ ਵੀ ਮਨਜ਼ੂਰੀ ਦੇ ਦਿੱਤੀ, ਜਿਸ ਦਾ ਮੰਤਵ ਭਾਰਤੀ ਪੁਲਾੜ ਯਾਤਰੀਆਂ ਨੂੰ ਚੰਦਰਮਾ 'ਤੇ ਉਤਾਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਧਰਤੀ 'ਤੇ ਵਾਪਸ ਲਿਆਉਣ ਲਈ ਲੋੜੀਂਦੀਆਂ ਤਕਨੀਕਾਂ ਨੂੰ ਵਿਕਸਤ ਕਰਨਾ ਹੈ ਤੇ ਚੰਦਰਮਾ ਦੀਆਂ ਚੱਟਾਨਾਂ ਨੂੰ ਧਰਤੀ 'ਤੇ ਲਿਆਉਣਾ ਹੈ।

ਸਰਕਾਰ ਨੇ ਕਿਸਾਨਾਂ ਨੂੰ ਬਿਹਤਰ ਕੀਮਤਾਂ ਪ੍ਰਦਾਨ ਕਰਨ ਤੇ ਖਪਤਕਾਰਾਂ ਲਈ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਦੇ ਉਤਰਾਅ-ਚੜ੍ਹਾਅ ਨੂੰ ਕੰਟਰੋਲ 'ਚ ਕਰਨ ਲਈ 35,000 ਕਰੋੜ ਰੁਪਏ ਦੀ ਲਾਗਤ ਵਾਲੀ ਪੀ.ਐੱਮ.-ਆਸ਼ਾ ਯੋਜਨਾ ਨੂੰ ਜਾਰੀ ਰੱਖਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਕਿਸਾਨਾਂ ਤੇ ਖਪਤਕਾਰਾਂ ਦੀ ਵਧੇਰੇ ਕੁਸ਼ਲਤਾ ਨਾਲ ਸੇਵਾ ਕਰਨ ਲਈ ਸਰਕਾਰ ਨੇ ਮੁੱਲ ਸਹਾਇਤਾ ਯੋਜਨਾ ਅਤੇ ਕੀਮਤ ਸਥਿਰਤਾ ਫੰਡ ਯੋਜਨਾਵਾਂ ਨੂੰ ਪੀ.ਐੱਮ.-ਆਸ਼ਾ ਯੋਜਨਾ ਨਾਲ ਜੋੜਿਆ ਹੈ। ਸਰਕਾਰ ਨੇ ਆਉਂਦੇ ਹਾੜੀ ਦੇ ਫਸਲੀ ਮੌਸਮ ਲਈ ਫਾਸਫੇਟ ਤੇ ਪੋਟਾਸ਼ (ਪੀ. ਐਂਡ ਕੇ.) ਖਾਦਾਂ 'ਤੇ 24,474.53 ਕਰੋੜ ਰੁਪਏ ਦੀ ਸਬਸਿਡੀ ਨੂੰ ਮਨਜ਼ੂਰੀ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਇੱਕ ਰਾਸ਼ਟਰ-ਇੱਕ ਚੋਣ' 'ਤੇ ਉੱਚ ਪੱਧਰੀ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਕੇਂਦਰੀ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੇ ਜਾਣ ਨੂੰ ਲੋਕਰਾਜ ਨੂੰ ਹੋਰ ਮਜ਼ਬੂਤ ਤੇ ਸਹਿਯੋਗੀ ਬਣਾਉਣ ਵੱਲ ਇੱਕ ਅਹਿਮ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਇੱਕੱਠਿਆਂ ਚੋਣਾਂ ਕਰਵਾਉਣ ਬਾਰੇ ਉੱਚ ਪੱਧਰੀ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਮੰਨ ਲਿਆ ਹੈ।

ਮੋਦੀ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ ਵਿੱਚ 'ਇੱਕ ਦੇਸ਼-ਇੱਕ ਚੋਣ' ਬਾਰੇ ਦਸਤਾਵੇਜ਼ ਤਿਆਰ ਕਰਨ ਲਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਿੱਚ 2 ਸਤੰਬਰ 2023 ਨੂੰ 'ਕਵਿੰਦ ਕਮੇਟੀ' ਦਾ ਗਠਨ ਕੀਤਾ ਸੀ। ਕੋਵਿੰਦ ਕਮੇਟੀ ਨੇ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਨਾਲ ਰਾਇ-ਮਸ਼ਵਰਾ ਕੀਤਾ ਸੀ। ਇਸ ਦੇ ਹੱਕ ਵਿੱਚ 32 ਪਾਰਟੀਆਂ ਨੇ ਹਾਮੀ ਭਰੀ ਸੀ ਅਤੇ ਕਾਂਗਰਸ



(ਖੱਬਿਓਂ) ਨਰਿੰਦਰ ਮੋਦੀ, ਅਮਿਤ ਸ਼ਾਹ, ਰਾਹੁਲ ਗਾਂਧੀ ਤੇ ਮਲਿਕਾਰਜੁਨ ਖੜਗੇ

ਸਮੇਤ ਲਗਭਗ 15 ਪਾਰਟੀਆਂ ਨੇ ਇਸ ਦਾ ਵਿਰੋਧ ਕੀਤਾ ਸੀ। ਉਕਤ ਕਮੇਟੀ ਵਲੋਂ 14 ਮਾਰਚ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ 18,000 ਸਫਿਆਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਸਾਰੇ ਪੱਧਰ ਦੀਆਂ ਚੋਣਾਂ ਵਿੱਚ ਇੱਕਸਾਰਤਾ ਕਿਵੇਂ ਲਿਆਂਦੀ ਜਾ ਸਕਦੀ ਹੈ, ਆਦਿ ਵੇਰਵਾ ਹੈ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਲੋਕ ਸਭਾ ਦੀਆਂ ਪਹਿਲੀਆਂ ਚੋਣਾਂ 1951 ਵਿੱਚ ਹੋਈਆਂ ਸਨ। 1967 ਤੱਕ ਸਾਰੇ ਪੱਧਰਾਂ 'ਤੇ ਚੋਣਾਂ ਦੀ ਨਿਰੰਤਰਤਾ ਬਣੀ ਰਹੀ ਸੀ। ਹਾਲਾਤ ਬਦਲਦੇ ਗਏ, ਕੌਮੀ ਪਾਰਟੀ ਕਾਂਗਰਸ ਦਾ ਸਿਆਸੀ ਦਬਦਬਾ ਘਟਦਾ ਗਿਆ। ਸਥਾਨਕ ਅਤੇ ਪ੍ਰਾਂਤਕ ਸਿਆਸੀ ਪਾਰਟੀਆਂ ਦਾ ਵੱਡਾ ਉਭਾਰ ਦੇਖਣ ਨੂੰ ਮਿਲਿਆ। ਸਮੇਂ ਦੀਆਂ ਕੇਂਦਰੀ ਸਰਕਾਰਾਂ ਵੱਲੋਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਤੋੜੀਆਂ ਵੀ ਜਾਂਦੀਆਂ ਰਹੀਆਂ, ਜਿਸ ਕਰਕੇ ਇਨ੍ਹਾਂ ਚੋਣਾਂ ਵਿੱਚ ਇੱਕਸਾਰਤਾ ਨਾ ਰਹੀ। ਅੱਜ ਦੇਸ਼ ਦੇ ਸਿਆਸੀ ਹਾਲਾਤ ਪਹਿਲਾਂ ਨਾਲੋਂ ਬਹੁਤ ਬਦਲ ਚੁੱਕੇ ਹਨ। ਕੇਂਦਰ ਵਿੱਚ ਵੀ ਸਮੇਂ ਤੋਂ ਪਹਿਲਾਂ ਸਰਕਾਰਾਂ ਟੁੱਟਦੀਆਂ ਤੇ ਬਣਦੀਆਂ ਰਹੀਆਂ ਹਨ। ਹੁਣ ਇੱਕੋ ਸਮੇਂ ਵੱਖ-ਵੱਖ ਪੱਧਰਾਂ 'ਤੇ ਚੋਣਾਂ ਕਰਵਾਉਣਾ ਬੇਹੱਦ ਮੁਸ਼ਕਿਲ ਅਤੇ ਜਟਿਲ ਕੰਮ ਬਣ ਗਿਆ ਹੈ। ਭਾਜਪਾ ਆਪਣੇ ਬਲਬੂਤੇ 'ਤੇ ਲੋਕ ਸਭਾ ਦੀਆਂ ਚੋਣਾਂ ਵਿੱਚ ਬਹੁਮਤ ਪ੍ਰਾਪਤ ਨਹੀਂ ਕਰ ਸਕੀ। ਸਰਕਾਰ ਬਣਾਉਣ ਲਈ ਇਸ ਨੂੰ ਹੋਰ 13 ਛੋਟੀਆਂ-ਵੱਡੀਆਂ ਪਾਰਟੀਆਂ ਦਾ ਸਹਿਯੋਗ ਲੈਣਾ ਪਿਆ ਹੈ। ਲੋਕ ਸਭਾ ਵਿੱਚ ਵੀ ਵਿਰੋਧੀ ਧਿਰਾਂ ਗਿਣਤੀ ਦੇ ਪੱਖੋਂ ਵਧੇਰੇ ਮਜ਼ਬੂਤ ਹੋ ਗਈਆਂ ਹਨ। ਹੁਣ ਕੇਂਦਰੀ ਕੈਬਨਿਟ ਰਾਹੀਂ ਲਏ ਗਏ ਫ਼ੈਸਲੇ ਨੂੰ ਸੰਸਦ ਵਿੱਚ ਦੋ-ਤਿਹਾਈ ਵੋਟਾਂ ਨਾਲ ਅਤੇ ਸਾਰੇ ਹੀ ਰਾਜਾਂ ਦੀਆਂ ਵਿਧਾਨ ਸਭਾਵਾਂ ਤੋਂ ਵੀ ਇਸ ਨੂੰ ਪਾਸ ਕਰਵਾਉਣਾ ਪਵੇਗਾ, ਜੋ ਅੱਜ ਦੇ ਹਾਲਾਤ ਵਿੱਚ ਵੱਡੀ ਜੋਖਮ ਭਰੀ ਕਾਰਵਾਈ ਹੋਵੇਗੀ।

ਸਮਾਜਵਾਦੀ ਪਾਰਟੀ ਨੇ 'ਇੱਕ ਰਾਸ਼ਟਰ-ਇੱਕ ਚੋਣ' 'ਤੇ ਮੋਦੀ ਕੈਬਨਿਟ ਦੇ ਫੈਸਲੇ ਦੀ ਹਮਾਇਤ ਕਰਦਿਆਂ ਕਿਹਾ ਕਿ ਅਸੀਂ ਵੀ ਇਸ ਦੇ ਹੱਕ ਵਿੱਚ ਹਾਂ। ਅਸੀਂ ਵੀ ਚਾਹੁੰਦੇ ਹਾਂ ਕਿ ਇੱਕ ਦੇਸ਼ 'ਚ ਇੱਕ ਹੀ ਚੋਣ ਹੋਵੇ। ਪਾਰਟੀ ਦੇ ਨੇਤਾ ਰਵਿਦਾਸ ਮੇਹਰੋਤਰਾ ਅਨੁਸਾਰ ਸਮਾਜਵਾਦੀ ਪਾਰਟੀ ਇਸ ਦੇ ਹੱਕ ਵਿੱਚ ਹੈ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਆਪਣੇ ਭਾਵਾਂ ਦਾ ਪ੍ਰਗਟਾਵਾ ਕਰਦਿਆਂ ਕੇਂਦਰੀ ਮੰਤਰੀ ਮੰਡਲ ਵੱਲੋਂ 'ਇੱਕ ਰਾਸ਼ਟਰ-ਇੱਕ ਚੋਣ' ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੇ ਜਾਣ 'ਤੇ ਆਪਣੀ ਪਾਰਟੀ ਦੇ ਰੁਖ ਨੂੰ 'ਹਾਂ-ਪੱਖੀ' ਦੱਸਦਿਆਂ ਕਿਹਾ ਕਿ ਇਸ ਦਾ ਮੰਤਵ ਦੇਸ਼ ਤੇ ਲੋਕ ਹਿੱਤਾਂ ਵਿੱਚ ਜ਼ਰੂਰੀ ਹੋਣਾ ਚਾਹੀਦਾ ਹੈ।

ਕਾਂਗਰਸ ਸਮੇਤ 15 ਵਿਰੋਧੀ ਪਾਰਟੀਆਂ ਨੇ ਇਸ ਫੈਸਲੇ ਨੂੰ ਮੁੱਢੋਂ ਰੱਦ ਕੀਤਾ ਹੈ। 'ਇੱਕ ਦੇਸ਼ ਇੱਕ ਚੋਣ' ਨੂੰ ਕੈਬਨਿਟ ਵੱਲੋਂ ਹਰੀ ਝੰਡੀ ਦਿਖਾਉਣ ਤੋਂ ਬਾਅਦ ਕਾਂਗਰਸ ਸਮੇਤ 15 ਪਾਰਟੀਆਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਹੈ। ਕਾਂਗਰਸ ਨੇ ਇਸ ਨੂੰ ਗੈਰ-ਅਮਲੀ ਤੇ ਬੇਤੁਕਾ ਦੱਸਿਆ ਹੈ। ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇਸ ਯੋਜਨਾ ਨੂੰ ਲੋਕਾਂ ਦਾ ਧਿਆਨ ਹੋਰਨਾਂ ਪ੍ਰਮੁੱਖ ਮੁੱਦਿਆਂ ਤੋਂ ਭਟਕਾਉਣ ਦੀ ਕੋਸ਼ਿਸ਼ ਕਰਾਰ ਦਿੱਤਾ। ਕੇਂਦਰ ਸਰਕਾਰ ਦੀ ਇਸ ਯੋਜਨਾ ਦਾ ਵਿਰੋਧ ਕਰਦਿਆਂ ਵਿਰੋਧੀ ਧਿਰ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਉਹ ਇਸ ਨੂੰ ਸੰਸਦ 'ਚ ਉਠਾਉਣਗੇ। ਦੇਸ਼ ਪੱਧਰੀ ਇਸ ਦਾ ਵਿਰੋਧ ਵੀ ਕੀਤਾ ਜਾਵੇਗਾ।

ਭਾਰਤ-ਮਿਆਂਮਾਰ ਸਰਹੱਦ 'ਤੇ ਵਾੜ ਦਾ ਲੇਖਾ ਜੋਖਾ: ਹਥਿਆਰਾਂ, ਗੋਲਾ-ਬਾਰੂਦ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਮਸ਼ਹੂਰ ਭਾਰਤ-ਮਿਆਂਮਾਰ ਦੀ 1643 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ 'ਤੇ 31,000 ਕਰੋੜ ਰੁਪਏ ਦੀ ਲਾਗਤ ਨਾਲ ਵਾੜ ਲਾਈ ਜਾਵੇਗੀ। ਗ੍ਰਹਿ ਮੰਤਰਾਲੇ ਦੇ ਸੂਤਰਾਂ ਨੇ ਬੁੱਧਵਾਰ ਨੂੰ ਦੱਸਿਆ ਕਿ ਸੁਰੱਖਿਆ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਸਿਧਾਂਤਕ ਰੂਪ ਨਾਲ ਭਾਰਤ ਅਤੇ ਮਿਆਂਮਾਰ ਸਰਹੱਦ 'ਤੇ ਵਾੜ ਲਾਉਣ ਤੇ ਸੜਕਾਂ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਨੁਸਾਰ ਸਰਹੱਦ ਦੇ 30 ਕਿਲੋਮੀਟਰ ਹਿੱਸੇ 'ਚ ਵਾੜ ਲਾਉਣ ਦਾ ਕੰਮ ਪੂਰਾ ਹੋ ਚੁੱਕਾ ਹੈ। ਮੋਰੇਹ ਦੇ ਕੋਲ ਲਗਪਗ 10 ਕਿਲੋਮੀਟਰ ਦੀ ਵਾੜ ਲਾਉਣ ਦਾ ਕੰਮ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ ਤੇ ਮਨੀਪੁਰ ਦੇ ਹੋਰ ਇਲਾਕਿਆਂ 'ਚ ਸਰਹੱਦ ਦੇ 21 ਕਿਲੋਮੀਟਰ ਹਿੱਸੇ 'ਚ ਵਾੜ ਲਾਉਣ ਦਾ ਕੰਮ ਚੱਲ ਰਿਹਾ ਹੈ। ਭਾਰਤ-ਮਿਆਂਮਾਰ ਸਰਹੱਦ ਮਨੀਪੁਰ, ਮਿਜ਼ੋਰਮ, ਨਾਗਾਲੈਂਡ ਤੇ ਅਰੁਣਾਚਲ ਪ੍ਰਦੇਸ਼ 'ਚੋਂ ਹੋ ਕੇ ਲੰਘਦੀ ਹੈ। ਕੇਂਦਰ ਸਰਕਾਰ ਪਹਿਲਾਂ ਹੀ ਭਾਰਤ-ਮਿਆਂਮਾਰ ਮੁਕਤ ਆਵਾਜਾਈ ਵਿਵਸਥਾ (ਐੱਫ.ਐਮ.ਆਰ.) ਨੂੰ ਖ਼ਤਮ ਕਰ ਚੁੱਕੀ ਹੈ, ਜੋ ਸਰਹੱਦ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਬਿਨਾ ਕਿਸੇ ਦਸਤਾਵੇਜ਼ ਦੇ ਇੱਕ-ਦੂਜੇ ਦੇ ਖੇਤਰ 'ਚ 16 ਕਿਲੋਮੀਟਰ ਤੱਕ ਜਾਣ ਦੀ ਇਜਾਜ਼ਤ ਦਿੰਦੀ ਸੀ। ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਪਹਿਲਾਂ ਤੋਂ ਵੈਰੀਫਾਈਡ ਭਾਰਤੀ ਨਾਗਰਿਕਾਂ ਤੇ ਓਵਰਸੀਜ਼ ਸਿਟੀਜ਼ਨ ਆਫ ਇੰਡੀਆ (ਓ.ਸੀ.ਆਈ.) ਕਾਰਡ ਧਾਰਕਾਂ ਲਈ ਸੱਤ ਹੋਰ ਹਵਾਈ ਅੱਡਿਆਂ 'ਤੇ ਜਲਦ ਹੀ ਤੇਜ਼ ਇਮੀਗ੍ਰੇਸ਼ਨ ਨਿਕਾਸੀ ਪ੍ਰਕਿਰਿਆ ਸ਼ੁਰੂ ਹੋਵੇਗੀ।

ਇਨ੍ਹਾਂ 'ਚ ਮੁੰਬਈ, ਚੇਨਈ, ਕੋਲਕਾਤਾ, ਬੈਂਗਲੁਰੂ, ਹੈਦਰਾਬਾਦ, ਕੋਚੀਨ ਤੇ ਅਹਿਮਦਾਬਾਦ ਏਅਰਪੋਰਟ ਸ਼ਾਮਲ ਹਨ। ਅਧਿਕਾਰੀਆਂ ਮੁਤਾਬਕ ਫਾਸਟ ਟ੍ਰੈਕ ਇਮੀਗ੍ਰੇਸ਼ਨ-ਟ੍ਰਸਟਿਡ ਟ੍ਰੈਵਲਰ ਪ੍ਰੋਗਰਾਮ (ਐੱਫ.ਟੀ.ਆਈ.-ਟੀ.ਟੀ.ਪੀ.) ਨੂੰ ਦਿੱਲੀ ਦੇ ਆਈ.ਜੀ.ਆਈ. ਹਵਾਈ ਅੱਡੇ 'ਤੇ ਜੂਨ 'ਚ ਹੀ ਲਾਂਚ ਕੀਤਾ ਜਾ ਚੁੱਕਾ ਹੈ। ਸਾਇਬਰ ਅਪਰਾਧਾਂ 'ਤੇ ਦੇਸ਼ ਪੱਧਰੀ ਰੋਕ ਲਾਉਣ ਦੇ ਟੀਚੇ ਨਾਲ ਸਰਕਾਰ ਸੂਬਾਈ ਪੁਲਿਸ ਦਸਤਿਆਂ ਵਿਚਾਲੇ ਡਾਟਾ ਸਾਂਝਾ ਕਰਨ ਲਈ ਵਨ ਸਟਾਪ ਪੋਰਟਲ ਤਾਲਮੇਲ ਸਥਾਪਤ ਕਰ ਰਹੀ ਹੈ। ਕਾਨੂੰਨ ਇਨਫੋਰਸਮੈਂਟ ਏਜੰਸੀਆਂ ਦੇ ਅਧਿਕਾਰੀ ਸਾਇਬਰ ਅਪਰਾਧੀਆਂ, ਮਿਊਲ ਬੈਂਕ ਅਕਾਊਂਟ, ਏ.ਟੀ.ਐੱਮ. ਨਿਕਾਸੀ ਸਥਾਨਾਂ, ਸਿਮ ਕਾਰਡਾਂ ਲਈ ਵਿਕਰੀ ਕੇਂਦਰ, ਸ਼ੱਕੀ ਰਿਹਾਇਸ਼ਾਂ ਦੇ ਸਥਾਨਾਂ ਦੀ ਮੈਪਿੰਗ ਲਈ ਪੋਰਟਲ ਦੀ ਵਰਤੋਂ ਕਰਨਗੇ। ਇੱਕ ਜੁਲਾਈ ਨੂੰ ਭਾਰਤੀ ਨਿਆਂ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਤੋਂ ਹੁਣ ਤੱਕ ਦੇਸ਼ ਭਰ 'ਚ ਇਸ ਤਹਿਤ 5.56 ਲੱਖ ਤੋਂ ਵੱਧ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਨਵੇਂ ਅਪਰਾਧਕ ਕਾਨੂੰਨਾਂ ਦੇ ਸੁਚਾਰੂ ਢੰਗ ਨਾਲ ਕੰਮ ਕਰਨ ਲਈ ਗ੍ਰਹਿ ਮੰਤਰਾਲੇ ਨੇ ਵੀਡੀਓਗ੍ਰਾਫੀ ਤੇ ਫੋਟੋਗ੍ਰਾਮੀ ਰਾਹੀਂ ਸਬੂਤਾਂ ਨੂੰ ਫੜਨ, ਇਕੱਠਾ ਕਰਨ ਲਈ ਈ-ਸਬੂਤ ਸਮੇਤ ਕਈ ਮੋਬਾਈਲ ਐਪਲੀਕੇਸ਼ਨ ਵੀ ਵਿਕਸਤ ਕੀਤੇ ਹਨ।

# ਯੂਕਰੇਨ ਨੇ ਬਣਾਇਆ ਰੂਸ ਦੇ ਫੌਜੀ ਅਸਲਾ ਭੰਡਾਰ ਨੂੰ ਨਿਸ਼ਾਨਾ

ਯੂਕਰੇਨ ਨੇ 17 ਸਤੰਬਰ 2024 ਦੀ ਰਾਤ ਨੂੰ ਕੀਤੇ ਡ੍ਰੋਨ ਹਮਲੇ 'ਚ ਸਰਹੱਦ ਤੋਂ 500 ਕਿਲੋਮੀਟਰ ਦੂਰ ਟਵੇਰ ਸੂਬੇ ਸਥਿਤ ਟੋਰੋਪੇਟਸ ਵਿਖੇ ਰੂਸੀ ਫ਼ੌਜੀ ਅਸਲਾ ਭੰਡਾਰ ਨੂੰ ਨਿਸ਼ਾਨਾ ਬਣਾਇਆ। ਇਹ ਹਮਲਾ ਏਨਾ ਭਿਅੰਕਰ ਸੀ, ਉੱਥੇ ਰੱਖੀਆਂ ਮਿਜ਼ਾਈਲਾਂ-ਗੋਲੇ ਫਟਣ ਲੱਗੇ ਤੇ ਭੂਚਾਲ ਵਰਗਾ ਮਹਿਸੂਸ ਕੀਤਾ ਗਿਆ। ਨਾਸਾ ਸੈਟੇਲਾਈਟ ਨੇ 14 ਵਰਗ ਕਿਲੋਮੀਟਰ ਇਲਾਕੇ 'ਚ ਗਰਮੀ ਦੇ ਵੱਡੇ ਸਰੋਤ ਫੜੇ, ਜਦਕਿ ਭੂਚਾਲ ਨਿਗਰਾਨੀ ਸਟੇਸ਼ਨਾਂ ਦੇ ਸੈਂਸਰ ਨੇ ਇਲਾਕੇ 'ਚ ਭੂਚਾਲ ਵਰਗਾ ਝਟਕਾ ਰਿਕਾਰਡ ਕੀਤਾ। ਹਮਲੇ ਦੇ ਬਾਅਦ ਸਥਾਨਕ ਲੋਕਾਂ ਨੂੰ ਉੱਥੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਮਾਸਕੋ ਤੋਂ 380 ਕਿਲੋਮੀਟਰ ਦੂਰ ਕਰੀਬ 11 ਹਜ਼ਾਰ ਦੀ ਆਬਾਦੀ ਵਾਲੇ ਟੋਰੋਪੇਟਸ 'ਚ ਕੀਤੇ ਗਏ ਹਮਲੇ 'ਚ ਯੂਕਰੇਨ 'ਚ ਬਣੇ 100 ਤੋਂ ਜ਼ਿਆਦਾ ਕਾਮਿਕੇਜ਼ ਡ੍ਰੋਨਾਂ ਦਾ ਇਸਤੇਮਾਲ ਕੀਤਾ ਗਿਆ।

ਕਰੀਬ ਛੇ ਕਿਲੋਮੀਟਰ ਤੱਕ ਫੈਲੇ ਫੌਜੀ ਭੰਡਾਰ 'ਚ ਇਸਕੈਂਡਰ ਤੇ ਟੋਚਕਾ- ਯੂ ਮਿਜ਼ਾਈਲਾਂ, ਗਲਾਈਡ ਬੰਬ, ਤੋਪਾਂ ਦੇ ਗੋਲਿਆਂ ਤੋਂ ਇਲਾਵਾ ਉੱਤਰੀ ਕੋਰੀਆ ਦੀਆਂ ਕੇ.ਐਨ.-23 ਸ਼ਾਰਟ ਰੇਂਜ ਬੈਲਿਸਟਿਕ ਮਿਜ਼ਾਈਲਾਂ ਵੀ ਪਈਆਂ ਹੋਈਆਂ ਸਨ। ਹਮਲੇ ਦੇ ਬਾਅਦ ਪੂਰਾ ਭੰਡਾਰ ਅੱਗ ਤੇ ਤੇਜ਼ ਧਮਾਕਿਆਂ ਨਾਲ ਸੜਦਾ ਰਿਹਾ। ਰੂਸੀ ਮੀਡੀਆ ਮੁਤਾਬਕ, ਇਸ ਭਿਅੰਕਰ ਡ੍ਰੋਨ ਹਮਲੇ ਨੂੰ ਰੋਕਣ ਲਈ ਰੂਸ ਦਾ ਏਅਰ ਡਿਫੈਂਸ ਸਿਸਟਮ ਪੂਰੇ ਜ਼ੋਰ ਨਾਲ ਕੰਮ ਕਰ ਰਿਹਾ ਸੀ। ਉੱਥੇ ਕਥਿਤ ਰੂਪ ਨਾਲ ਇਸ ਹਮਲੇ ਦੇ ਕੁਝ ਵੀਡੀਓ ਆਨਲਾਈਨ ਵੀ ਪ੍ਰਸਾਰਿਤ ਕੀਤੇ ਗਏ, ਜਿਨ੍ਹਾਂ 'ਤੇ ਜ਼ਬਰਦਸਤ ਪ੍ਰਤੀਕ੍ਰਿਆਵਾਂ ਹੋਈਆਂ ਹਨ। ਰਾਇਟਰ ਨੇ ਕੈਲੀਫੋਰਨੀਆ ਸਥਿਤ ਮੋਂਟੇਰੇ 'ਚ ਮਿਡਲਬਰੀ ਅੰਤਰਰਾਸ਼ਟਰੀ ਅਧਿਐਨ ਸੰਸਥਾਨ ਦੇ ਜਾਰਜ ਵਿਲੀਅਮ ਹਰਬਰਟ ਦੇ ਹਵਾਲੇ ਨਾਲ ਕਿਹਾ ਕਿ ਵੀਡੀਓ 'ਚ ਦਿਖ ਰਹੇ ਮੁੱਖ ਵਿਸਫੋਟ ਦਾ



ਆਕਾਰ 200-240 ਟਨ ਉੱਚੇ ਵਿਸਫੋਟਕਾਂ ਦੇ ਬਰਾਬਰ ਦਿਖ ਰਿਹਾ ਸੀ।

ਭਾਰਤੀ ਹਥਿਆਰ ਨਿਰਮਾਤਾਵਾਂ ਵੱਲੋਂ ਯੂਰਪੀ ਗਾਹਕਾਂ ਨੂੰ ਵੇਚੇ ਤੋਪਾਂ ਦੇ ਗੋਲੇ ਉਨ੍ਹਾਂ ਨੇ ਅੱਗੇ ਰੂਸ ਖ਼ਿਲਾਫ਼ ਜੰਗ ਵਿੱਚ ਵਰਤਣ ਵਾਸਤੇ ਯੂਕਰੇਨ ਨੂੰ ਭੇਜ ਦਿੱਤੇ ਹਨ। ਰੂਸ ਵੱਲੋਂ ਇਸ ਦੇ ਕੀਤੇ ਜਾ ਰਹੇ ਵਿਰੋਧ ਦੇ ਬਾਵਜੂਦ ਭਾਰਤ ਇਸ ਕਾਰਵਾਈ ਨੂੰ ਰੋਕਣ ਲਈ ਕੋਈ ਦਖ਼ਲ ਨਹੀਂ ਦਿੱਤਾ। ਭਾਰਤੀ ਅਸਲਾ ਯੂਕਰੇਨ ਭੇਜਣ ਵਾਲੇ ਯੂਰਪੀ ਮੁਲਕਾਂ ਵਿੱਚ ਇਟਲੀ ਤੇ ਚੈੱਕ ਗਣਰਾਜ ਵੀ ਸ਼ਾਮਲ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕੀਤਾ ਹੈ। ਰੂਸ ਖ਼ਿਲਾਫ਼ ਜੰਗ ਵਿੱਚ ਯੂਰਪੀ ਮੁਲਕਾਂ ਵੱਲੋਂ ਦਿੱਤੀ ਜਾ ਰਹੀ ਮਦਦ ਦੇ ਹਿੱਸਿਆਂ ਵਜੋਂ ਕੀਵ ਨੂੰ ਭਾਰਤੀ ਅਸਲੇ ਦੀ ਇਹ ਸਪਲਾਈ ਬੀਤੇ ਕਰੀਬ ਸਾਲ ਤੋਂ ਜਾਰੀ ਹੈ। ਭਾਰਤ ਦੇ ਹਥਿਆਰਾਂ ਦੀ ਬਰਾਮਦ ਸਬੰਧੀ ਨਿਯਮਾਂ ਤਹਿਤ ਵੇਚੇ ਗਏ ਹਥਿਆਰਾਂ ਨੂੰ ਇਨ੍ਹਾਂ ਦੇ ਐਲਾਨੀਆ ਗਾਹਕਾਂ ਤੋਂ ਇਲਾਵਾ ਕਿਸੇ ਹੋਰ ਵੱਲੋਂ ਵਰਤੇ ਜਾਣ ਦੀ ਮਨਾਹੀ ਕਰਦੇ ਹਨ ਅਤੇ ਗਾਹਕਾਂ ਵੱਲੋਂ ਅਜਿਹਾ ਕੀਤੇ ਜਾਣ 'ਤੇ ਉਨ੍ਹਾਂ ਨੂੰ ਭਵਿੱਖ ਵਿਚ ਹਥਿਆਰ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਹੈ। ਤਿੰਨ ਭਾਰਤੀ ਅਧਿਕਾਰੀਆਂ ਮੁਤਾਬਕ ਮਾਸਕੋ ਨੇ ਘੱਟੋ-ਘੱਟ ਦੋ ਵਾਰ ਇਹ ਮਾਮਲਾ ਭਾਰਤ ਕੋਲ ਉਠਾਇਆ ਹੈ, ਜਿਨ੍ਹਾਂ 'ਚ ਬੀਤੇ ਜੁਲਾਈ 'ਚ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੀ ਆਪਣੇ ਰੂਸੀ ਹਮਰੁਤਬਾ ਸਰਗੇਈ ਲਾਵਰੋਵ ਨਾਲ ਹੋਈ ਮੀਟਿੰਗ ਵੀ ਸ਼ਾਮਲ ਹੈ। ਜਨਵਰੀ ਮਹੀਨੇ ਭਾਰਤੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ ਸੀ ਕਿ ਭਾਰਤ ਨੇ ਯੂਕਰੇਨ ਨੂੰ ਨਾ ਤਾਂ ਤੋਪਾਂ ਦੇ ਗੋਲੇ ਵੇਚੇ ਹਨ ਅਤੇ ਨਾ ਹੀ ਭੇਜੇ ਹਨ। ਯੂਕਰੇਨ ਵਿੱਚ ਵਰਤੇ ਜਾ ਰਹੇ ਅਸਲੇ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਭਾਰਤ ਵੱਲੋਂ ਬਣਾਇਆ ਜਾਂਦਾ ਹੈ। ਜੰਗ ਸ਼ੁਰੂ ਹੋਣ ਤੋਂ ਬਾਅਦ ਕੀਵ ਵੱਲੋਂ ਦਰਾਮਦ ਕੀਤੇ ਅਸਲੇ ਵਿੱਚ ਭਾਰਤੀ ਅਸਲੇ ਦਾ ਹਿੱਸਾ ਮਹਿਜ਼ 1 ਫ਼ੀਸਦੀ ਵੀ ਨਹੀਂ ਬਣਦਾ।

ਰੂਸ ਨੇ ਸ਼ੁੱਕਰਵਾਰ, ਵੀਹ ਸਤੰਬਰ ਨੂੰ ਪੱਛਮੀ ਦੇਸ਼ਾਂ ਤੇ ਯੂਕਰੇਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਉਹ ਬੇਲਾਰੂਸ ਵੱਲ ਵਧੇ ਤਾਂ ਇਸਦਾ ਨਤੀਜਾ ਵਿਨਾਸ਼ਕਾਰੀ ਹੋਵੇਗਾ। ਇਸ ਤੋਂ ਸਾਫ਼ ਸਪੱਸ਼ਟ ਹੈ ਕਿ ਅਜਿਹਾ ਕਰਨਾ ਪ੍ਰਮਾਣੂ ਹਥਿਆਰਾਂ ਦੀ ਤਾਇਨਾਤੀ ਕਰਨ ਵਾਲੇ ਦੇਸ਼ ਦੀ ਸੁਰੱਖਿਆ 'ਚ ਦਖ਼ਲ ਕਰਨਾ ਹੋਵੇਗਾ। ਇਸਦੇ ਨਾਲ ਹੀ ਸਮਾਂ ਆਉਣ 'ਤੇ ਉਹ ਯੂਕਰੇਨ ਵੱਲੋਂ ਕੁਸਰਕ ਖੇਤਰ ਦੇ ਕੀਤੇ ਗਏ ਕਬਜ਼ੇ ਵਾਲੇ ਹਿੱਸੇ 'ਤੇ ਮੁੜ ਕਬਜ਼ਾ ਕਰ ਲਵੇਗਾ। ਬੇਲਾਰੂਸ ਦੀ ਸਰਹੱਦ 'ਤੇ ਉਕਸਾਵੇ ਵਾਲੀ ਕਾਰਵਾਈ ਵਧਣ ਨਾਲ ਰੂਸ ਚਿੰਤਤ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਨਾਲ ਖੇਤਰ 'ਚ ਤਣਾਅ ਵੱਧ ਜਾਂਦਾ ਹੈ। ਛੇ ਅਗਸਤ ਨੂੰ ਹੈਰਾਨੀਜਨਕ ਤੌਰ 'ਤੇ ਕੁਸਰਕ ਖੇਤਰ ਦੇ ਵੱਡੇ ਹਿੱਸੇ 'ਤੇ ਯੂਕਰੇਨ ਨੇ ਕਬਜ਼ਾ ਕਰਨ ਤੋਂ ਬਾਅਦ ਰੂਸ ਦੇ ਵਫ਼ਾਦਾਰ ਸਹਿਯੋਗੀ ਬੇਲਾਰੂਸ ਦੇ ਰਾਸ਼ਟਰਪਤੀ ਅਲੈਕਜ਼ੈਂਡਰ ਲੁਕਾਸ਼ੈਂਕੋ ਨੇ ਬਿਨਾ ਸਬੂਤ ਪੇਸ਼ ਕੀਤੇ ਕਿਹਾ ਕਿ ਸੰਭਾਵੀ ਤੌਰ 'ਤੇ ਯੂਕਰੇਨ ਬੇਲਾਰੂਸ 'ਤੇ ਖੇਤਰ ਦੀ ਉਲੰਘਣਾ ਕਰ ਰਹੇ ਹਨ। ਬੇਲਾਰੂਸ ਨਾਲ ਲੱਗਦੀ ਸਰਹੱਦ 'ਤੇ ਵਾਧੂ ਫ਼ੌਜੀਆਂ ਦੀ ਤਾਇਨਾਤੀ ਕਰ ਰਿਹਾ ਹੈ।

ਯੂਕਰੇਨ ਨੇ ਕਿਹਾ ਕਿ ਉਸਨੇ ਸਰਹੱਦੀ ਖੇਤਰ 'ਚ ਕੋਈ ਅਹਿਮ ਬਦਲਾਅ ਨਹੀਂ ਕੀਤੇ ਹਨ। ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਨ ਜ਼ਖਾਰੋਵਾ ਨੇ ਕਿਹਾ ਕਿ ਸਾਨੂੰ ਖੇਤਰ 'ਚ ਯੂਕਰੇਨੀ ਸੁਰੱਖਿਆ ਫੋਰਸਾਂ ਦੀਆਂ ਸ਼ੱਕੀ ਸਰਗਰਮੀਆਂ ਦੀ ਜਾਣਕਾਰੀ ਮਿਲੀ ਹੈ। ਅਸੀਂ ਇਸ ਮਾਮਲੇ 'ਚ ਤੱਥਾਂ ਦੀ ਘੋਖ ਕਰ ਰਹੇ ਹਾਂ। ਇਸ ਵਿਚਾਲੇ ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਨੇ ਕਿਹਾ ਕਿ ਰੂਸ ਦੇ ਵਿਰੁੱਧ ਉਸਦੀ ਜਿੱਤ ਯੋਜਨਾ ਸਹਿਯੋਗੀਆਂ ਦੇ ਫ਼ੈਸਲੇ 'ਤੇ ਨਿਰਭਰ ਕਰਦੀ ਹੈ।

## ਜੁਗ ਜੁਗ ਜੀਓ... (17)

ਡਾ. ਹਰਬੰਸ ਕੌਰ ਦਿਓਲ

# ਵਾਸਤਾ ਈ ਉਸ ਪਰਵਦਗਾਰ ਦਾ...(3)

*ਹਥਲੇ ਲੇਖ ਵਿੱਚ ਖੁਰਾਕ ਪਕਾਉਣ ਦੇ ਸੁਰੱਖਿਅਤ ਤਰੀਕਿਆਂ 'ਤੇ ਚਾਨਣਾ ਪਾਇਆ ਗਿਆ ਹੈ ਅਤੇ ਇਨ੍ਹਾਂ ਦੇ ਫਾਇਦਿਆਂ ਤੇ ਨੁਕਸਾਨ ਦਾ ਜ਼ਿਕਰ ਵੀ ਨਾਲੋਂ ਨਾਲ ਕੀਤਾ ਗਿਆ ਹੈ; ਕਿਉਂਕਿ ਖੁਰਾਕ ਬਣਾਉਣ/ਪਕਾਉਣ ਦੇ ਢੰਗ-ਤਰੀਕਿਆਂ ਪ੍ਰਤੀ ਬੇਧਿਆਨੀ ਕਈ ਵਾਰ ਜਾਨ ਦਾ ਖੌਅ ਬਣ ਜਾਂਦੀ ਹੈ, ਜਾਂ ਫਿਰ ਡਾਕਟਰਾਂ ਦੇ ਗੇੜੇ ਤਾਂ ਪੱਕੇ ਹੀ ਹਨ! ਅਸਲ ਵਿੱਚ ਖਾਣੇ ਸਬੰਧੀ ਆਪਣੀਆਂ ਬੇਪ੍ਰਵਾਹੀਆਂ ਕਾਰਨ ਵਧੇਰੇ ਗਿਣਤੀ ਲੋਕ ਬਿਮਾਰ ਪੈ ਰਹੇ ਹਨ। ਸੋ, ਇਲਾਜ ਨਾਲੋਂ ਪਰਹੇਜ ਹੀ ਕਫਾਇਤੀ ਹੈ! ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਡਾ. ਹਰਬੰਸ ਕੌਰ ਦਿਓਲ 'ਸਿਹਤਮੰਦ ਲੋਕ, ਸਿਹਤਮੰਦ ਸਮਾਜ' ਦੇ ਨਜ਼ਰੀਏ ਤੋਂ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। ਇਸ ਲੇਖ ਵਿੱਚ ਵੀ ਸਿਹਤਮੰਦ ਰਹਿਣ ਲਈ ਭਾਈਚਾਰੇ ਨੂੰ ਛੋਟੀਆਂ-ਮੋਟੀਆਂ ਘਰੇਲੂ ਗੱਲਾਂ ਦਾ ਧਿਆਨ ਰੱਖਣ ਦੇ ਮਸ਼ਵਰੇ ਦਿੱਤੇ ਗਏ ਹਨ, ਜੋ ਜਾਣਕਾਰੀ ਭਰਪੂਰ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਪਾਠਕ ਆਪਣੀ ਜ਼ਿੰਮੇਵਾਰੀ 'ਤੇ ਕਰਨ। ਪੇਸ਼ ਹੈ, ਖੁਰਾਕ ਤਿਆਰ ਕਰਨ ਬਾਬਤ ਲੜੀ ਦਾ ਤੀਜਾ ਲੇਖ...*

"ਪ੍ਰੀਤ, ਦੱਸ ਸ਼ੰਨੋ ਦਾ ਕੀ ਹਾਲ ਹੈ?"

"ਦੀਦੀ, ਹੁਣ ਤਾਂ ਉਹ ਸਵਸਥ ਅਵਸਥਾ ਵਿੱਚ ਹੈ। ਗਰਭਪਾਤ ਤੋਂ ਬਾਅਦ ਫੇਫੜੇ ਦਾ ਓਪਰੇਸ਼ਨ ਕਾਮਯਾਬ ਰਿਹਾ। ਉਸ ਦਾ ਕੈਂਸਰ ਇੱਕੋ ਥਾਂ 'ਤੇ ਗਿਲਟੀ ਵਾਂਗ ਸੀ ਅਤੇ ਪੂਰਾ ਕੱਢ ਦਿੱਤੈ। ਕਿਸਮਤ ਚੰਗੀ ਸੀ, ਸ਼ੁਰੂਆਤ ਵਿੱਚ ਹੀ ਪਕੜਿਆ ਗਿਆ। ਪਹਿਲਾਂ ਪਹਿਲ ਤਾਂ ਬਹੁਤ ਉਦਾਸ ਸੀ, ਕਹਿੰਦੀ ਰਹਿੰਦੀ ਸੀ ਕਿ ਇਹ ਮੈਨੂੰ ਕਿਉਂ ਹੋ ਗਿਆ, ਪਰ ਹੁਣ ਚੜ੍ਹਦੀ ਕਲਾ ਵਿੱਚ ਏ ਅਤੇ ਕੈਂਸਰ ਦੀ ਬਿਮਾਰੀ ਨਾਲ ਪੂਰਾ ਮੱਥਾ ਲਾਉਣ ਲਈ ਤਿਆਰ ਏ। ਕਹਿੰਦੀ ਏ, ਇਸਨੂੰ ਕਾਬੂ ਕਰਕੇ ਹੀ ਰਹਾਂਗੀ; ਜਿਹੜੀ ਬਹੁਤ ਹੀ ਅੱਛੀ ਗੱਲ ਹੈ। ਸਕਾਰਾਤਮਿਕ ਰਵੱਈਏ (positive attitude) ਨਾਲ ਅੱਧੀ ਬਿਮਾਰੀ ਘਟ ਜਾਂਦੀ ਏ। ਮੈਂ ਉਸਦੀ ਮਦਦ ਕਰ ਰਹੀ ਹਾਂ ਤੁਹਾਡੇ ਦੱਸੇ ਚਾਰ ਤੰਦਰੁਸਤੀ ਦੇ ਥੰਮਾਂ ਵੱਲ ਤਵੱਜੋ ਦੇ ਕੇ- ਜਿਵੇਂ ਸਿਹਤਮੰਦ ਭੋਜਨ, ਨੀਂਦ 7-8 ਘੰਟੇ ਲਈ, ਤਣਾਅ/ਚਿੰਤਾ 'ਤੇ ਕਾਬੂ ਪਾਉਣਾ ਅਤੇ ਤੀਹ ਮਿੰਟ ਲਈ ਰੋਜ਼ਾਨਾ ਕਸਰਤ। ਉਸ ਦੀ ਸਿਹਤ ਵਿੱਚ ਜ਼ਮੀਨ-ਅਸਮਾਨ ਜਿੰਨਾ ਫਰਕ ਪੈ ਗਿਐ ਅਤੇ ਪੂਰੀ ਤਿਆਰ ਹੈ ਕੀਮੋ (chemotherapy) ਲਈ।

ਦੀਦੀ, ਅੱਜ ਤੁਸੀਂ ਸੁਰੱਖਿਅਤ ਖੁਰਾਕ ਪਕਾਉਣ ਦੇ ਤਰੀਕਿਆਂ 'ਤੇ ਚਾਨਣਾ ਪਾਓ। ਸਾਰੀਆਂ ਖੁਰਾਕਾਂ ਤਾਂ ਕੱਚੀਆਂ ਨਹੀਂ ਖਾ ਸਕਦੇ, ਭਾਵੇਂ ਸਭ ਤੋਂ ਵਧੀਆ ਤਰੀਕਾ ਏ ਖੁਰਾਕ ਦੇ ਸਾਰੇ ਲਾਭਦਾਇਕ ਤੱਤ ਬਚਾਉਣ ਦਾ।"

"ਪ੍ਰੀਤ, ਤੂੰ ਠੀਕ ਕਿਹਾ ਏ, ਕਈ ਤਰੀਕੇ ਹਨ ਜਿਨ੍ਹਾਂ ਨਾਲ ਖੁਰਾਕ ਇਤਨੀ ਜ਼ਿਆਦਾ ਨਸ਼ਟ ਨਹੀਂ ਹੁੰਦੀ ਅਤੇ ਸਵਾਦੀ ਵੀ ਬਣਦੀ ਏ। ਆਪਾਂ ਸ਼ੁਰੂ ਕਰਦੇ ਹਾਂ ਬਲੈਂਚਿੰਗ (blanching) ਤੋਂ। ਇਸ ਵਿੱਚ ਸਬਜ਼ੀਆਂ ਨੂੰ ਧੋ ਕੇ ਅਤੇ ਕੱਟ ਕੇ ਉਬਲਦੇ ਪਾਣੀ ਵਿੱਚ 2-3 ਮਿੰਟ ਲਈ ਹੀ ਉਬਾਲਿਆ ਜਾਂਦੈ। ਫਿਰ ਕੱਢ ਕੇ ਠੰਡੇ ਪਾਣੀ ਵਿੱਚ ਕੁਝ ਮਿੰਟ ਰੱਖ ਕੇ (ਹੋਰ ਜ਼ਿਆਦਾ ਪੱਕਣ ਤੋਂ ਰੋਕਣ ਲਈ) ਕੱਢ ਲਿਆ ਜਾਂਦੈ। ਪਾਣੀ ਦੀ ਮਿਕਦਾਰ ਹੁੰਦੀ ਏ ਇੱਕ ਗੈਲਨ ਇੱਕ ਪਾਊਂਡ ਸਬਜ਼ੀ ਲਈ। ਥੋੜ੍ਹਾ ਜਿਹਾ ਨਮਕ ਅਤੇ ਦੋ ਵੱਡੇ ਚਮਚ ਦੁੱਧ ਵੀ ਪਾ ਸਕਦੇ ਹੋ ਪਾਣੀ ਵਿੱਚ।

-ਇਸ ਨਾਲ ਸਬਜ਼ੀ ਨਰਮ ਹੋ ਜਾਂਦੀ ਹੈ

-ਕੀਟਾਣੂੰ ਵੀ ਮਰ ਜਾਂਦੇ ਹਨ

-ਸਬਜ਼ੀ ਦੇ ਸੋਹਣੇ ਰੰਗ ਦੀ ਵੀ ਸੰਭਾਲ ਹੋ ਜਾਂਦੀ ਹੈ

-ਖੁਰਾਕ ਦੇ ਪੋਸ਼ਣ 'ਤੇ ਵੀ ਘੱਟ ਅਸਰ ਹੁੰਦੈ

ਪਰ ਇਸ ਤਰੀਕੇ ਦਾ ਇਸਤੇਮਾਲ ਸੀਮਤ ਹੀ ਹੈ।

ਦੂਜਾ ਤਰੀਕਾ ਹੈ, ਭਾਫ (steaming) ਨਾਲ ਪਕਾਉਣ ਦਾ। ਇਹ ਮੇਰਾ ਮਨਪਸੰਦ ਤਰੀਕਾ ਹੈ। ਇਹ ਸਾਰਿਆਂ ਨਾਲੋਂ ਵਧੀਆ ਤਰੀਕਾ ਹੈ ਖੁਰਾਕ ਦੇ ਪੋਸ਼ਣ ਨੂੰ ਸੰਭਾਲਣ ਦਾ, ਖਾਸ ਕਰ ਕੇ ਪਾਣੀ ਵਿੱਚ ਘੁਲਣ ਵਾਲੇ ਵਿਟਾਮਿਨਜ਼ ਜਿਵੇਂ 'ਬੀ' ਤੇ 'ਸੀ' ਅਤੇ ਕੁਝ ਧਾਤਾਂ। ਹੋਰ ਫਾਇਦੇ ਵੀ ਹਨ:

-ਕੋਈ ਹਾਨੀਕਾਰਕ ਵਸਤੂਆਂ ਨਹੀਂ ਬਣਦੀਆਂ ਖੁਰਾਕ ਬਣਾਉਣ ਵੇਲੇ

-ਤੇਲ ਦਾ ਵੀ ਇਸਤੇਮਾਲ ਨਹੀਂ ਹੁੰਦਾ।

ਇਹ steamer ਵਿੱਚ ਬਣਾ ਸਕਦੇ ਹੋ ਜਾਂ steamer rack ਜਾਂ basket ਵੱਡੇ ਸਾਉਸਪੈਨ ਜਾਂ ਪਤੀਲੇ ਵਿੱਚ ਰੱਖ ਕੇ। ਇਹ ਐਮਾਜ਼ਾਨ 'ਤੇ ਮਿਲਦੇ ਹਨ।

ਤੀਜਾ ਹੈ, ਉਬਾਲਣਾ। ਜਿਹੜਾ ਥੋੜ੍ਹੇ ਤਾਪਮਾਨ (212 ਡਿਗਰੀ ਫਾਰਨਹੀਟ) 'ਤੇ ਖਾਣਾ ਪਕਾਉਣ ਦਾ ਤਰੀਕਾ ਹੈ, ਪਹਿਲੇ ਦੋ ਤਰੀਕਿਆਂ ਵਾਂਗ।

ਵਿਟਾਮਿਨ ਅਤੇ ਹੋਰ ਜ਼ਰੂਰੀ ਤੱਤ ਖੁਰਾਕ ਵਿੱਚੋਂ ਨਿਕਲ ਕੇ ਪਾਣੀ ਵਿੱਚ ਚਲੇ ਜਾਂਦੇ ਹਨ, ਜੋ ਤੁਸੀਂ ਇਹ ਪਾਣੀ ਸੁੱਟ ਦਿੰਦੇ ਹੋ। ਉਹ ਸਾਰੇ ਜ਼ਾਇਆ ਹੋ ਜਾਂਦੇ ਨੇ।



ਕੋਸ਼ਿਸ਼ ਕਰੋ, ਪਾਣੀ ਉਤਨਾ ਹੀ ਇਸਤੇਮਾਲ ਕਰੋ, ਜੋ ਵਿੱਚੇ ਹੀ ਰਚ ਜਾਵੇ ਜਾਂ ਬਚਿਆ ਹੋਇਆ ਪਾਣੀ ਸੁੱਟਣ ਦੀ ਬਜਾਏ ਸੂਪ, ਦਾਲ ਜਾਂ ਸਬਜ਼ੀ ਬਣਾਉਣ ਲਈ ਵਰਤੋ। ਇਹ ਅਤੇ ਪਹਿਲੇ ਦੋ ਤਰੀਕਿਆਂ ਨਾਲ ਬਣਾਇਆ ਭੋਜਨ ਕਈਆਂ ਨੂੰ ਸੁਆਦ ਨਾ ਲੱਗੇ, ਖੁਰਾਕ ਵਿੱਚ ਨਮਕ, ਮਿਰਚ, ਹਰਬਜ਼ ਅਤੇ ਸਪਾਈਸਿਜ਼ ਪਾ ਕੇ ਜਾਂ ਮਸਾਲੇ ਬਣਾ ਕੇ ਸਬਜ਼ੀ ਨਾਲ ਮਿਲਾ ਕੇ ਕੁਝ ਘੰਟਿਆਂ ਲਈ ਰੱਖ ਦੇਵੋ। ਉਹ ਸਬਜ਼ੀਆਂ ਵਿੱਚ ਰਚ ਕੇ ਉਸ ਨੂੰ ਹੋਰ ਵੀ ਸਵਾਦੀ ਬਣਾ ਦੇਵੇਗਾ।"

"ਦੀਦੀ, ਮੈਨੂੰ ਪਤੈ ਤੁਹਾਨੂੰ ਏਅਰ ਫਰਾਇਰ ਵੀ ਬਹੁਤ ਪਸੰਦ ਹੈ। ਹੈ ਨਾ?"

"ਤੂੰ ਬਿਲਕੁਲ ਠੀਕ ਕਿਹੈ। ਇਸ ਵਿੱਚ ਸੰਚਾਲਨ ਗਰਮੀ (convection heat) ਦਾ ਇਸਤੇਮਾਲ ਕੀਤਾ ਜਾਂਦੈ।

ਫਾਇਦੇ ਹਨ:

-ਖੁਰਾਕ ਦੇ ਜ਼ਰੂਰੀ ਤੱਤ ਜ਼ਿਆਦਾ ਨਾਸ਼ ਨਹੀਂ ਹੁੰਦੇ

-ਘੱਟ ਤੇਲ ਵਰਤਿਆ ਜਾਂਦੈ

-ਐਕਰਿਲਾਮਾਈਡ ਖੁਰਾਕ ਪਕਾਉਣ ਵੇਲੇ ਘੱਟ ਮਿਕਦਾਰ ਵਿੱਚ ਬਣਦੇ ਨੇ

-ਵਕਤ ਦੀ ਬੱਚਤ ਹੁੰਦੀ ਹੈ; 50% ਘੱਟ ਲੱਗਦੈ

-ਸਫਾਈ ਕਰਨੀ ਵੀ ਸੌਖੀ ਹੈ

-ਇਹ ਵਾਤਾਵਰਣ ਅਨੁਕੂਲ ਹੈ

-ਤਰੀਕਾ ਬਹੁਮੁਖੀ ਹੈ

-ਖੁਰਾਕ ਬਾਹਰੋਂ ਕੜਕ (crispy) ਅਤੇ ਅੰਦਰੋਂ ਨਰਮ ਰਹਿੰਦੀ ਹੈ।

ਨੁਕਸਾਨ:

-ਥਾਂ ਘੱਟ ਹੋਣ ਕਰ ਕੇ ਜ਼ਿਆਦਾ ਮਹਿਮਾਨਾਂ ਲਈ ਉਚਿਤ ਨਹੀਂ

-ਪ੍ਰਯੋਗ ਸੀਮਤ ਹੈ।

ਪ੍ਰੀਤ, ਅਗਲਾ ਤਰੀਕਾ ਵੀ ਮੈਨੂੰ ਬਹੁਤ ਪਸੰਦ ਹੈ। ਉਹ ਹੈ baking (oven). ਇਸ ਵਿੱਚ ਹੀਟ ਸੋਰਸ ਉਪਰ,



ਥੱਲੇ ਜਾਂ ਦੋਹਾਂ ਤਰ੍ਹਾਂ ਦੇ ਹੋ ਸਕਦੇ ਹਨ। ਇਸਦੀ ਵਰਤੋਂ ਸਦੀਆਂ ਤੋਂ ਹੀ ਹੋ ਰਹੀ ਹੈ। ਮੈਂ ਇਸਨੂੰ ਕਹਿੰਦੀ ਆਂ, hands off cooking ਯਾਨਿ ਸਭ ਕੁਝ ਮੇਲ ਮਿਲਾ ਕੇ ਓਵਨ ਵਿੱਚ ਰੱਖ ਦਿਓ ਟਾਈਮਰ ਲਾ ਕੇ ਅਤੇ ਕੱਢ ਲਓ ਜਦੋਂ ਟੱਲੀ ਵੱਜੇ। ਹੈ ਨਾ ਮੌਜ!

ਕਿੰਨੀਆਂ ਚੀਜ਼ਾਂ ਜਿਵੇਂ ਬਰੈਡ, ਕੁਕੀਜ਼, ਪੇਸਟਰੀਜ਼ ਅਤੇ ਕੈਸਰੋਲਜ਼ (casseroles) ਲਈ ਅਤੇ ਜ਼ਿਆਦਾ ਮਿਕਦਾਰ ਵਿੱਚ ਖਾਣਾ ਬਣਾਉਣ ਲਈ ਬਹੁਤ ਮਦਦਗਾਰ ਹੈ।"

"ਦੀਦੀ, ਲੱਗਦੇ ਹੱਥ ਇਸ ਦੇ ਫਾਇਦੇ ਅਤੇ ਨੁਕਸਾਨ ਵੀ ਦੱਸ ਦੇਵੋ।"

"ਫਾਇਦੇ ਹਨ:

-ਇਸ ਨਾਲ ਖੁਰਾਕ ਦੇ ਪੋਸ਼ਣ ਦਾ ਬਚਾਅ ਹੁੰਦੈ

-ਖਾਣਾ ਸੁਆਦ ਬਣਦੈ

-ਤੇਲ ਦਾ ਇਸਤੇਮਾਲ ਘੱਟ ਹੁੰਦੈ

-ਇਹ ਬਹੁਤ ਵਧੀਆ ਤਰੀਕਾ ਏ ਜ਼ਿਆਦਾ ਲੋਕਾਂ ਲਈ ਖਾਣਾ ਬਣਾਉਣ ਦਾ

-ਸੁਵਿਧਾਜਨਕ ਹੈ ਤੇ ਬਹੁਮੁਖੀ ਵੀ।

-ਘਰ ਵਿੱਚ ਮਹਿਕ ਫੈਲ ਜਾਂਦੀ ਹੈ

-ਖਾਣੇ ਦੀ nutrition ਵਧਾਉਣ ਲਈ (baked good bread ਵਗੈਰਾ ਵਿੱਚ fruits (Banana, Berries, Apple), veggies (carrots) ਅਤੇ nuts, raisins ਪਾ ਸਕਦੇ ਹੋ

-ਇੱਕੋ ਜਿਹੀ (even) ਕੁਕਿੰਗ ਹੁੰਦੀ ਏ

-ਪ੍ਰੋਟੀਨ ਵਾਲੀ ਖੁਰਾਕ ਅੱਛੀ ਹਜ਼ਮ ਹੋਣ ਵਾਲੀ ਬਣ ਜਾਂਦੀ ਹੈ

-ਇਹ ਮਾਨਸਿਕ ਸਿਹਤ ਲਈ (ਤਣਾਅ ਅਤੇ ਚਿੰਤਾ ਘਟਾ ਕੇ) ਰੀਲੈਕਸਿੰਗ ਕਰ ਕੇ ਫਾਇਦੇਮੰਦ ਹੈ।

ਕੁਝ ਨੁਕਸਾਨ ਹਨ:

-ਜ਼ਿਆਦਾ ਵਕਤ ਲੱਗਦੈ

-ਖੁਰਾਕ ਘੱਟ ਜਾਂ ਵੱਧ ਪਕਾਈ ਜਾ ਸਕਦੀ ਹੈ।

ਪ੍ਰੀਤ, ਅਗਲਾ ਤਰੀਕਾ ਹੈ, ਸਲੋ ਕੂਕਰ (slow cooker)"

"ਦੀਦੀ, ਇਸ ਨੂੰ ਕੀ ਕਹੋਗੇ- ਖਾਣਾ ਇਸ ਵਿੱਚ ਪਾ ਕੇ ਸਾਰੇ ਦਿਨ ਲਈ ਕਿਤੇ ਵੀ ਚਲੇ ਜਾਓ?"



"ਬਈ, ਇਸ ਨੂੰ ਕਹਿੰਦੇ ਨੇ all day cooking without looking.

-ਇਹ ਤਰੀਕਾ ਸੁਵਿਧਾਜਨਕ ਹੈ, ਖਾਸ ਕਰ ਕੇ ਉਨ੍ਹਾਂ ਮਾਵਾਂ ਲਈ, ਜੋ ਕੰਮ 'ਤੇ ਜਾਂਦੀਆਂ ਨੇ ਅਤੇ ਘਰ ਬੱਚੇ ਵੀ ਸੰਭਾਲਦੀਆਂ ਨੇ

-ਇਹ ਊਰਜਾ ਕੁਸ਼ਲ (energy efficient) ਵੀ ਹੈ

-ਖੁਰਾਕ ਦੇ ਤੱਤ ਵੀ ਬਚਾਅ ਲੈਂਦੈ - ਥੋੜ੍ਹੇ ਤਾਪਮਾਨ 'ਤੇ ਕੁਕਿੰਗ ਕਰਕੇ

-ਸਸਤਾ ਵੀ ਪੈਂਦਾ ਏ

-ਖੁਰਾਕ ਨਰਮ ਹੁੰਦੀ ਏ ਅਤੇ ਫਲੇਵਰ ਵੀ ਅੱਛੀ ਤਰ੍ਹਾਂ ਵੰਡੀ (ਡਿਸਟਰੀਬਿਊਟ) ਜਾਂਦੀ ਹੈ।

ਨੁਕਸਾਨ ਹਨ:

-ਸਾਰਾ ਦਿਨ ਲੱਗ ਜਾਂਦੈ

-ਸਾਰੇ ਤਰ੍ਹਾਂ ਦੀ ਖੁਰਾਕ ਨਹੀਂ ਬਣਾਈ ਜਾ ਸਕਦੀ ਇਸ ਵਿੱਚ

-ਕਈ ਲੋਕਾਂ ਦਾ ਕਹਿਣਾ ਹੈ ਕਿ ਇਸ ਵਿੱਚ ਬਣੀ ਖੁਰਾਕ ਸੁਆਦ ਨਹੀਂ ਹੁੰਦੀ।"

"ਦੀਦੀ, ਦਾਲ ਅਤੇ ਖੀਰ ਤਾਂ ਬਹੁਤ ਸੁਆਦ ਬਣਦੀ ਐ। ਮੈਂ ਕਈ ਵਾਰੀ ਬਣਾਈ ਐ। ਤੁਹਾਡਾ ਸੂਵੀਡ ਬਾਰੇ ਕੀ ਖਿਆਲ ਹੈ?"

"ਆਪਾਂ ਅਗਲਾ ਤਰੀਕਾ ਸੂਵੀਡ ਬਾਰੇ ਹੀ ਗੱਲ ਕਰ ਲੈਂਦੇ ਹਾਂ। ਇਹ ਸਿਹਤਮੰਦ ਫਰੈਂਚ ਤਰੀਕਾ ਹੈ, ਕੁਕ ਕਰਨ ਦਾ। ਇਸ ਵਿੱਚ ਖੁਰਾਕ ਪਲਾਸਟਿਕ ਦੇ ਬੈਗ ਵਿੱਚ ਵੈਕੂਅਮ ਪੈਕਡ ਹੁੰਦੀ ਏ ਅਤੇ ਇਸਨੂੰ ਗਰਮ bath ਵਿੱਚ ਕੰਟਰੋਲਡ ਤਾਪਮਾਨ 'ਤੇ ਹੌਲੀ ਹੌਲੀ ਪਕਾਇਆ ਜਾਂਦੈ।

ਫਾਇਦੇ ਹਨ:

-ਖੁਰਾਕ ਦੀ ਰੰਗਤ, ਨਮੀ ਅਤੇ ਸੁਆਦ ਬਰਕਰਾਰ ਰਹਿੰਦੈ

-ਵਿਟਾਮਿਨ ਅਤੇ ਧਾਤਾਂ ਵੀ ਘੱਟ ਹੀ ਜ਼ਾਇਆ ਹੁੰਦੀਆਂ ਨੇ

-ਖੁਰਾਕ ਦਾ ਲਾਟ, ਵਾਸ਼ਪ ਅਤੇ ਹੋਰ ਹਾਨੀਕਾਰਨ ਚੀਜ਼ਾਂ ਨਾਲ ਵਾਸਤਾ ਨਹੀਂ ਪੈਂਦਾ।

ਨੁਕਸਾਨ:

-ਵਿਸ਼ੇਸ਼ ਸਮੱਗਰੀ/ਸਾਜ਼ੋ-ਸਮਾਨ ਦੀ ਜ਼ਰੂਰਤ ਹੈ

-ਵਕਤ ਜ਼ਿਆਦਾ ਲੱਗਦੈ

-ਮਾਈਕਰੋਪਲਾਸਟਿਕਸ ਦਾ ਡਰ ਹੈ - ਪਲਾਸਟਿਕ ਬੈਗ ਤੋਂ ਹੁਣ ਬਦਲ ਕੇ ਗਲਾਸ ਦੇ ਭਾਂਡੇ ਦਾ ਇਸਤੇਮਾਲ ਕਰਨ ਦੀ ਹਦਾਇਤ ਦਿੱਤੀ ਜਾਂਦੀ ਹੈ।"

"ਦੀਦੀ, ਤੁਹਾਡਾ ਕੀ ਖਿਆਲ ਹੈ, ਰੋਸਟਿੰਗ (roasting) ਬਾਰੇ ਓਵਨ ਵਿੱਚ? ਇਸ ਵਿੱਚ ਵੀ ਡਰਾਈ ਹੀਟ ਇਸਤੇਮਾਲ ਕੀਤੀ ਜਾਂਦੀ ਹੈ!"

"ਪ੍ਰੀਤ, ਇਹ ਤਰੀਕਾ ਵੀ ਅੱਛਾ ਹੈ ਕਈ ਪੱਖੋਂ

-ਖੁਰਾਕ ਇੱਕੋ ਜਿਹੀ ਪੱਕਦੀ ਹੈ

-ਸੁਆਦ, ਰੰਗਤ ਅਤੇ ਟੈਕਸ਼ਰ (texture) ਦੀ ਸੰਭਾਲ ਹੁੰਦੀ ਹੈ

-ਨਮੀ ਬਚ ਜਾਂਦੀ ਹੈ

-ਪਾਣੀ ਵਿੱਚ ਘੁਲਣ ਵਾਲੇ ਵਿਟਾਮਿਨ ਜਿਵੇਂ B+C ਘੱਟ ਨਸ਼ਟ ਹੁੰਦੇ ਨੇ

-ਕੀਟਾਣੂੰ ਵੀ ਮਰ ਜਾਂਦੇ ਨੇ।

ਨੁਕਸਾਨ:

-ਖਲਾਰਾ ਪੈਂਦੈ, ਸਫਾਈ ਕਰਨੀ ਪੈਂਦੀ ਏ

-ਐਕਰਿਲਾਮਾਈਡਜ਼ ਬਣਦੇ ਨੇ

-ਪਹਿਲਾਂ ਤਿਆਰੀ ਕਰਨੀ ਪੈਂਦੀ ਏ

-ਧੂੰਆਂ ਬਣਦੈ

-ਇਹਦੇ ਲਈ ਜ਼ਿਆਦਾ ਤਾਪਮਾਨ ਇਸਤੇਮਾਲ ਕੀਤਾ ਜਾਂਦੈ

-ਜੇ ਮੀਟ ਵਗੈਰਾ ਪਕਾਉਣਾ ਹੋਵੇ ਤਾਂ ਥਰਮਾਮੀਟਰ ਨਾਲ ਚੈੱਕ ਕਰਨਾ ਚਾਹੀਦੈ।

ਹੁਣ ਆਪਾਂ ਆਖਰੀ ਤਰੀਕੇ 'ਤੇ ਗੱਲ ਕਰਾਂਗੇ- ਸਟੱਰ ਫਰਾਈ (stir fry)

ਇਹ ਤਲਣ ਜਾਂ deep pry ਨਾਲੋਂ ਅੱਛਾ ਹੈ। ਇਹ ਚਾਈਨੀਜ਼ ਤਰੀਕਾ ਹੈ ਖਾਣਾ ਪਕਾਉਣ ਦਾ। ਇਸ ਨੂੰ ਵਕਤ ਘੱਟ ਲੱਗਦੈ, ਘੱਟ ਤੇਲ ਇਸਤੇਮਾਲ ਹੁੰਦੈ, ਲਗਾਤਾਰ ਹਿਲਾਉਣਾ ਪੈਂਦਾ ਅਤੇ ਘੱਟ nutrition ਨਸ਼ਟ ਹੁੰਦੀ ਏ

-ਪਕਾਉਣ ਵਾਲੇ ਭਾਂਡੇ 'ਤੇ ਤੇਲ ਛਿੜਕਣਾ ਚਾਹੀਦੈ, ਸਬਜ਼ੀਆਂ 'ਤੇ ਨਹੀਂ। ਇਸ ਤਰ੍ਹਾਂ ਘੱਟ ਤੇਲ ਲੱਗੇਗਾ ਅਤੇ ਵਿਸ਼ਪ ਵੀ ਘੱਟ ਹੋਣਗੇ।"

"ਦੀਦੀ, ਤੁਸੀਂ ਇੱਕ ਵਾਰੀ ਦੱਸਿਆ ਸੀ, ਕਈ ਤਰ੍ਹਾਂ ਦੀ ਖੁਰਾਕ ਹੈ ਜਿਸਨੂੰ ਪਕਾਉਣ ਨਾਲ ਉਨ੍ਹਾਂ ਦੀ ਨਿਊਟਰੀਸ਼ਨ ਵਧ ਜਾਂਦੀ ਏ।"

"ਤੇਰਾ ਦਿਮਾਗ ਕਦੇ ਕਦੇ ਕੰਮ ਕਰ ਜਾਂਦੈ। ਇਸ ਬਾਰੇ ਤਾਂ ਆਪਾਂ ਨੇ ਕਈ ਮਹੀਨੇ ਪਹਿਲਾਂ ਗੱਲ ਕੀਤੀ ਸੀ। ਹੈਰਾਨੀ ਦੀ ਗੱਲ ਕਿ ਤੈਨੂੰ ਹੁਣ ਵੀ ਯਾਦ ਹੈ।

ਲੈ ਸੁਣ, ਇਹ ਹਨ:

-ਟਮਾਟਰ, ਸ਼ਿਮਲਾ ਮਿਰਚ, ਬੰਦਗੋਭੀ, ਗਰੀਨ ਬੀਨਜ਼, ਗਾਜਰਾਂ, ਪਾਲਕ, ਮਸ਼ਰੂਮ, ਅਸਪੈਰੇਗਸ (asparagus)

-ਬਰੌਕਲੀ ਨੂੰ ਧੋ ਕੇ, ਸੁਕਾ ਕੇ, ਕੱਟ ਕੇ 40 ਕੁ ਮਿੰਟ ਇੰਤਜ਼ਾਰ ਕਰਨ ਤੋਂ ਬਾਅਦ ਪਕਾਓ। ਇਸ ਤਰ੍ਹਾਂ ਇਸ ਵਿੱਚ ਜੋ ਮਾਈਰੋਸੀਨੇਜ਼ (myrosinase) ਹੁੰਦੈ, ਉਹ ਐਕਟਿਵ ਹੋ ਜਾਂਦੈ ਅਤੇ ਇਸਨੂੰ anticancer ਬਣਾ ਦਿੰਦੈ।

ਇਨ੍ਹਾਂ ਉਪਰ ਦੱਸੇ ਢੰਗ ਨਾਲ ਖੁਰਾਕ ਨੂੰ ਪਕਾਉਣ ਨਾਲ ਮਦਦਗਾਰ ਤੱਤ bioavailable ਹੋ ਜਾਂਦੇ ਨੇ, ਜਿਸ ਨਾਲ ਇਹ ਸਰੀਰ ਵਿੱਚ ਜਾ ਸਕਦੇ ਨੇ। ਪ੍ਰੋਟੀਨ ਵਾਲੀ ਖੁਰਾਕ ਜਿਵੇਂ ਅੰਡੇ, ਇਹ ਜ਼ਿਆਦਾ ਪਚਣ ਵਾਲੇ ਹੋ ਜਾਂਦੇ ਨੇ।

-kidney beans ਕਦੇ ਕੱਚੇ ਨਹੀਂ ਖਾਣੇ ਚਾਹੀਦੇ, ਇਨ੍ਹਾਂ ਵਿੱਚ ਇੱਕ ਜ਼ਹਿਰੀਲਾ ਤੱਤ ਹੁੰਦੈ, ਜਿਹੜਾ ਪਕਾਉਣ 'ਤੇ ਨਸ਼ਟ ਹੋ ਜਾਂਦੈ।

-Brussels sprout ਨੂੰ ਪਕਾਉਣ ਤੋਂ ਬਾਅਦ ਇਨ੍ਹਾਂ ਵਿੱਚ ਕੈਂਸਰ ਨੂੰ ਕਾਬੂ ਕਰਨ ਵਾਲੇ ਤੱਤ ਆ ਜਾਂਦੇ ਨੇ।

-ਕੇਲ ਨੂੰ ਥੋੜ੍ਹਾ ਜਿਹਾ ਭਾਫ ਨਾਲ ਪਕਾਉਣ 'ਤੇ ਇਹ thyroid ਦੀ ਕਾਬਲੀਅਤ, ਆਇਓਡੀਨ ਨੂੰ ਇਸਤੇਮਾਲ ਕਰਨ ਦੀ, ਵਧਾ ਦਿੰਦੀ ਹੈ।"

"ਦੀਦੀ, ਮੈਨੂੰ ਗਰਿੱਲ 'ਤੇ ਭੁੰਨ ਕੇ ਛੱਲੀਆਂ (corn ears) ਖਾਣ ਦੀ ਆਦਤ ਹੈ। ਕੀ ਹੋਰ ਸੁਰੱਖਿਅਤ ਤਰੀਕਾ ਹੈ ਗਰਿੱਲ ਤੋਂ ਬਿਨਾ?"

"ਓਵਨ ਵਿੱਚ ਪਕਾ ਸਕਦੇ ਹੋ- 400 ਡਿਗਰੀ ਫਾਰਨਹੀਟ 'ਤੇ, 35-40 ਕੁ ਮਿੰਟ ਲੱਗਦੇ ਹਨ। ਹਰੇ ਪੱਤੇ ਜਿਹੜੇ ਲਟਕਦੇ ਹੋਣ, ਕੱਟ ਦੇਵੋ। ਛੱਲੀਆਂ ਦਾ ਵਾਲਾਂ ਵਾਲ ਸਿਰਾ ਵੀ ਥੋੜ੍ਹਾ ਜਿਹਾ ਕੱਟ ਦੇਵੋ ਅਤੇ ਵਿਚਕਾਰ ਵਾਲੇ ਰੈਕ 'ਤੇ ਛਿੱਲੜ (husk) ਸਮੇਤ ਛੱਲੀਆਂ ਰੱਖ ਦੇਵੋ, ਪਹਿਲਾਂ ਹੀ ਗਰਮ ਕੀਤੇ ਓਵਨ ਵਿੱਚ। ਜਦੋਂ ਬਾਹਰ ਕੱਢੋ, ਧਿਆਨ ਰੱਖਣਾ ਇਹ ਬਹੁਤ ਗਰਮ ਹੋਣਗੀਆਂ। ਛਿੱਲੜ ਅਤੇ ਵਾਲ ਲਾਹ ਕੇ, ਉਤੇ ਘੀ ਲਾ ਕੇ (ਜੋ ਪਸੰਦ ਹੈ, ਲਾ ਲਵੋ; ਜਿਵੇਂ ਟਾਕੋ ਸੀਜ਼ਨਿੰਗ ਜਾਂ ਚਾਟ ਮਸਾਲਾ ਜਾਂ ਸਿਰਫ ਘੀ) ਅਤੇ ਅਨੰਦ ਮਾਣੋ।"

"ਕੀ ਭੜਥੇ ਲਈ ਬੈਂਗਣ ਵੀ ਇਸ ਤਰ੍ਹਾਂ ਰੋਸਟ ਕਰ ਸਕਦੇ ਹਾਂ?"

"ਜ਼ਰੂਰ, ਉਸ ਨੂੰ ਵਕਤ ਜ਼ਿਆਦਾ ਲੱਗ ਸਕਦੈ। ਨਿਰਭਰ ਹੈ ਕਿੰਨਾ ਕੁ ਵੱਡਾ ਹੈ ਅਤੇ ਡੂੰਘੇ ਭਾਂਡੇ ਵਿੱਚ ਰੱਖਣਾ, ਕਿਉਂਕਿ ਉਸ ਵਿੱਚੋਂ ਥੋੜ੍ਹਾ ਜਿਹਾ ਪਾਣੀ ਵੀ ਨਿਕਲਦਾ ਏ। ਖੁਰਾਕ ਨੂੰ ਸਿੱਧਾ ਲਾਟ 'ਤੇ ਨਾ ਪਕਾਓ, ਤਲ ਕੇ ਵੀ ਨਾ।

ਆਪਣੇ ਖਾਣੇ ਪਕਾਉਣ ਦੇ ਤਰੀਕੇ ਦਾ ਮਸਲਾ ਤਾਂ ਖਤਮ ਹੈ ਇੱਥੇ!

ਚੱਲ ਫਿਰ ਮਿਲਾਂਗੇ, ਰੱਬ ਰਾਖਾ!"

# ਅੱਸੂ ਦੇ ਛੱਰਾਟਿਆਂ 'ਚ ਜੁੜੀ 'ਸਵੇਰਾ ਤੀਆਂ' ਦੀ ਰੌਣਕ

ਅਨੁਰੀਤ ਕੌਰ ਢਿੱਲੋਂ, ਬਿਊਰੋ

**ਸ਼ਿਕਾਗੋ:** ਮੀਂਹ-ਕਣੀ ਵਾਲਾ ਮੌਸਮ ਹੋਣ ਦੇ ਬਾਵਜੂਦ ਟੀਮ 'ਸਵੇਰਾ' ਦੀਆਂ 'ਧੀਆਂ ਦੀਆਂ ਤੀਆਂ' ਨੂੰ ਖ਼ੂਬ ਹੁੰਗਾਰਾ ਮਿਲਿਆ। ਬੇਸ਼ਕ ਦੇਸੀ ਮਹੀਨਾ ਅੱਸੂ ਚੜ੍ਹਿਆ ਹੋਇਆ ਹੈ, ਪਰ ਤੀਆਂ ਵਾਲੇ ਦਿਨ ਪਏ ਮੀਂਹ ਦੇ ਛੱਰਾਟਿਆਂ ਵਿੱਚ ਵੀ ਬੀਬੀਆਂ ਨੇ ਪੈਲਾਟਾਈਨ ਦੇ ਡੀਅਰ ਗਰੂਵ ਵਿੱਚ ਰੌਣਕਾਂ ਲਾਈ ਰੱਖੀਆਂ। ਹਾਲਾਂਕਿ ਮੌਸਮ ਦੇ ਮੱਦੇਨਜ਼ਰ ਇਹ ਚਰਚਾ ਛਿੜ ਪਈ ਸੀ ਕਿ ਸ਼ਾਇਦ ਤੀਆਂ ਬਹੁਤੀਆਂ ਨਾ ਭਰਨ, ਪਰ ਤੀਆਂ ਮਨਾਉਣ ਲਈ ਟੀਮ 'ਸਵੇਰਾ' ਦੀਆਂ ਬੀਬੀਆਂ ਵੀ ਬਜ਼ਿੱਦ ਸਨ ਤੇ ਭਰੇ ਬੱਦਲਾਂ ਨੇ ਵੀ ਉਨ੍ਹਾਂ ਦੀ ਅੜੀ ਵੇਖ ਕੇ ਤੀਆਂ ਮਨਾਉਣ ਦੀ ਮੋਹਲਤ ਦੇ ਦਿੱਤੀ। ਤੀਆਂ ਦਾ ਉਦੋਂ ਸਿਖਰ ਹੋ ਨਿਬੜਿਆ, ਜਦੋਂ ਪੈਂਦੇ ਮੀਂਹ ਵਿੱਚ ਬੀਬੀਆਂ ਨੇ ਨੱਚ ਨੱਚ ਘਾਹ ਮਿੱਧ ਦਿੱਤਾ।



'ਸਵੇਰਾ' ਦੀ ਸਰਕਰਦਾ ਬੀਬੀ ਜਸਬੀਰ ਕੌਰ ਮਾਨ ਨੇ ਤੀਆਂ 'ਤੇ ਆਈਆਂ ਉਨ੍ਹਾਂ ਸਾਰੀਆਂ ਬੀਬੀਆਂ, ਬੱਚੀਆਂ ਅਤੇ ਮੁਟਿਆਰਾਂ ਦਾ ਸਵਾਗਤ ਕੀਤਾ, ਜਿਨ੍ਹਾਂ ਨੇ ਮੀਂਹ ਦੌਰਾਨ ਵੀ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ। ਤੀਆਂ ਦੇ ਮੇਲੇ ਦਾ ਸਭ ਨੇ ਅਨੰਦ ਮਾਣਿਆ ਜਿਵੇਂ ਕਿ ਇਹ ਉਨ੍ਹਾਂ ਦੇ ਘਰ ਦਾ ਕੋਈ ਪ੍ਰੋਗਰਾਮ ਹੋਵੇ। ਕਈ ਬੀਬੀਆਂ ਮੀਂਹ ਦਾ ਸੋਚ ਕੇ ਤੀਆਂ 'ਤੇ ਨਹੀਂ ਪਹੁੰਚੀਆਂ, ਪਰ ਜਿਹੜੀਆਂ ਪਹੁੰਚੀਆਂ ਉਨ੍ਹਾਂ ਨੇ ਹੀ ਚਾਰ ਚੰਨ ਲਾ ਦਿੱਤੇ। ਧੀਆਂ ਦੀਆਂ ਤੀਆਂ ਦਾ ਇਹ ਹੀ ਮਕਸਦ ਹੁੰਦਾ ਕਿ ਅਜੋਕੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕੁਝ ਸਮਾਂ ਆਪਣੇ ਲਈ ਕੱਢ ਕੇ ਹਰ ਮੁਟਿਆਰ ਉਸ ਸਮੇਂ ਨੂੰ ਮਾਣ ਸਕੇ ਅਤੇ ਔਰਤਾਂ ਸਾਰਾ ਕੁਝ ਭੁੱਲ-ਭੁਲਾ ਕੇ ਨੱਚ-ਗਾ ਕੇ ਆਪਣੇ ਮਨ ਦੇ ਚਾਅ ਪੂਰੇ ਕਰ ਸਕਣ।

ਤੀਆਂ 'ਤੇ ਆਈਆਂ ਬੀਬੀਆਂ/ਮੁਟਿਆਰਾਂ ਇੱਕ ਤੋਂ ਵੱਧ ਕੇ ਇੱਕ ਤਿਆਰ ਹੋ ਕੇ ਆਈਆਂ ਸਨ। ਸੋਹਣੇ ਪੰਜਾਬੀ ਪਹਿਰਾਵਿਆਂ ਤੇ ਗਹਿਣਿਆਂ ਨਾਲ ਸਜੀਆਂ ਬੀਬੀਆਂ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕਰ ਰਹੀਆਂ ਸਨ ਤੇ ਉਨ੍ਹਾਂ ਗਿੱਧਾ, ਸਕਿੱਟ ਸਮੇਤ ਬੜਾ ਕੁਝ ਪੇਸ਼ ਕੀਤਾ। ਇੱਕ ਪੇਸ਼ਕਾਰੀ 'ਗੁਰਦਿੱਤੇ ਦਿਆ ਲਾਲਾ- ਹਾਂ ਜੀ' ਪੇਸ਼ ਕੀਤੀ ਗਈ, ਜਿਸ ਵਿੱਚ ਇੱਕ ਤੀਵੀਂ ਗਰਭ ਅਵਸਥਾ ਸਮੇਂ ਆਪਣੇ ਘਰ ਵਾਲੇ ਤਲਕੀਫਾਂ ਦੱਸਦੀ ਉਹਦੇ ਨਾਲ ਨੋਕ-ਝੋਕ ਕਰਦੀ ਹੈ। ਇਸ ਦਾ ਰੰਗ ਹਾਜ਼ਰ ਹਰ ਬੀਬੀ ਨੇ ਮਾਣਿਆ। ਇਸ ਪੇਸ਼ਕਾਰੀ ਦੌਰਾਨ ਪਾਤਰਾਂ ਦੀ ਅਦਾਕਾਰੀ ਦੇਖ-ਦੇਖ ਤੇ ਬੋਲ ਸੁਣ-ਸੁਣ ਕਈ ਬੀਬੀਆਂ ਖ਼ੂਬ ਹੱਸੀਆਂ ਤੇ ਆਪੋ-ਆਪਣੇ ਫੋਨ ਕੱਢ ਕੇ ਵੀਡੀਓ ਬਣਾਉਣ ਲੱਗ ਪਈਆਂ।


















'ਸ਼ਿਕਾਗੋ ਕੁਈਨਜ਼' ਟੀਮ ਦੀਆਂ ਰਿੰਪਲ, ਬਲਜੀਤ, ਅਮਰਜੀਤ, ਸਰਬਜੋਤ, ਸੁੱਖੀ, ਡਿੰਪੀ, ਰਾਜਵਿੰਦਰ ਨੇ ਢੋਲਕੀ ਨਾਲ ਪੇਸ਼ਕਾਰੀ ਕੀਤੀ, ਜਿਸ ਨੂੰ ਸਾਰੀਆਂ ਬੀਬੀਆਂ ਨੇ ਖ਼ੂਬ ਪਸੰਦ ਕੀਤਾ। ਦੋ ਜੋੜਿਆਂ ਦੇ ਡਾਂਸ ਪੇਸ਼ ਕੀਤੇ ਗਏ, ਜਿਸ ਵਿੱਚ ਇੱਕ ਵਿਆਹੀ ਔਰਤ ਆਪਣੇ ਘਰ ਵਾਲੇ ਤੋਂ ਕੁਝ ਚੀਜ਼ਾਂ ਦੀ ਮੰਗ ਕਰਦੀ ਹੈ ਅਤੇ ਦੂਜੇ ਗਾਣੇ ਵਿੱਚ ਇੱਕ ਟਰੱਕ ਡਰਾਈਵਰ ਰਸਤੇ ਵਿੱਚ ਜਾਂਦੀ ਮੁਟਿਆਰ ਨੂੰ ਸਵਾਰੀ ਦੇਣ ਲਈ ਕਹਿੰਦਾ ਹੈ ਤੇ ਉਹ ਮਨ੍ਹਾਂ ਕਰਦੀ ਹੈ, ਵੀ ਕਾਫੀ ਮਨੋਰੰਜਨ ਭਰਪੂਰ ਸੀ। 'ਮਿੱਤਰਾਂ ਦਾ ਚੱਲਿਆ ਟਰੱਕ ਨੀ' ਵਿੱਚ ਅਦਾਕਾਰੀ ਰਿੰਪਲ ਡੋਗਰਾ ਤੇ ਸੁਖਵੀਰ ਢਿੱਲੋਂ ਨੇ ਕੀਤੀ।

ਕੁੜੀਆਂ ਵੱਲੋਂ 'ਗਿੱਧਾ ਧੀਆਂ ਦਾ' ਤੇ 'ਮਾਂ ਦੀ ਕਮਲੀ ਮੇਲੇ ਚੱਲੀ' ਪੇਸ਼ਕਾਰੀ ਉਤੇ ਗਿੱਧਾ ਪਾਇਆ ਗਿਆ। ਇਸ ਟੀਮ ਦੀਆਂ ਕੋਆਰਡੀਨੇਟਰ ਪਾਇਲ ਵਿਰਦੀ ਤੇ ਸਰਬਜੀਤ ਕੌਰ ਸਨ। ਬਲਜੀਤ ਅਟਵਾਲ ਤੇ ਰਾਜਵਿੰਦਰ ਕੌਰ 'ਮੰਨ ਜਾ ਬਾਲਮਾ' ਪੇਸ਼ ਕੀਤਾ, ਜਦਕਿ ਹਰਮੀਤ ਕੌਰ ਨੇ 'ਸੌਂਕਣ ਗਿੱਧੇ ਦੀ।' ਸਰਬਜੀਤ ਕੌਰ ਨੇ 'ਮਾਲਵੇ 'ਚ ਰਹਿੰਦੀਆਂ ਸ਼ੌਕੀਨ ਨਾਰੀਆਂ' ਤੇ ਇੱਕ ਹੋਰ ਗੀਤ ਉਤੇ ਅਦਾਕਾਰੀ ਭਰਪੂਰ ਗਿੱਧਾ ਪਾਇਆ। ਮਨਕੀਰਤ ਕੌਰ, ਹਰਮਨ ਕੌਰ ਤੇ ਮਹਿਕਪ੍ਰੀਤ ਕੌਰ ਨੇ ਗੀਤ 'ਚੰਦ ਵਰਗੀਆਂ ਜੱਟੀਆਂ ਪੰਜਾਬ ਦੀਆਂ' ਉਤੇ ਕੋਰਿਓਗ੍ਰਾਫੀ ਕੀਤੀ। ਕਿਰਨ ਕੌਰ ਨੇ 'ਲੈ ਜਾ ਮੇਰਾ ਲੱਕ ਮਿਣ ਕੇ' ਅਤੇ ਕੁਲਵੰਤ ਕੌਰ ਤੇ ਰੂਪਾ ਕੌਰ ਨੇ 'ਭੰਗੜਾ ਇਨਫਿਨਿਟੀ' ਆਈਟਮ ਪੇਸ਼ ਕੀਤੀ। ਗੁਰਪ੍ਰੀਤ ਕੌਰ ਤੇ ਕੁਲਵੰਤ ਕੌਰ ਨੇ 'ਮਾਹੀਆ ਮੈਂ ਲੌਂਗ ਗਵਾ ਆਈ ਆਂ' ਉਤੇ ਗਿੱਧਾ ਪਾਇਆ। ਪੇਸ਼ਕਾਰੀਆਂ ਵਿੱਚ ਚਰਖਾ ਕੱਤਦੀ ਮੁਟਿਆਰ, ਪੱਖੀਆਂ ਝੱਲਦੀਆਂ ਕੁੜੀਆਂ ਤੇ ਚੁੰਨੀਆਂ ਸੁਕਾਉਂਦੀਆਂ ਮੁਟਿਆਰਾਂ ਅਤੇ ਵੰਗਾਂ ਚੜ੍ਹਾਉਣ ਆਏ ਵਣਜਾਰੇ ਦੇ ਦ੍ਰਿਸ਼ ਵੀ ਬੜੇ ਦਿਲਚਸਪ ਸਨ। ਬੇਅੰਤ ਕੌਰ ਵਿਰਕ ਅਤੇ ਸਰਬਜੀਤ ਕੌਰ ਨੇ 'ਪਾਈਆ ਦੁੱਧ' ਆਈਟਮ 'ਤੇ ਮੋਨੋਐਕਟਿੰਗ ਕੀਤੀ।

ਇਸ ਮੌਕੇ ਖੁੱਲ੍ਹੇ ਪਿੜ ਵਿੱਚ ਬੀਬੀਆਂ ਨੇ ਬੋਲੀਆਂ ਪਾਉਂਦਿਆਂ ਗਿੱਧਾ ਪਾਇਆ। ਕੁਝ ਬੋਲੀਆਂ ਸਨ: 'ਨਾਲੇ ਸੱਸਾਂ ਪੁੱਤ ਦਿੰਦੀਆਂ, ਨਾਲੇ ਦਿੰਦੀਆਂ ਰਹਿਣ ਨੂੰ ਥਾਵਾਂ'; 'ਘਰ ਦੀ ਸ਼ੱਕਰ ਬੂਰੇ ਵਰਗੀ ਗੁੜ ਚੋਰੀ ਦਾ ਖਾਂਦਾ, ਚੰਦਰੇ ਨੂੰ ਇਸ਼ਕ ਬੁਰਾ ਬਿਨ ਪੌੜੀ ਚੜ੍ਹ ਜਾਂਦਾ'; 'ਜੱਟੀਏ ਦੇ ਦਬਕਾ, ਜੱਟ ਨਾ ਬਰਾਬਰ ਬੋਲੇ'; 'ਸੱਸ ਮੇਰੀ ਨੇ ਮੁੰਡੇ ਜੰਮੇ, ਮੁੰਡੇ ਜੰਮੇ ਸੌ, ਅਜੇ ਕਿਹੜਾ ਹਟਦੀ ਸੀ, ਮਰ ਗਿਆ ਮੁੰਡੇ ਦਾ ਪਿਓ।' ਹੋਰ ਵੀ ਕਈ ਤਰ੍ਹਾਂ ਦੇ ਹਾਵ-ਭਾਵ ਪ੍ਰਗਟ ਕਰਦੀਆਂ ਬੋਲੀਆਂ ਪੈ ਰਹੀਆਂ ਸਨ- ਕੋਈ ਮਨ ਦੇ ਵਲਵਲੇ ਕੱਢਣ ਵਾਲੀ, ਕੋਈ ਪ੍ਰੀਤਾਂ ਭਰਪੂਰ ਤੇ ਕੋਈ ਤਨਜਾਂ ਵਾਲੀਆਂ; ਯਾਨਿ ਹਰ ਬੋਲੀ ਦਾ ਆਪਣਾ ਹੀ ਰੰਗ ਸੀ।

⇒ ਬਾਕੀ ਸਫਾ 14 ਉਤੇ ਪੜ੍ਹੋ














# ਟੀਮ ‘ਸਵੇਰਾ’ ਨੇ ਮਨਾਈਆਂ ‘ਧੀਆਂ ਦੀਆਂ ਤੀਆਂ’





















# ਧਾਗਾ, ਸੂਤ, ਸੂਤਲੀ

**ਸ਼ਬਦੋ ਵਣਜਾਰਿਓ**

ਪਰਮਜੀਤ ਢੀਂਗਰਾ
ਫੋਨ:+91-8847610125



ਮਹਾਨ ਕੋਸ਼ ਅਨੁਸਾਰ- ਸੂਤ 1. ਸੰ। ਸੰਗਯਾ- ਤਾਗਾ, ਡੋਰਾ, 'ਦਇਆ ਕਪਾਹ ਸੰਤੋਖ ਸੂਤ' (ਵਾਰ ਆਸਾ); 2. ਜਨੇਊ, 'ਸੂਤ ਪਾਇ ਕਰੇ ਬੁਰਿਆਈ॥'; 3. ਪ੍ਰਬੰਧ, ਇੰਤਜ਼ਾਮ। 4. ਪਰਸਪਰ ਪ੍ਰੇਮ, ਮੇਲ-ਮਿਲਾਪ, 'ਰਾਖਹੁ ਸੂਤ ਇਹੀ ਬਨ ਆਵੈ' (ਗੁ.ਪ੍ਰ.ਸੂ.); 5. ਰੀਤਿ, ਰਿਵਾਜ, 'ਹੁਤੋ ਸੰਸਾਰ ਸੂਤ ਇਹੁ ਦਾਸਾ' (ਨਾ.ਪ੍ਰ.) ਸੰਸਾਰ ਰੀਤਿ ਅਨੁਸਾਰ ਇਹ ਸੇਵਕ ਸੀ। 6. ਠੀਕ, ਸਹੀ, ਦੁਰੁਸਤ। 'ਮੰਦਲ ਨ ਬਾਜੈ ਨਟਪੈ ਸੂਤਾ' (ਆਸਾ-ਕਬੀਰ); 7. ਸੂਤ੍ਰ ਆਕਾਰ ਦੀ ਮਿਠਾਈ ਜੋ ਖੰਡ ਵਿੱਚ ਪਾਗੀ ਜਾਂਦੀ ਹੈ, ਸੇਵੀ, ਨੁਗਦੀ, 'ਲਡੂਆ ਅਰ ਸੂਤ ਭਲੇ ਜੁ ਬਨੇ' (ਕ੍ਰਿਸਨਾਵ); 8. ਸੰ। ਸੂਤ ਰਥਵਾਨ, ਰਥ ਹੱਕਣ ਵਾਲਾ, 'ਪਾਰਥ ਸੂਤ ਕੀ ਡੋਰ ਲਗਾਏ' (ਕ੍ਰਿਸਨਾਵ) ਅਰਜੁਨ ਨੇ ਰਥਵਾਨ ਦੀ ਡੋਰ ਕ੍ਰਿਸ਼ਨ ਜੀ ਨੂੰ ਫੜਾਈ। 9. ਸੂਰਜ; 10. ਅੱਕ; 11. ਬ੍ਰਾਹਮਣੀ ਦੀ ਪੇਟ ਤੋਂ ਛਤ੍ਰੀ ਦਾ ਪੁਤ੍ਰ, ਦੇਖੋ, ਔਸ਼ਨਸੀ ਸਿਮ੍ਰਿਤਿ ਸ: 2 ਅਤੇ 3; 12 ਬੰਦੀਜਨ, ਦੇਵਤਾ ਰਾਜਾ ਰਿਖੀ ਆਦਿ ਦੀ ਵੰਸ਼ਾਵਲੀ ਚੇਤੇ ਰੱਖਣ ਅਰ ਪੜ੍ਹਨ ਵਾਲਾ ਕਵੀ। 13. ਪਾਰਾ। 14. ਵਯਾਸ ਦਾ ਚੇਲਾ, ਲੋਮਹਰਸਣ, ਜੋ ਰਿਖੀਆਂ ਨੂੰ ਪੂਰਾਣਕਥਾ ਸੁਣਾਇਆ ਕਰਦਾ ਸੀ। 15. ਵਿ - ਪ੍ਰਸੂਤ। ਸੂਇਆ ਹੋਇਆ; 16 ਚੁਆਇਆ ਹੋਇਆ, ਟਪਕਾਇਆ ਹੋਇਆ। 17. ਸੰ। ਸੂਤ ਸੂੱਤ, ਦਿੱਤਾ ਹੋਇਆ, ਦਾਨ ਕੀਤਾ, ਦੇਖੋ, ਸਾਤ ਸੂਤ 2; 18. ਤੁਖਾਰੀ ਰਾਗ ਦੇ ਸੁਰਾਂ ਦਾ ਪ੍ਰਬੰਧ ਠਾਟ। (ਮ: ਪ) ਦੁਨੀਆ ਵਿੱਚ ਪ੍ਰੇਮ ਦੀ ਤਾਰ ਤਣਨ ਵਾਲੇ ਦੁਖ ਪਾਉਂਦੇ ਹਨ। ਸੂਤ ਕੇ ਲੱਡੂ - ਇੱਕ ਪ੍ਰਕਾਰ ਦੇ ਲੱਡੂ, ਪਹਿਲਾਂ ਮੈਦੇ ਦੀਆਂ ਸੇਵੀਆਂ ਜਾਂ ਮੱਠੀਆਂ ਘਿਓ ਵਿੱਚ ਤਲ ਕੇ ਕੁੱਟੀਦੀਆਂ ਹਨ, ਉਨ੍ਹਾਂ ਵਿੱਚ ਖੰਡ ਮਿਲਾ ਕੇ ਵੱਟ ਲਈਦੇ ਹਨ। ਪੁਰਾਣੇ ਜ਼ਮਾਨੇ ਵਿੱਚ ਲੱਡੂ ਅਤੇ ਸੂਤ੍ਰ (ਜਨੇਊ) ਖਾਸ ਮੌਕਿਆਂ ਪੁਰ ਬ੍ਰਾਹਮਣਾਂ ਦੇ ਘਰੀਂ ਵੰਡੇ ਜਾਂਦੇ ਸਨ। ਇਸ ਕਾਰਨ ਇਹ ਸੰਗਯਾ ਹੈ। ਸੂਤਣਾ, ਕਿਰਿਆ ਸੂਤ ਫੈਲਾਉਣਾ। ਖਿੱਚਣਾ, ਜਿਸ ਤਰ੍ਹਾਂ ਮਿਆਨੋਂ ਤਲਵਾਰ ਸੂਤਣੀ। ਸੂਤਧਰ- ਸੰ। ਸੂਤ੍ਰਧਾਰ, ਸੰਗਯਾ- ਨਟ, ਨਾਟਕ ਖੇਡਣ ਵਾਲਾ।

ਸੂਤਧਾਰ- ਜਿਸ ਦੇ ਹੱਥ ਪੁਤਲੀਆਂ ਦੀ ਡੋਰੀ ਹੈ, ਜਿਸ ਦੇ ਹੱਥ ਸਾਰੇ ਅਖਾੜੇ ਦਾ ਪ੍ਰਬੰਧ ਹੈ। ਸੂਤਧਾਰੀ- ਦੇਖੋ, ਸੂਤਧਾਰ। ਧਾਗਾ, ਸੂਤ ਦੀ ਡੋਰ, 'ਮਨ ਮੋਤੀ ਜੇ ਗਹਿਣਾ ਹੋਵੈ ਪਉਣ ਹੋਵੈ ਸੂਤਧਾਰੀ।' (ਆਸਾ ਮ: ੧) ਪਾਉਣ ਤੋਂ ਭਾਵ ਸਵਾਸ ਹੈ। ਸੂਤਧਾਰੁ- ਦੇਖੋ, ਸੂਤਧਾਰ, 'ਆਪੇ ਹੀ ਸੂਤਧਾਰ ਹੈ ਪਿਆਰਾ॥' (ਸੋਰ ਮ: ੪) ਸੂਤਰ, ਦੇਖੋ, ਸੂਤ੍ਰ। ਸੰ। ਸੂਤਰ ਵਿ- ਬਹੁਤ ਵਧੀਆ, ਅਤਯੰਤ ਸ੍ਰੇਸ਼ਠ। ਸੂਤਰਿ। ਸੰਗਯਾ- ਸੂਤ ਦਾ ਵੈਰੀ, ਬਲਰਾਮ, ਦੇਖੋ, ਲੋਮਹਰਸਣ। ਵਿ- ਰਥਵਾਹੀ ਦਾ ਵੈਰੀ, 'ਪਵਨ ਸੁਤ ਅਨੁਜ ਸੂਤਰਿ।' (ਸਨਾਮਾ) ਪੌਣ ਦਾ ਪੁਤ੍ਰ ਭੀਮ, ਉਸ ਦਾ ਛੋਟਾ ਭਾਈ ਅਰਜੁਨ, ਉਸ ਦਾ ਰਥਵਾਹੀ ਕ੍ਰਿਸ਼ਨ, ਉਸ ਦਾ ਵੈਰੀ ਤੀਰ। ਸੂਤਲੀ- ਸੰਗਿਯਾ-ਸੂਤਲ ਦੀ ਰੱਸੀ, ਡੋਰੀ; ਸੁਤੜੀ- ਦੇਖੋ, ਸੂਤਲੀ। ਵਿ- ਸੁੱਤੀ ਹੋਈ। 'ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ॥' (ਬਿਲਾਵਲ ਛੰਤ ਮ: ੧) ਸੂਤਾ। ਵਿ- ਸੁਪ੍ਵ। ਸੁੱਤਾ। 'ਹਰਿ ਧਨ ਜਾਗਤ ਸੂਤਾ॥' (ਗੁਜਰੀ ਮ: ਪ) ਸੰਗਯਾ- ਸੂਤਣ ਦੀ ਕ੍ਰਿਯਾ। ਜੈਸੇ- ਰੱਸੀ ਆਦਿ ਨੂੰ ਸੂਤਾ ਲਾਉਣਾ। ਸੂਤਿ। ਸੂਤ੍ਰ (ਡੋਰ) ਵਿੱਚ। 'ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥' (ਸੁਖਮਨੀ) ਸੂਤ (ਪ੍ਰਬੰਧ) ਵਿੱਚ ਬਾਕਾਇਦਾ। 'ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥' (ਜਪੁ) 'ਸਗਲ ਸਮਗ੍ਰੀ ਸੂਤਿ ਤੁਮਾਰੇ॥' (ਸੂਹੀ ਮ: ਪ) ਸੰ। ਸੰਗਯਾ- ਜਨਮ। ਉਤਪੱਤੀ। ਸੰਤਾਨ, ਔਲਾਦ। ਸੂਤ ਕੇ ਹਟੂਆ। ਸੂਤ ਦੀ ਹੱਟ ਕਰਨ ਵਾਲੇ। ਭਾਵ ਰੇਸ਼ਮ ਦੇ ਕੀੜੇ ਅਰ ਕਾਹਣੇ ਆਦਿ, ਜੋ ਆਪਣੇ ਸਰੀਰ ਤੋਂ ਸੂਤ ਕੱਢਦੇ ਅਤੇ ਆਪਣੇ ਤਾਣੇ ਵਿੱਚ ਆਪ ਹੀ ਬੰਨ੍ਹੇ ਹੋਏ ਮਰਦੇ ਹਨ। 'ਸਗਲ ਦੂਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ॥' (ਸਵੈਯੇ ਸ੍ਰੀ ਮੁਖਵਾਕ) ਸੂਤੀ। ਵਿ- ਸੁੱਤੀ, ਸੋਈ ਹੋਈ। 'ਹਰਿ ਸੰਗ ਸੂਤੀ' (ਬਿਲਾਵਲ ਛੰਤ ਮ: ੧) ਭਾਵ ਸਹਵਾਸ ਵਾਲੀ। ਕਪਾਹ ਦੇ ਸੂਤ ਦਾ, ਜਿਵੇਂ ਸੂਤੀ ਕੱਪੜਾ।

ਪੰਜਾਬੀ ਕੋਸ਼ ਅਨੁਸਾਰ ਸੂਤ੍ਰ- ਧਾਰਮਿਕ ਮਸਤੀ, ਸੂਤ, ਧਾਗਾ, ਜਨੇਊ, ਕਿਸਮ, ਅਸੂਲ; ਸੂਤ੍ਰਕਾਰ- ਪੰਡਿਤ, ਰਿਖੀ ਜੋ ਸੂਤ੍ਰਾਂ ਦੀ ਰਚਨਾ ਕਰੇ, ਜੁਲਾਹਾ, ਮੱਕੜੀ; ਸੂਤ੍ਰ ਪਾਤ- ਕੰਮ ਸ਼ੁਰੂ ਕਰਨ ਦਾ ਭਾਵ, ਮਕਾਨ ਬਣਾਉਣ ਵੇਲੇ ਸੂਤਰ ਨਾਲ ਜ਼ਮੀਨ 'ਤੇ ਨਿਸ਼ਾਨ ਲਾਉਣੇ। ਸੂਤਿਆ ਜਾਣਾ- ਲਿੱਸੇ ਹੋ ਜਾਣਾ; ਮੂੰਹ ਪਤਲਾ ਪੈ ਜਾਣਾ, ਸੂਤਰ- ਤਰਖਾਣਾਂ ਦੀ ਰੰਗਦਾਰ ਗਿੱਲੀ ਡੋਰੀ ਜਿਸ ਨਾਲ ਨਿਸ਼ਾਨ ਲਾ ਕੇ ਲੱਕੜ ਨੂੰ ਸਿੱਧੀ ਚੀਰਦੇ ਹਨ। ਰਾਜਾਂ ਦੀ ਡੋਰੀ ਅਥਵਾ ਸਾਲ੍ਹ, ਜਿਸ ਨਾਲ ਉਸਾਰੀ ਵਿੱਚ ਰਦਿਆਂ ਨੂੰ ਸੇਧ ਕਾਇਮ ਰੱਖਣ ਲਈ ਵਰਤਦੇ ਹਨ। ਸੂਤਲੀ ਜਾਂ ਸੂਤੜੀ- ਬੋਰੀਆਂ ਸਿਊਣ ਵਾਲਾ ਸੇਬਾ, ਡੋਰੀ; ਸੂਤੜਾ- ਇੱਕ ਗਹਿਣਾ ਜੋ ਔਰਤਾਂ ਪਾਉਂਦੀਆਂ ਹਨ; ਸੂਤਾ- ਮਾਂਝਾ, ਰੱਸੇ ਜਾਂ ਡੋਰ ਨੂੰ ਲਾਉਣ ਵਾਲਾ। ਸੂਤ ਦੀ ਏਨੀ ਮਹਿਮਾ ਤੇ ਏਨਾ ਵੱਡਾ ਕੁਨਬਾ ਦੇਣ ਦਾ ਅਰਥ ਹੈ ਕਿ ਧਾਗੇ ਦੇ ਮੂਲ ਵਿੱਚ ਸੂਤ ਪਿਆ ਹੈ। ਕਤਾਰ, ਲਾਈਨ, ਰੇਖਾ ਲਈ ਜਿੰਨੇ ਵੀ ਸ਼ਬਦ ਹਨ, ਉਨ੍ਹਾਂ ਦਾ ਸੰਬੰਧ ਜਾਂ ਤਾਂ ਬਿੰਦੂ ਨਾਲ ਹੈ ਜਾਂ ਤੰਤੂ ਨਾਲ। ਸੂਤ ਵੀ ਇੱਕ ਅਜਿਹਾ ਹੀ ਸ਼ਬਦ ਹੈ, ਜਿਸ ਵਿੱਚ ਰੇਸ਼ੇ, ਤੰਤੂ ਜਾਂ ਰੇਖਾ ਦੇ ਭਾਵ ਹਨ। ਸੂਤ ਅਰਥਾਤ ਰੂੰ ਤੋਂ ਕੱਤਿਆ ਹੋਇਆ ਧਾਗਾ। ਇਸ ਧਾਗੇ ਨਾਲ ਬੁਣੇ ਕੱਪੜੇ ਨੂੰ ਹੀ ਸੂਤੀ ਕੱਪੜਾ ਕਿਹਾ ਜਾਂਦਾ ਹੈ।

ਸੂਤ ਸ਼ਬਦ ਦੀ ਵਿਓਤਪਤੀ ਸੰਸਕ੍ਰਿਤ ਦੇ ਸ਼ਬਦ 'ਸੂਤ੍ਰ' ਤੋਂ ਹੋਈ ਹੈ, ਜਿਸਦਾ ਅਰਥ ਹੈ- ਬੰਨ੍ਹਣਾ, ਕੱਸਣਾ, ਲਪੇਟਣਾ। ਸਪਸ਼ਟ ਹੈ ਕਿ ਧਾਗਾ ਵੱਟਣ ਵਿੱਚ ਰੂੰ ਤੇ ਰੇਸ਼ਮ ਨੂੰ ਕਿਰਿਆ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਬਣੇ ਸੂਤਰਮ੍ ਸ਼ਬਦ ਦਾ ਅਰਥ ਬਣਿਆ- ਧਾਗਾ, ਡੋਰਾ, ਡੋਰੀ, ਰੇਸ਼ਾ, ਤੰਤੂ, ਯਗੋਪਵੀਤ ਅਥਵਾ ਜਨੇਊ। ਸੂਤਰ ਦਾ ਇੱਕ ਅਰਥ ਰੇਖਾ ਵੀ ਹੈ। ਇੱਕ ਸੂਤਰ ਵਿੱਚ ਪਰੋਣਾ, ਕਤਾਰਬੱਧ ਕਰਨਾ, ਇੱਕ ਪ੍ਰਣਾਲੀ ਅਪਨਾਉਣਾ, ਠੀਕ ਪੱਦਤੀ ਵਿੱਚ ਰਖਣਾ ਆਦਿ ਭਾਵ ਇਸ ਵਿੱਚ ਹਨ। ਜਨੇਊ ਨੂੰ ਬ੍ਰਹਮਸੂਤਰ ਵੀ ਕਹਿੰਦੇ ਹਨ। ਸੰਸਕ੍ਰਿਤ ਸੂਤਰਮ ਦਾ ਅਰਥ ਸਿਰਫ ਕਪਾਹ ਤੋਂ ਬਣਿਆ ਰੇਸ਼ਾ ਨਹੀਂ ਸਗੋਂ ਰੇਸ਼ਮੀ ਧਾਗੇ ਨੂੰ ਵੀ ਸੂਤ ਹੀ ਕਿਹਾ ਜਾਂਦਾ ਹੈ। ਹਾਲਾਂਕਿ ਸੰਸਕ੍ਰਿਤ ਵਿੱਚ ਕਪਾਹ ਲਈ 'ਸੁਤ੍ਰਪੁਸ਼ਪ:' ਸ਼ਬਦ ਮਿਲਦਾ ਹੈ, ਸੂਤ ਦਾ ਇੱਕ ਅਰਥ ਗੁਰ ਅਥਵਾ ਵਿਧੀ ਜਾਂ ਤਰੀਕਾ ਵੀ ਹੈ। ਸੂਤਰਧਾਰ, ਸੂਤਰਪਾਤ ਭਾਵ ਡੋਰੀ ਤੇ ਪਾਤ ਦਾ ਅਰਥ ਹੈ- ਡੇਗਣਾ, ਡਿਗਣਾ, ਅਰੰਭ ਕਰਨਾ। ਪੈਮਾਇਸ਼ ਕਰਨ ਵਾਲੀ ਰੱਸੀ ਨੂੰ ਵੀ ਸੂਤਰਪਾਤ ਕਹਿੰਦੇ ਹਨ। ਸੰਸਕ੍ਰਿਤ ਦੀ ਇੱਕ ਧਾਤੂ ਹੈ 'ਰਿਸ਼ ਜਾਂ ਰਿਛ' ਜਿਸਦਾ ਅਰਥ ਹੈ- ਪੁੱਟਣਾ, ਜਖ਼ਮੀ ਕਰਨਾ। ਰਿਸ਼ ਅਸਲ ਵਿੱਚ ਅਪਭ੍ਰੰਸ਼ੀ ਰੂਪ ਹੈ, ਜਿਸਦਾ ਅਰਥ ਪੰਕਤੀ ਜਾਂ ਕਤਾਰ ਹੈ। ਮਰਾਠੀ ਵਿੱਚ ਰੇਖਾ ਲਈ ਰੇਸ਼ਾ ਸ਼ਬਦ ਮਿਲਦਾ ਹੈ। ਅੰਗਰੇਜ਼ੀ ਰੋ (Row) ਅਤੇ ਰੇਖਾ ਵਿੱਚ ਸਮਾਨਤਾ ਹੈ। ਰੋ ਹਾਊਸਿੰਗ ਸ਼ਬਦ ਇਹਦੀ ਕਤਾਰਬੰਦੀ ਤੋਂ ਬਣਿਆ ਹੈ। ਫ਼ਾਰਸੀ ਵਿੱਚ ਰਿਸ਼ਤਾ ਤੰਤੂ/ਸੂਤ ਜਾਂ ਧਾਗੇ ਨੂੰ ਕਿਹਾ ਜਾਂਦਾ ਹੈ, ਜਿਸਨੂੰ ਰੇਖਾ ਦੇ ਅਰਥਾਂ ਵਿੱਚ ਸਮਝਿਆ ਜਾ ਸਕਦਾ ਹੈ। ਸੰਸਕ੍ਰਿਤ, ਮਰਾਠੀ, ਪੰਜਾਬੀ ਦਾ ਰੇਸ਼ਾ ਇੱਕ ਹੀ ਰਿਸ਼ਤੇ ਵਿੱਚ ਬੱਝੇ ਹੋਏ ਹਨ। ਰੇਸ਼ਮ ਜਾਂ ਰੇਸ਼ਮੀ ਸ਼ਬਦ ਨਾਲ ਵੀ ਇਹਦੀ ਸਕੀਰੀ ਹੈ। ਰੇਸ਼ਮ ਮੂਲ ਰੂਪ ਵਿੱਚ ਇਕ ਨਰਮ, ਮੁਲਾਇਮ ਅਤੇ ਪਤਲਾ ਜਿਹਾ ਤੰਤੂ ਹੁੰਦਾ ਹੈ, ਜੋ ਰੇਸ਼ਮ ਦੇ ਕੀੜੇ ਤੋਂ ਮਿਲਦਾ ਹੈ। ਰਿਸ਼ਤਾ ਵੀ ਇੱਕ ਧਾਗਾ ਹੈ, ਜੋ ਦੋ ਧਿਰਾਂ ਅਥਵਾ ਜਣਿਆਂ ਨੂੰ ਆਪਸ ਵਿੱਚ ਜੋੜਦਾ ਹੈ।

ਅੰਗਰੇਜ਼ੀ ਦੇ ਰੈਂਕ ਨਾਲ ਵੀ ਇਹਦੀ ਸਕੀਰੀ ਹੈ। ਡੋਰੀ ਅਥਵਾ ਰੱਸੀ ਲਈ ਵੀ ਧਾਗਾ ਸ਼ਬਦ ਪ੍ਰਚਲਤ ਹੈ। ਮਹਾਨ ਕੋਸ਼ ਅਨੁਸਾਰ ਧਾਗਾ ਸੰਗਿਆ- ਤਾਗਾ, 'ਸੂਈ ਧਾਗਾ ਸੀਵੈ (ਵਾਰ ਰਾਮਕਲੀ ਮ: ੧), ਜਨੇਊ, ਯਗੋਪਾਵੀਤ- 'ਤਿਲਕ ਧਾਗਾ ਕਾਠ ਦੀ ਮਾਲਾ ਧਾਰੇ, ਸੋ ਤਨਖਾਹੀਆ (ਰਹਿ. ਦਯਾ ਸਿੰਘ); ਚੇਤਨਸੱਤਾ- 'ਸਭ ਪਰੋਈ ਇਕਤੁ ਧਾਗੈ' (ਮਾਝ ਮ: ਪ); ਪੰਜਾਬੀ ਵਿੱਚ ਧਾਗੇ ਨਾਲ ਬਹੁਤ ਸਾਰੇ ਮੁਹਾਵਰੇ ਤੇ ਮਾਨਤਾਵਾਂ ਵੀ ਜੁੜੀਆਂ ਹੋਈਆਂ ਹਨ- ਧਾਗਾ ਕਰਨਾ- ਭੂਤਾਂ ਪ੍ਰੇਤਾਂ ਤੋਂ ਬਚਣ ਲਈ ਧਾਗੇ 'ਤੇ ਮੰਤਰ ਪੜ੍ਹਨਾ; ਧਾਗਾ ਕਰਾਉਣਾ- ਨਜ਼ਰ ਜਾਂ ਸਾਏ ਤੋਂ ਬਚਾਉਣ ਲਈ ਪੀਰ ਫਕੀਰ ਤੋਂ ਧਾਗਾ ਪੜ੍ਹਵਾਉਣਾ; ਧਾਗਾ ਖੋਲ੍ਹਣਾ- ਹਿੰਦੂ ਔਰਤਾਂ ਮੱਘਰ ਦੇ ਮਹੀਨੇ ਜਵਾਰ ਦੀ ਚੂਰੀ ਬਣਾ ਕੇ ਵੀਣੀ ਤੋਂ ਧਾਗਾ ਖੋਲ੍ਹਦੀਆਂ ਹਨ; ਧਾਗਾ ਟੁੱਟਣਾ- ਮਰਨ ਵੇਲੇ ਸਰੀਰ ਦਾ ਨਿਡਾਲ ਹੋਣਾ; ਧਾਗਾ ਤਵੀਤ- ਮੰਤਰ ਪੜ੍ਹਿਆ ਧਾਗਾ; ਧਾਗਾ ਪਰੋਣਾ; ਧਾਗਾ ਪਾਉਣਾ; ਧਾਗਾ ਬੰਨ੍ਹਣਾ- ਭਾਦਰੋਂ ਦੇ ਮਹੀਨੇ ਲੱਛਮੀ ਦਾ ਵਰਤ ਰੱਖ ਕੇ ਹਿੰਦੂ ਔਰਤਾਂ ਪੀਲੇ ਰੰਗ ਦਾ ਗੰਢਾਂ ਵਾਲਾ ਧਾਗਾ ਬਾਹਮਣੀਆਂ ਕੋਲੋਂ ਲੈ ਕੇ ਬੰਨ੍ਹਦੀਆਂ ਹਨ। ਧਾਗਾ ਲੰਮਾ ਨਹੀਂ ਗੰਮਾ, ਭਾਵ ਘਟੀ ਦਾ ਕੋਈ ਇਲਾਜ ਨਹੀਂ; ਧਾਗੇ ਵਿੱਚ ਪਰੋਣਾ- ਇੱਕ ਮੁੱਠ ਕਰਨਾ। ਇਸ ਤਰ੍ਹਾਂ ਧਾਗੇ ਦੀ ਲੜੀ ਵੀ ਦੇਖੀ ਜਾ ਸਕਦੀ ਹੈ। 'ਤੰਤੂਅਗ੍ >ਤਾਗੱਅ> ਤਾਗਾ> ਧਾਗਾ' ਇਸ ਤਰ੍ਹਾਂ ਸਪਸ਼ਟ ਹੈ ਕਿ ਸੂਤ ਤੋਂ ਬਣੇ ਧਾਗੇ ਦੀ ਸਕੀਰੀ ਬੜੀ ਜਟਿਲ ਤੇ ਗੁੰਝਲਦਾਰ ਹੈ। ਇਸ ਦੇ ਕੁਨਬੇ ਵਿੱਚ ਹਰ ਰੋਜ਼ ਨਵੇਂ ਭਾਵ ਸ਼ਾਮਲ ਹੋ ਰਹੇ ਹਨ, ਜਿਵੇਂ ਧਾਗਾ ਮਿਲ, ਸੂਤ ਮੰਡੀ ਆਦਿ।

# ਅੱਸੂ ਦੇ ਛੱਰਾਟਿਆਂ 'ਚ ਜੁੜੀ 'ਸਵੇਰਾ ਤੀਆਂ' ਦੀ ਰੌਣਕ

ਇਜਿਪਟ ਤੋਂ ਆਈ ਹੋਈ ਜ਼ੀਨਾ ਨੇ ਬੈਲੇ ਡਾਂਸ ਪੇਸ਼ ਕੀਤਾ ਤਾਂ ਜ਼ਰੂਰ ਹੀ ਕੁਝ ਬਜ਼ੁਰਗ ਬੀਬੀਆਂ ਨੇ "ਹੂ ਮੈਂ ਮਰ'ਜਾਂ" ਆਖਦਿਆਂ ਸ਼ਰਮ ਮੰਨੀ ਹੋਣੀ ਹੈ, ਜਦਕਿ ਮਾਡਰਨ ਖਿਆਲਾਂ ਵਾਲੀਆਂ ਮੁਟਿਆਰਾਂ ਨੇ ਇਸ ਡਾਂਸ ਉਤੇ ਚੀਕਾਂ ਤੇ ਤਾੜੀਆਂ ਮਾਰ ਕੇ ਜ਼ੀਨਾ ਦੇ ਬੈਲੇ ਡਾਂਸ ਦੀ ਤਾਰੀਫ ਕੀਤੀ। ਜਦੋਂ ਜ਼ੀਨਾ ਨੇ ਡਾਂਸ ਦੇ ਅਖੀਰ ਵਿੱਚ ਇੱਕ ਪੰਜਾਬਣ ਮੁਟਿਆਰ ਨੂੰ ਨਾਲ ਨੱਚਣ ਲਈ ਹੱਥ ਫੜ ਲਿਆ ਤਾਂ ਉਹ ਮੁਟਿਆਰ ਗਿੱਧਾ ਪਾਉਣ ਲੱਗ ਪਈ, ਜਿਸ ਤਰ੍ਹਾਂ ਜਤਾ ਰਹੀ ਹੋਵੇ ਕਿ 'ਬੀਬਾ ਤੈਨੂੰ ਤੇਰਾ ਡਾਂਸ ਮੁਬਾਰਕ, ਸਾਨੂੰ ਤਾਂ ਗਿੱਧਾ ਈ ਜੱਚਦੈ!' ਮੁਸਲਿਮ ਅਤੇ ਹਿੰਦੂ ਭਾਈਚਾਰੇ ਦੀਆਂ ਕੁੜੀਆਂ ਵੀ ਪਹੁੰਚੀਆਂ ਹੋਈਆਂ ਸਨ।

ਗਹਿਣਿਆਂ, ਫੁਲਕਾਰੀਆਂ ਅਤੇ ਪੰਜਾਬੀ ਜੁੱਤੀਆਂ ਤੇ ਸੂਟਾਂ ਦੇ ਸਟਾਲਾਂ ਤੋਂ ਬਿਨਾ ਤਾਂ ਤੀਆਂ ਦਾ ਮੌਕਾ ਜੱਚਦਾ ਹੀ ਨਹੀਂ, ਤਾਂਹੀਓਂ ਮੰਚ ਸੰਭਾਲਦੀਆਂ ਬੀਬੀਆਂ ਨਾਲੋ ਨਾਲ ਤੀਆਂ ਮਨਾਉਣ ਆਈਆਂ ਬੀਬੀਆਂ ਨੂੰ ਸਟਾਲਾਂ ਤੋਂ ਕੋਈ ਨਾ ਕੋਈ ਵਸਤੂ ਖਰੀਦਣ ਲਈ ਉਤਸ਼ਾਹਿਤ ਕਰ ਰਹੀਆਂ ਸਨ। ਪੀਂਘ ਦੇ ਹੁਲਾਰੇ ਲੈਣ ਤੋਂ ਕਿਵੇਂ ਕੋਈ ਮੁਟਿਆਰ ਪਿੱਛੇ ਰਹਿ ਸਕਦੀ ਹੈ! ਜਿੱਥੇ ਕੁੜੀਆਂ-ਚਿੜੀਆਂ ਅਤੇ ਮੁਟਿਆਰਾਂ ਹੋਣ, ਤੇ ਉਹ ਵੀ ਤਿਆਰ ਹੋਈਆਂ ਤਾਂ ਫਿਰ ਫੋਟੋਆਂ ਤੇ ਰੀਲਾਂ ਦੇ ਜ਼ਮਾਨੇ ਵਿੱਚ ਕੋਈ ਕਿਵੇਂ ਟਲ ਸਕਦਾ! ਨਕਲੀ ਖੂਹ ਤੋਂ ਪਾਣੀ ਭਰਨ ਦਾ ਸਵਾਂਘ ਰਚਦੀਆਂ ਬੀਬੀਆਂ ਵੀ ਹਾਸੇ ਕੇਰ-ਕੇਰ ਤਸਵੀਰਾਂ ਖਿੱਚ ਰਹੀਆਂ ਸਨ।

ਇਸ ਮੌਕੇ ਸਭ ਤੋਂ ਛੋਟੀ ਕੁੜੀ ਸਾਢੇ ਚਾਹ ਮਹੀਨੇ ਦੀ ਜਸਨੂਰ ਕੌਰ ਕਲੇਰ ਨੂੰ ਤੀਆਂ ਵਿੱਚ ਆਉਣ 'ਤੇ ਗਿਫਟ ਹੈਂਪਰ ਦਿੱਤਾ ਗਿਆ। ਉਸ ਦੀ ਦਾਦੀ, ਨਾਨੀ ਤੇ ਮੰਮੀ ਨਾਲ ਸੀ। ਸਭ ਤੋਂ ਵੱਡੀ ਉਮਰ ਦੀਆਂ ਬੀਬੀਆਂ ਵਿੱਚੋਂ 89 ਅਤੇ 94 ਸਾਲ ਦੀਆਂ ਦੋ ਬੇਬੇਆਂ ਨੂੰ ਸਤਿਕਾਰ ਵਜੋਂ ਸੂਟ ਦਿੱਤੇ ਗਏ। 'ਵੱਡੀ ਬੇਬੇ' ਦਾ ਖਿਤਾਬ ਮਾਤਾ ਕਰਮਜੀਤ ਕੌਰ ਗੁਰਮ ਨੂੰ ਦਿੱਤਾ ਗਿਆ। ਇਸੇ ਦੌਰਾਨ ਮਰਹੂਮ ਗੁਰਦੀਪ ਕੌਰ (ਜੌਲੀ) ਡੰਡੋਨਾ ਦੀਆਂ ਦੋਵੇਂ ਧੀਆਂ ਦਾ ਫੁਲਕਾਰੀ ਨਾਲ ਸਨਮਾਨ ਕੀਤਾ ਗਿਆ। ਉਨ੍ਹਾਂ ਦਾ ਸਾਰਾ ਪਰਿਵਾਰ ਤੀਆਂ ਦੇ ਮੇਲੇ ਮੌਕੇ ਹਾਜ਼ਰ ਸੀ। ਜ਼ਿਕਰਯੋਗ ਹੈ ਕਿ ਇਹ ਤੀਆਂ ਸਵਰਗੀ ਬੀਬੀ ਡੰਡੋਨਾ ਨੂੰ ਸਮਰਪਿਤ ਸਨ। ਬੀਬੀ ਜਸਬੀਰ ਕੌਰ ਮਾਨ ਨੇ ਦੱਸਿਆ ਕਿ ਜਦੋਂ 'ਸਵੇਰਾ' ਦੀ ਟੀਮ ਬਣੀ ਤਾਂ ਜੌਲੀ ਡੰਡੋਨਾ ਸ਼ੁਰੂ ਤੋਂ ਸੰਸਥਾ ਨਾਲ ਸੀ। ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੀ ਵਿਦਿਆਰਥਣ ਗੁਰਮਨ ਕੌਰ ਬਰਾੜ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ। ਇਸ ਮੌਕੇ ਰੈਫਲ ਕੱਢੇ ਗਏ, ਜਿਸ ਦੇ ਇਨਾਮ ਵਿੱਚ ਸਾੜੀ, ਡਰੈੱਸ ਤੇ ਟੀ-ਸ਼ਰਟਾਂ ਸਨ।

'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ ਤੇ ਗਾਉਣ ਵਾਲੇ ਦਾ ਮੂੰਹ' ਬੋਲਾਂ ਵਾਂਗ ਖਰਾਬ ਮੌਸਮ ਵਿੱਚ ਵੀ ਬੀਬੀਆਂ ਨੇ ਖੂਬ ਤੀਆਂ ਮਨਾ ਲਈਆਂ। ਉਤੋਂ ਚਾਹ ਨਾਲ ਗਰਮ ਜਲੇਬੀਆਂ ਅਤੇ ਸਵਾਦੀ ਖਾਣੇ ਕੜ੍ਹੀ-ਚੌਲ ਤੇ ਛੋਲੇ-ਭਠੂਰਿਆਂ ਦਾ ਸਭ ਨੇ ਅਨੰਦ ਮਾਣਿਆ। ਤਾਜ਼ਾ ਭਠੂਰੇ ਤੇ ਜਲੇਬੀਆਂ ਕੇ.ਕੇ. ਪੰਮਾ ਤਿਆਰ ਕਰ ਰਿਹਾ ਸੀ। ਕੜ੍ਹੀ ਤੇ ਛੋਲੇ ਕਾਫੀ ਬਚ ਗਏ ਸਨ, ਜੋ ਬਾਅਦ ਵਿੱਚ ਤੀਆਂ ਵਿੱਚ ਸ਼ਾਮਲ ਹੋਈਆਂ ਮੇਲਣਾਂ ਨੂੰ ਵੰਡੇ ਦਿੱਤੇ ਗਏ। ਮੰਚ ਜਸਬੀਰ ਕੌਰ ਮਾਨ ਤੇ ਸੀਰਤ ਕੌਰ ਕਲੇਰ ਨੇ ਬਾਖੂਬੀ ਸੰਭਾਲਿਆ। ਨਾਲ ਹੀ ਉਨ੍ਹਾਂ ਨੇ ਪੰਜਾਬੀ ਵਿਰਸੇ ਦੀਆਂ ਤੰਦਾਂ ਛੋਹੀਆਂ ਤੇ ਨਾਲ ਹੀ ਟੀਮ 'ਸਵੇਰਾ' ਵੱਲੋਂ ਲੋੜਵੰਦ ਬੀਬੀਆਂ ਦੀ ਕੀਤੀ ਜਾਂਦੀ ਮਦਦ ਬਾਰੇ ਦੱਸਿਆ। ਗੁਰਲੀਨ ਕੌਰ ਨੇ ਪੀ.ਟੀ.ਸੀ. ਲਈ ਕਵਰੇਜ ਕੀਤੀ ਅਤੇ ਮੇਲੇ ਦੌਰਾਨ ਬੋਲੀਆਂ ਵੀ ਪਾਈਆਂ।

ਬਾਅਦ ਵਿੱਚ ਜਦੋਂ ਮੁੜ ਮੀਂਹ ਪੈਣ ਲੱਗ ਪਿਆ ਤਾਂ ਸਾਰੀਆਂ ਨੇ ਬੱਬੂ ਮਾਨ ਦੇ ਗੀਤ 'ਸੌਣ ਦੀ ਝੜੀ' ਅਤੇ ਰੁਪਿੰਦਰ ਹਾਂਡਾ ਦੇ ਗੀਤ 'ਮੇਰੇ ਪਿੰਡ ਦੇ ਗੇੜੇ ਮਾਰਦਾ' ਉਤੇ ਖੂਬ ਗਿੱਧਾ ਪਾਇਆ। ਅਖੀਰ ਵਿੱਚ ਟੀਮ ਸਵੇਰਾ ਦੀਆਂ ਕੁੜੀਆਂ-ਬੀਬੀਆਂ ਨੇ ਬੀਬੀ ਜਸਵੀਰ ਕੌਰ ਮਾਨ ਦੀ ਸਿਹਤਯਾਬੀ ਦੀ ਕਾਮਨਾ ਕਰਦਿਆਂ 'ਤੈਨੂੰ ਸਾਡੀ ਵੀ ਉਮਰ ਲੱਗ ਜਾਵੇ, ਤੀਆਂ ਨੀ ਲਗਾਉਣ ਵਾਲੀਏ' ਬੋਲੀ ਪਾ ਕੇ ਤੀਆਂ ਦਾ ਮੇਲਾ ਵਧਾ ਦਿੱਤਾ। ਟੀਮ 'ਸਵੇਰਾ' ਨੇ ਧੀਆਂ ਦੀਆਂ ਤੀਆਂ ਨੂੰ ਥੋੜ੍ਹੇ ਸਮੇਂ ਵਿੱਚ ਹੀ ਪਲੈਨ ਕੀਤਾ ਤੇ ਸਫਲ ਬਣਾਉਣ ਲਈ ਅਣਥਕ ਮਿਹਨਤ ਕੀਤੀ ਤੇ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। 'ਸਵੇਰਾ' ਟੀਮ ਦੀਆਂ ਮੈਂਬਰਾਨ ਸੰਸਥਾ ਦੇ ਸਾਰੇ ਕੰਮ ਜ਼ਿੰਮੇਵਾਰੀ ਨਾਲ ਨਜਿੱਠਦੀਆਂ ਹਨ। ਡੀ.ਜੇ. ਰਾਜਨ ਭੱਲਾ ਦਾ ਸੀ। ਤਸਵੀਰਾਂ ਏਸ਼ੀਅਨ ਮੀਡੀਆ ਦੇ ਸੁਰੇਸ਼ ਬੋਦੀਵਾਲਾ ਨੇ ਖਿੱਚੀਆਂ। ਟੀਮ 'ਸਵੇਰਾ' ਨੇ ਕਾਰਸੇਵਾ ਗਰੁੱਪ ਦਾ ਧੰਨਵਾਦ ਕੀਤਾ ਹੈ ਕਿ ਉਹ ਸੰਸਥਾ ਦੇ ਕਿਸੇ ਵੀ ਪ੍ਰੋਗਰਾਮ ਲਈ ਮਦਦ ਕਰਦੇ ਹਨ। ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ.ਏ.ਓ.) ਸ਼ਿਕਾਗੋ ਦੀ ਸਾਰੀ ਟੀਮ ਵੀ ਮੇਲੇ ਵਿੱਚ ਹਾਜ਼ਰ ਸੀ। ਕਮਲ ਸਹੋਤਾ ਤੇ ਲਾਡੀ ਕੇ. ਸਿੰਘ ਸਮੇਤ ਹੋਰ ਕਈ ਬੀਬੀਆਂ ਦੇ ਵਿੱਤੀ ਸਹਿਯੋਗ ਨਾਲ ਤੀਆਂ ਨੇਪਰੇ ਚੜ੍ਹੀਆਂ।










*ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਆਪਣੀ ਮਿਹਨਤ ਅਤੇ ਲਿਆਕਤ ਸਦਕਾ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਅਤੇ ਨਿਵੇਕਲੀ ਪਛਾਣ ਕਾਇਮ ਰੱਖਣ ਹਿਤ ਜੱਦੋਜਹਿਦ ਵੀ ਕੀਤੀ। ਅਜਿਹੀ ਹੀ ਵਾਰਤਾ ਨਾਰਵੇ ਦੇ ਸਿਰੜੀ ਪੰਜਾਬੀਆਂ ਦੀ ਵੀ ਹੈ। ਭਰਵੀਂ ਮਿਹਨਤ ਨਾਲ ਪੰਜਾਬੀਆਂ ਨੇ ਨਾਰਵੇਂ ਦੀ ਅਰਥ ਵਿਵਸਥਾ ਵਿੱਚ ਵੀ ਖਾਸਾ ਯੋਗਦਾਨ ਪਾਇਆ ਹੈ। ਇਤਿਹਾਸਕ ਪਰਿਪੇਖ ਵਿੱਚ 1984 ਦੌਰਾਨ ਸਿੱਖਾਂ ਲਈ ਇਹ ਦੇਸ਼ ਕਾਫੀ ਮਦਦਗਾਰ ਸਾਬਿਤ ਹੋਇਆ ਸੀ। ਦਿਲਚਸਪ ਗੱਲ ਹੈ ਕਿ 'ਕਿਸੇ ਧਰਮ ਜਾਂ ਮਜ਼ਹਬ ਨੂੰ ਮੰਨਣ ਦੀ ਆਜ਼ਾਦੀ ਦਾ ਐਲਾਨਨਾਮਾ' ਨਾਂ ਦੇ ਦਸਤਾਵੇਜ਼ 'ਤੇ ਸਿੱਖਾਂ ਸਮੇਤ ਵੱਖ-ਵੱਖ ਧਰਮਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧੀਆਂ ਵੱਲੋਂ ਦਸਤਖ਼ਤ ਕਰਕੇ ਇਹ ਅਹਿਦ ਲਿਆ ਗਿਆ ਸੀ ਕਿ ਇੱਕ-ਦੂਜੇ ਦੇ ਧਰਮ ਤੇ ਧਾਰਮਿਕ ਕਾਰਜਾਂ ਦਾ ਸਨਮਾਨ ਕਰਦਿਆਂ ਸਭ ਲੋਕ ਮਿਲ-ਜੁਲ ਕੇ ਰਹਿਣਗੇ।*

**ਬੋਲਦੇ ਪੰਨੇ**

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



# ਨਾਰਵੇ 'ਚ ਵੱਸਦੇ ਸਿਰੜੀ ਪੰਜਾਬੀ

ਉੱਤਰੀ ਯਰੂਪ ਵਿੱਚ ਸਥਿਤ ਨਾਰਵੇ ਦਾ ਕੁੱਲ ਰਕਬਾ 3,85,207 ਵਰਗ ਕਿਲੋਮੀਟਰ ਹੈ। 19 ਸਤੰਬਰ 2024 ਦੇ ਦਿਨ ਤੱਕ ਇਸ ਮੁਲਕ ਦੀ ਆਬਾਦੀ 55,86,790 ਦੇ ਅੰਕੜੇ ਨੂੰ ਛੂਹ ਚੁੱਕੀ ਸੀ, ਜਦੋਂ ਕਿ ਸਾਲ 2022 ਦੀ ਜਨਗਣਨਾ ਅਨੁਸਾਰ ਉਸ ਵੇਲੇ ਇਹ ਆਬਾਦੀ 54.60 ਲੱਖ ਦੇ ਕਰੀਬ ਸੀ। ਸਕੈਂਡੀਨੇਵੀਅਨ ਪ੍ਰਾਇਦੀਪ ਵਿਖੇ ਸਥਿਤ ਇਸ ਖ਼ੂਬਸੂਰਤ ਮੁਲਕ ਦੇ ਪੂਰਬ ਵਾਲੇ ਪਾਸੇ ਸਵੀਡਨ ਦੇਸ਼ ਦੀ ਲੰਮੀ ਸਰਹੱਦ ਲੱਗਦੀ ਹੈ ਤੇ ਉੱਤਰ-ਪੂਰਬੀ ਖਿੱਤੇ ਵਿੱਚ ਫ਼ਿਲਨੈਂਡ ਅਤੇ ਰੂਸ ਦੀਆਂ ਸਰਹੱਦਾਂ ਇਸ ਮੁਲਕ ਨੂੰ ਛੂਹੰਦੀਆਂ ਹਨ। ਸੰਨ 1984 ਵਿੱਚ ਪੰਜਾਬ ਅੰਦਰ ਪਾਵਨ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਕੇ ਕੀਤੇ ਗਏ ਆਪਰੇਸ਼ਨ ਬਲੂ-ਸਟਾਰ ਅਤੇ ਉਪਰੰਤ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੇ ਫ਼ਲਸਰੂਪ ਵਾਪਰੇ ਦਿੱਲੀ ਦੰਗਿਆਂ ਦੇ ਉਨ੍ਹਾਂ ਕਾਲੇ ਦਿਨਾਂ ਵਿੱਚ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਲਈ ਨਾਰਵੇ ਜਿਹਾ ਦੇਸ਼ ਕਾਫੀ ਮਦਦਗਾਰ ਸਾਬਿਤ ਹੋਇਆ ਸੀ, ਕਿਉਂਕਿ ਉਸ ਕਾਲਖੰਡ ਵਿੱਚ ਨਾਰਵੇ ਵਿਖੇ ਪੰਜਾਬੀਆਂ ਦੀ ਆਮਦ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲਿਆ ਸੀ।

ਇਤਿਹਾਸ ਦੀਆਂ ਪਰਤਾਂ ਫ਼ਰੋਲਣ 'ਤੇ ਪਤਾ ਲੱਗਦਾ ਹੈ ਕਿ ਸੰਨ 1905 ਵਿੱਚ ਪੂਰਨ ਆਜ਼ਾਦੀ ਹਾਸਿਲ ਕਰਨ ਵਾਲੇ ਮੁਲਕ ਨਾਰਵੇ ਵਿਖੇ ਸੰਨ 1969 ਦੇ ਆਸ-ਪਾਸ ਜੋ ਪਹਿਲਾ ਪੰਜਾਬੀ ਸ਼ਖ਼ਸ ਨਾਰਵੇ ਵਿਖੇ ਆ ਕੇ ਵੱਸਿਆ ਸੀ, ਉਸਦਾ ਨਾਂ ਸ. ਅਮਰਜੀਤ ਸਿੰਘ ਕੰਬੋਜ ਸੀ। ਉਸ ਤੋਂ ਬਾਅਦ ਇੱਥੇ ਪੁੱਜਣ ਵਾਲੇ ਕਈ ਹੋਰ ਪੰਜਾਬੀ ਅਤੇ ਭਾਰਤੀ ਲੋਕਾਂ ਨੇ ਸੰਨ 1971 ਵਿੱਚ ਹੀ ਇੱਥੇ 'ਦਿ ਇੰਡੀਅਨ ਵੈੱਲਫ਼ੇਅਰ ਸੁਸਾਇਟੀ ਨਾਰਵੇ' ਨਾਮੀ ਜਥੇਬੰਦੀ ਕਾਇਮ ਕਰ ਦਿੱਤੀ ਸੀ। ਸਾਲ 2022 ਵਿੱਚ ਕੀਤੀ ਗਈ ਜਨਗਣਨਾ ਅਨੁਸਾਰ ਨਾਰਵੇ ਵਿੱਚ ਵੱਸਣ ਵਾਲੇ ਸ੍ਰੀ ਲੰਕਾਈ ਅਤੇ ਅਫ਼ਗ਼ਾਨੀ ਲੋਕਾਂ ਦੀ ਸੰਖਿਆ ਕ੍ਰਮਵਾਰ 14-14 ਹਜ਼ਾਰ ਸੀ, ਜਦੋਂ ਕਿ ਉਸ ਵੇਲੇ ਇੱਥੇ ਹਾਜ਼ਰ ਭਾਰਤੀਆਂ ਦੀ ਸੰਖਿਆ 10 ਹਜ਼ਾਰ ਸੀ। ਇਨ੍ਹਾਂ ਵਿੱਚੋਂ ਪੰਜਾਬੀਆਂ ਦੀ ਸੰਖਿਆ 5 ਹਜ਼ਾਰ ਦੇ ਕਰੀਬ ਸੀ। ਗ਼ੌਰਤਲਬ ਹੈ ਕਿ ਨਾਰਵੇ ਵਿੱਚ ਵੱਸਣ ਵਾਲੇ ਪੰਜਾਬੀਆਂ ਦੀ ਕੁੱਲ ਗਿਣਤੀ ਵਿੱਚੋਂ ਜ਼ਿਆਦਾਤਰ ਪੰਜਾਬੀ ਓਸਲੋ ਨਾਮੀ ਖਿੱਤੇ ਵਿੱਚ ਵੱਸਦੇ ਹਨ, ਜਿੱਥੇ ਪੰਜਾਬੀਆਂ ਨੇ ਦੋ ਵੱਡੇ ਗੁਰਦੁਆਰਾ ਸਾਹਿਬਾਨ ਦਾ ਨਿਰਮਾਣ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਓਸਲੋ ਤੋਂ 40 ਕੁ ਕਿਲੋਮੀਟਰ ਦੇ ਫ਼ਾਸਲੇ 'ਤੇ ਸਥਿਤ ਡਰੈਮਨ ਇਲਾਕੇ ਵਿੱਚ ਵੀ ਪੰਜਾਬੀ ਵੱਡੀ ਸੰਖਿਆ ਵਿੱਚ ਵੱਸਦੇ ਹਨ, ਜਦੋਂ ਕਿ ਉੱਤਰੀ ਯੂਰਪ ਖਿੱਤੇ ਦਾ ਸਭ ਤੋਂ ਵੱਡਾ ਗੁਰਦੁਆਰਾ ਡਰੈਮਨ ਜ਼ਿਲੇ ਦੇ ਸ਼ਹਿਰ 'ਲਾਇਰ' ਵਿਖੇ ਪੰਜਾਬੀਆਂ ਨੇ ਬਣਾਇਆ ਹੈ। ਇਸਦੇ ਨਾਲ ਹੀ ਇੱਥੇ ਨੌਜਵਾਨਾਂ ਅੰਦਰ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਇੱਕ ਸਿੱਖ ਸੰਗਠਨ ਵੀ ਕਾਇਮ ਕੀਤਾ ਗਿਆ ਹੈ।

ਧਾਰਮਿਕ ਅਤੇ ਸੱਭਿਆਚਾਰਕ ਪੱਖ ਤੋਂ ਨਾਰਵੇ ਵੱਖ-ਵੱਖ ਧਰਮਾਂ ਨਾਲ ਸਬੰਧਿਤ ਲੋਕਾਂ ਨੂੰ ਆਪਣੇ ਕਲਾਵੇ ਵਿੱਚ ਲਈ ਬੈਠਾ ਹੈ। ਇੱਥੇ 22,000 ਬੋਧੀ, 13 ਹਜ਼ਾਰ ਦੇ ਕਰੀਬ ਹਿੰਦੂ, 4300 ਤੋਂ ਵੱਧ ਸਿੱਖ ਅਤੇ 740 ਦੇ ਕਰੀਬ ਯਹੂਦੀ ਤੇ ਕੁਝ ਇੱਕ ਹੋਰ ਧਰਮਾਂ ਜਾਂ ਮਜ਼ਹਬਾਂ ਨਾਲ ਜੁੜੇ ਵੱਖ-ਵੱਖ ਮੁਲਕਾਂ ਤੋਂ ਆਏ ਲੋਕ ਵੱਸਦੇ ਹਨ। ਇਸ ਮੁਲਕ ਵਿੱਚ 8 ਨਵੰਬਰ 2001 ਨੂੰ 'ਓਸਲੋ ਡੈਕਲਾਰੇਸ਼ਨ ਆੱਫ਼ ਫ਼ਰੀਡਮ ਆੱਫ਼ ਰਿਲੀਜਨ ਐਂਡ ਬਿਲੀਫ਼' ਭਾਵ 'ਕਿਸੇ ਧਰਮ ਜਾਂ ਮਜ਼ਹਬ ਨੂੰ ਮੰਨਣ ਦੀ ਆਜ਼ਾਦੀ ਦਾ ਐਲਾਨਨਾਮਾ' ਨਾਂ ਦੇ ਦਸਤਾਵੇਜ਼ 'ਤੇ ਵੱਖ-ਵੱਖ ਧਰਮਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧੀਆਂ ਵੱਲੋਂ ਦਸਤਖ਼ਤ ਕਰਕੇ ਇਹ ਅਹਿਦ ਲਿਆ ਗਿਆ ਸੀ ਕਿ ਇੱਕ-ਦੂਜੇ ਦੇ ਧਰਮ ਤੇ ਧਾਰਮਿਕ ਕਾਰਜਾਂ ਦਾ ਸਨਮਾਨ ਕਰਦਿਆਂ ਸਭ ਲੋਕ ਮਿਲ-ਜੁਲ ਕੇ ਰਹਿਣਗੇ। ਇਸ ਸਮੁੱਚੇ ਕਾਰਜ ਨੂੰ ਨੇਪਰੇ ਚਾੜ੍ਹਨ ਵਾਲੀ ਕਮੇਟੀ ਦੇ ਮੁਖੀ ਸ੍ਰੀ ਥੋਰੇਸਨ ਨੇ ਉਸ ਵੇਲੇ ਕਿਹਾ ਸੀ, "ਇਹ ਇਕ ਬਹੁਤ ਹੀ ਇਤਿਹਾਸਕ ਮੌਕਾ ਹੈ, ਕਿਉਂਕਿ ਪਹਿਲਾਂ ਕਦੇ ਵੀ ਵੱਖ ਵੱਖ ਧਰਮਾਂ-ਮਜ਼ਹਬਾਂ ਨੂੰ ਮੰਨਣ ਵਾਲੇ ਲੋਕ ਇਸ ਤਰ੍ਹਾਂ ਇਕੱਠੇ ਨਹੀਂ ਹੋਏ ਹਨ।"

ਉਂਜ ਇੱਥੇ ਇਹ ਜ਼ਿਕਰਯੋਗ ਹੈ ਕਿ ਨਾਰਵੇ ਸਰਕਾਰ ਦੇ ਕੁਝ ਨਿਯਮਾਂ ਕਰਕੇ ਇੱਥੇ ਰਹਿਣ ਵਾਲੇ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਨੂੰ ਕੁਝ ਇੱਕ ਧਾਰਮਿਕ ਮੁੱਦਿਆਂ ਲਈ ਛੇ ਸਾਲ ਤੱਕ ਸੰਘਰਸ਼ ਕਰਨਾ ਪਿਆ ਸੀ, ਜਿਨ੍ਹਾਂ ਵਿੱਚੋਂ ਇੱਕ ਮੁੱਖ ਮੁੱਦਾ ਇਹ ਸੀ ਕਿ ਸਾਲ 2016 ਵਿੱਚ ਸਿੱਖਾਂ ਦੇ ਪਾਸਪੋਰਟ ਨਵਿਆਉਣ ਤੋਂ ਸਬੰਧਿਤ ਅਧਿਕਾਰੀਆਂ ਨੇ ਇਸ ਕਰਕੇ ਇਨਕਾਰ ਕਰ ਦਿੱਤਾ ਸੀ ਕਿ ਨਾਰਵੇ ਸਰਕਾਰ ਦੇ ਨੇਮਾਂ ਅਨੁਸਾਰ ਪਾਸਪੋਰਟ 'ਤੇ ਲਗਾਈ ਜਾਣ ਵਾਲੀ ਫ਼ੋਟੋ ਵਿੱਚ ਸਬੰਧਿਤ ਪਾਸਪੋਰਟ ਧਾਰਕ ਦੀ ਅਜਿਹੀ ਫ਼ੋਟੋ ਲੱਗੀ ਹੋਣੀ ਜ਼ਰੂਰੀ ਸੀ, ਜਿਸ ਵਿੱਚ ਉਸਦੇ ਕੰਨ ਨਜ਼ਰ ਆਉਣੇ ਚਾਹੀਦੇ ਹਨ। ਸਿੱਖ ਮਰਦਾਂ ਦੇ ਪਗੜੀ ਬੰਨ੍ਹੀ ਹੋਣ ਕਰਕੇ ਤੇ ਸਿੱਖ ਇਸਤਰੀਆਂ ਦੁਆਰਾ ਸਿਰ 'ਤੇ ਦੁਪੱਟਾ ਲਏ ਹੋਣ ਕਰਕੇ ਜਾਂ ਕੇਸਕੀ ਸਜਾਈ ਹੋਣ ਕਰਕੇ ਕੰਨ ਨਜ਼ਰ ਨਹੀਂ ਸਨ ਆਉਂਦੇ। ਛੇ ਸਾਲ ਤੱਕ ਸਿੱਖਾਂ ਨੇ ਨਾਰਵੇ ਸਰਕਾਰ ਨੂੰ ਨਿਰੰਤਰ ਈਮੇਲ ਅਤੇ ਐਸ.ਐਮ.ਐਸ. ਭੇਜਣੇ ਜਾਰੀ ਰੱਖੇ ਤੇ ਅਖ਼ੀਰ ਪੰਜ ਹਜ਼ਾਰ ਈਮੇਲਾਂ ਅਤੇ ਪੰਜ ਹਜ਼ਾਰ ਤੋਂ ਵੱਧ ਐਸ.ਐਮ.ਐਸ. ਕਰਨ ਤੋਂ ਬਾਅਦ ਸੰਨ 2020 ਵਿੱਚ ਆਖ਼ਿਰ ਨਾਰਵੇ ਸਰਕਾਰ ਨੇ ਸਿੱਖਾਂ ਦੀ ਮੰਗ ਪ੍ਰਵਾਨ ਕਰ ਲਈ ਤੇ ਉਨ੍ਹਾਂ ਨੂੰ ਕੰਨ ਢਕ ਕੇ ਫ਼ੋਟੋ ਖਿਚਵਾਉਣ ਦੀ ਆਗਿਆ ਦੇ ਦਿੱਤੀ ਗਈ।



ਗੁਰਦੁਆਰਾ ਓਸਲੋ

ਦਿਲਚਸਪ ਗੱਲ ਇਹ ਹੋਈ ਕਿ ਉਕਤ ਛੋਟ ਦਾ ਸੁਨੇਹਾ ਦੇਣ ਲਈ ਨਾਰਵੇ ਦੀ ਨਿਆਂ ਮੰਤਰੀ ਮੋਨਿਕਾ ਮੇਲੈਂਡ ਖ਼ੁਦ ਚੱਲ ਕੇ ਗੁਰਦੁਆਰਾ ਸਾਹਿਬ ਪੁੱਜੀ ਸੀ ਤੇ ਸਿਰ ਢਕ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਵੀ ਕੀਤੀ ਸੀ। ਸਿੱਖਾਂ ਲਈ ਉਹ ਪਲ ਵਾਕਿਆ ਹੀ ਇੱਕ ਇਤਿਹਾਸਕ ਪਲ ਸੀ। ਗ਼ੌਰਤਲਬ ਹੈ ਕਿ ਨਾਰਵੇ ਦੇ ਮੂਲ ਨਿਵਾਸੀਆਂ ਨੂੰ ਸਿੱਖਾਂ ਬਾਰੇ ਤੇ ਸਿੱਖਾਂ ਦੇ ਸੱਭਿਆਚਾਰ ਤੇ ਪੰਜਾਬੀ ਵਿਰਸੇ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਬਰਗਨ ਯੂਨੀਵਰਸਿਟੀ ਵਿਖੇ ਧਰਮ ਵਿਗਿਆਨ ਦੇ ਪ੍ਰੋਫ਼ੈਸਰ ਏ. ਜੈਕਬਸਨ ਵੱਲੋਂ ਸੰਪਾਦਿਤ ਕੀਤੀ ਪੁਸਤਕ 'ਸਿੱਖਸ ਇਨ ਯੌਰਪ' ਨਾਰਵੇ ਦੇ ਸਕੂਲੀ ਵਿਦਿਆਰਥੀਆਂ ਨੂੰ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਸ਼ਖ਼ਸੀਅਤ, ਇਤਿਹਾਸ, ਪਰੰਪਰਾਵਾਂ ਅਤੇ ਵਿਰਸੇ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਲਾਹੇਵੰਦ ਸਾਬਿਤ ਹੋਈ ਸੀ।


ਪ੍ਰਾਪਤ ਜਾਣਕਾਰੀ ਅਨੁਸਾਰ ਸਾਲ 2017 ਵਿੱਚ ਨਾਰਵੇ ਵਿਖੇ ਵੱਸਣ ਵਾਲੇ ਭਾਰਤੀ ਲੋਕਾਂ ਦੀ ਸੰਖਿਆ 15 ਤੋਂ 20 ਹਜ਼ਾਰ ਦੇ ਕਰੀਬ ਸੀ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਸੂਚਨਾ-ਤਕਨਾਲੋਜੀ ਦੇ ਮਾਹਿਰ ਸਨ। ਉਸ ਵਕਤ ਭਾਰਤੀਆਂ ਦਾ ਸਿਆਸਤ ਵਿੱਚ ਵੀ ਚੋਖਾ ਦਬਦਬਾ ਸੀ, ਜਿਸ ਕਰਕੇ ਭਾਰਤੀ ਮੂਲ ਦੇ ਅੱਠ ਵਿਅਕਤੀ ਨਾਰਵੇ ਦੇ ਸਥਾਨਕ ਸਰਕਾਰ ਵਿਭਾਗ ਲਈ ਚੁਣੇ ਗਏ ਸਨ, ਜਿਨ੍ਹਾਂ ਵਿੱਚੋਂ ਸੱਤ ਵਿਅਕਤੀ ਪੰਜਾਬੀ ਸਨ ਤੇ ਇੱਕ ਹੈਦਰਾਬਾਦ ਨਾਲ ਸਬੰਧ ਰੱਖਦਾ ਸੀ। ਪੰਜਾਬ ਦੇ ਜਲੰਧਰ ਜ਼ਿਲ੍ਹੇ ਦੀ ਜੰਮਪਲ ਸ੍ਰੀਮਤੀ ਬਲਵਿੰਦਰ ਕੌਰ, ਜੋ ਕਿ ਕਿੱਤੇ ਵਜੋਂ ਇੱਕ ਸਕੂਲ ਅਧਿਆਪਕਾ ਸੀ, ਵੀ ਓਸਲੋ ਨਗਰ ਕੌਂਸਲ ਦੀ ਕੌਂਸਲਰ ਚੁਣੇ ਜਾਣ ਵਿੱਚ ਸਫ਼ਲ ਰਹੀ ਸੀ। ਨਾਰਵੇ ਦੇ ਵਸਨੀਕ ਬਣ ਚੁੱਕੇ ਵਧੇਰੇ ਪੰਜਾਬੀ ਮੈਡੀਸਨ, ਇੰਜੀਨਿਅਰਿੰਗ ਅਤੇ ਤਕਨਾਲੋਜੀ ਨਾਲ ਸਬੰਧਿਤ ਕਿੱਤਿਆਂ ਨਾਲ ਜੁੜੇ ਹੋਏ ਹਨ ਤੇ ਬੇਹੱਦ ਸਫ਼ਲ ਜੀਵਨ ਜੀਅ ਰਹੇ ਹਨ।

# ਸਿੱਖ ਭਾਈਚਾਰੇ ਨੇ ਨਾਰਵੇਈ ਪਾਸਪੋਰਟ ਦੇ ਫੈਸਲੇ ਨੂੰ ਕਿਵੇਂ ਪਲਟਿਆ

ਨਾਰਵੇ ਦੇ ਸਿੱਖ ਭਾਈਚਾਰੇ ਨੇ ਸਨਮਾਨ ਅਤੇ ਧਾਰਮਿਕ ਪ੍ਰਗਟਾਵੇ ਦੀ ਆਜ਼ਾਦੀ ਲਈ ਛੇ ਸਾਲਾਂ ਦੇ ਸੰਘਰਸ਼ ਦੀ ਜਿੱਤ ਨਾਲ ਸਿੱਟਾ ਕੱਢਿਆ ਹੈ, ਜਦੋਂ ਉਨ੍ਹਾਂ ਨੇ ਪਾਸਪੋਰਟ ਫੋਟੋਆਂ 'ਤੇ ਪੂਰੀ ਤਰ੍ਹਾਂ ਕੰਨਾਂ ਨੂੰ ਦਿਖਾਈ ਦੇਣ ਦੀ ਸ਼ਰਤ ਨੂੰ ਲਾਗੂ ਕਰਨ ਦੇ ਫੈਸਲੇ ਨੂੰ ਉਲਟਾ ਦਿੱਤਾ। ਕੰਨਾਂ ਨੂੰ ਦ੍ਰਿਸ਼ਮਾਨ ਬਣਾਉਣ ਦੀ ਲੋੜ ਸਿੱਖ ਪੱਗ ਬੰਨ੍ਹਣ ਦੇ ਢੰਗ ਨਾਲ ਸਿੱਧੇ ਟਕਰਾਅ ਵਿੱਚ ਪਾਈ ਗਈ। ਬਹੁਤ ਸਾਰੇ ਦਸਤਾਰਧਾਰੀ ਨਾਰਵੇਈ ਸਿੱਖਾਂ ਨੂੰ ਛੇ ਸਾਲਾਂ (2014-2020) ਤੋਂ ਪਾਸਪੋਰਟ ਨਵਿਆਉਣ ਸਮੇਂ ਇਸ ਸ਼ਰਤ ਤਹਿਤ ਇਨਕਾਰ ਕਰ ਦਿੱਤਾ ਜਾਂਦਾ ਸੀ, ਪਰ ਹੁਣ ਪਾਸਪੋਰਟ ਨਿਯਮਾਂ ਵਿੱਚ ਨਵੇਂ ਬਦਲਾਅ ਕਾਰਨ ਅਜਿਹਾ ਨਹੀਂ ਹੈ।

ਨਾਰਵੇਈ ਪੁਲਿਸ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਬਾਇਓਮੈਟ੍ਰਿਕ ਡੇਟਾ ਦੇ ਆਧਾਰ 'ਤੇ ਨਾਗਰਿਕਾਂ ਦੀ ਸਹੀ ਪਛਾਣ ਕਰਨ ਲਈ ਉਨ੍ਹਾਂ ਦੇ ਕੰਪਿਊਟਰ ਪ੍ਰਣਾਲੀਆਂ ਲਈ ਕੰਨ ਦਿਖਾਈ ਦੇਣੇ ਚਾਹੀਦੇ ਹਨ। ਉਨ੍ਹਾਂ ਨੇ ਦਲੀਲ ਦਿੱਤੀ ਸੀ ਕਿ ਸ਼ੱਕੀ ਵਿਅਕਤੀਆਂ ਦੀ ਪਛਾਣ ਕਰਨ ਲਈ ਕੰਨਾਂ ਦਾ ਦਿਖਾਈ ਦੇਣਾ ਮਹੱਤਵਪੂਰਨ ਹੈ।

ਹਾਲਾਂਕਿ ਨਾਰਵੇ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਸੰਗਤਾਂ/ਸਿੱਖ ਭਾਈਚਾਰੇ, ਜਿਸ ਦੀ ਅਗਵਾਈ ਯੰਗ ਸਿੱਖਜ਼ ਆਫ਼ ਨਾਰਵੇ ਦੇ ਇੱਕ ਸਮੂਹ ਵੱਲੋਂ ਕੀਤੀ ਗਈ ਸੀ, ਨੇ ਨਾਰਵੇ ਦੇ ਅਧਿਕਾਰੀਆਂ ਨੂੰ ਇਹ ਸਮਝਾਉਣ ਲਈ ਇਕੱਠੇ ਕੰਮ ਕੀਤਾ ਕਿ ਕਿਵੇਂ ਇਹ ਫੈਸਲਾ ਉਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਉਨ੍ਹਾਂ ਨੇ ਬਾਇਓਮੈਟ੍ਰਿਕ ਮਾਹਰਾਂ ਨਾਲ ਸਲਾਹ ਕੀਤੀ, ਜਿਨ੍ਹਾਂ ਨੇ ਕੇਸ ਇਸ ਤਰ੍ਹਾਂ ਪੇਸ਼ ਕੀਤਾ ਕਿ ਫੋਟੋਆਂ ਵਿੱਚ ਕੰਨ ਦਿਸਣ ਜਾਂ ਨਾ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ। ਪੂਰੇ ਨਾਰਵੇ ਦੇ ਸਿੱਖਾਂ ਨੇ ਛੇ ਸਾਲਾਂ ਦੌਰਾਨ ਲਗਾਤਾਰ ਆਪਣੀ ਸਰਕਾਰ ਨੂੰ ਇਸ ਸ਼ਰਤ ਨੂੰ ਉਲਟਾਉਣ ਲਈ ਪੱਤਰ ਲਿਖਿਆ। ਇਸ ਮੁੱਦੇ 'ਤੇ ਲਗਾਤਾਰ ਈਮੇਲਾਂ ਅਤੇ ਐਸ.ਐਮ.ਐਸ. ਸੰਦੇਸ਼ਾਂ ਭੇਜੇ ਗਏ ਸਨ।



ਨਾਰਵੇ ਦੀ ਨਿਆਂ ਮੰਤਰੀ ਮੋਨਿਕਾ ਮੇਲੈਂਡ ਦਾ ਗੁਰੂਘਰ ਵਿੱਚ ਸਵਾਗਤ ਕਰਦਿਆਂ

ਦੁਨੀਆ ਭਰ ਦੇ ਸਿੱਖਾਂ ਨੇ ਵੀ ਉਨ੍ਹਾਂ ਦੇ ਉਦੇਸ਼ ਦਾ ਸਮਰਥਨ ਕੀਤਾ, ਜਿਸ ਵਿੱਚ ਸਿੱਖ ਮਾਨਵਤਾਵਾਦੀ ਚੈਰਿਟੀ ਯੂਨਾਈਟਿਡ ਸਿੱਖਸ ਅਤੇ ਨੀਦਰਲੈਂਡ ਦੀ ਇੱਕ ਮੰਡਲੀ ਵੀ ਸ਼ਾਮਲ ਸੀ। ਨਾਰਵੇ ਵਿੱਚ ਇੱਕ ਸਿੱਖ ਬੁਲਾਰੇ ਮੁਤਾਬਕ ਨਾਰਵੇ ਦੀ ਪ੍ਰਧਾਨ ਮੰਤਰੀ ਅਰਨਾ ਸੋਲਬਰਗ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਸਮੇਂ ਇਹ ਮੁੱਦਾ ਉਠਾਇਆ ਸੀ। ਬਾਅਦ ਵਿੱਚ ਨਾਰਵੇ ਦੀ ਨਿਆਂ, ਸੱਭਿਆਚਾਰ ਅਤੇ ਬਾਲ ਤੇ ਪਰਿਵਾਰ ਮੰਤਰੀ ਵੱਲੋਂ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਗੁਰਦੁਆਰਾ ਫੇਰੀ ਦੌਰਾਨ ਇਸ ਸ਼ਰਤ ਤੋਂ ਛੋਟ ਦਾ ਐਲਾਨ ਕੀਤਾ ਗਿਆ।

ਨਾਰਵੇ ਦੇ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਅਨੁਸਾਰ ਇਸ ਸਬੰਧੀ ਅਸੀਂ ਵੱਖ-ਵੱਖ ਪਾਰਟੀਆਂ ਦੇ ਅਣਗਿਣਤ ਚੁਣੇ ਹੋਏ ਨੁਮਾਇੰਦਿਆਂ ਨੂੰ ਮਿਲੇ, ਦਲੀਲਾਂ ਸਹਿਤ ਪੱਤਰ ਲਿਖੇ ਹਨ, ਈਮੇਲਾਂ ਭੇਜੀਆਂ, ਨਾਰਵੇਈ ਤੇ ਵਿਦੇਸ਼ੀ ਮੀਡੀਆ ਨੂੰ ਇੰਟਰਵਿਊ ਦਿੱਤੇ ਅਤੇ ਮੰਤਰੀਆਂ ਤੇ ਰਾਜ ਸਕੱਤਰਾਂ ਨੂੰ ਵੀ ਮਿਲੇ। ਦਲੀਲ ਦਿੱਤੀ ਕਿ ਕਿਵੇਂ ਪ੍ਰਚਲਿਤ ਨਿਯਮ ਨੇ ਅਧਿਕਾਰਾਂ ਨੂੰ ਸੀਮਤ ਕੀਤਾ ਅਤੇ ਵਿਤਕਰਾ ਕੀਤਾ। ਅੱਜ, ਇਹ ਇਤਿਹਾਸ ਹੈ ਕਿ ਨਵਾਂ ਨਿਯਮ ਨਾਰਵੇ ਦੇ ਕਿਸੇ ਵੀ ਬਾਸ਼ਿੰਦੇ ਨਾਲ ਵਿਤਕਰਾ ਨਹੀਂ ਕਰਦਾ। ਪਾਸਪੋਰਟ ਨਿਯਮਾਂ ਵਿੱਚ ਤਬਦੀਲੀਆਂ ਦਾ ਮਤਲਬ ਹੈ ਕਿ ਸਿੱਖ, ਇਸ ਦੇਸ਼ ਵਿੱਚ ਹਰ ਕਿਸੇ ਦੇ ਬਰਾਬਰ, ਨਾਰਵੇ ਦੇ ਨਾਗਰਿਕ ਹਨ।

*-ਪੰਜਾਬੀ ਪਰਵਾਜ਼ ਫੀਚਰਜ਼*


ਵੰਡ '47 ਦੀ

ਕਿਸ਼ਤ ਤੀਜੀ

## ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

# ਪੰਜਾਬ ਦੇ ਫਸਾਦ-ਮਾਰਚ 1947

ਮਸਲੇ



ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000

***1947 ਦੇ ਮੁਲਕੀ ਵੰਡ-ਵੰਡਾਰੇ ਅਤੇ ਮਨੁੱਖੀ ਵੱਢ-ਵਢਾਂਗੇ ਦੀ ਪੀੜ ਜਿਨ੍ਹਾਂ ਨੇ ਸਹੀ ਹੈ, ਉਨ੍ਹਾਂ ਵਿੱਚੋਂ ਬੇਸ਼ੱਕ ਬਹੁਤੇ ਤਾਂ ਇਸ ਦੁਨੀਆਂ ਤੋਂ ਰੁਖਸਤ ਹੋ ਗਏ ਹਨ, ਪਰ ਇਸ ਦੀ ਵਿਆਪਕ ਪੀੜ ਅੱਜ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਬਟਵਾਰੇ ਦੇ ਦੁਖਾਂਤ ਲਈ ਅਸਲ ਕਾਰਨ ਕੀ ਬਣੇ ਜਾਂ ਕਿਸ ਤਰ੍ਹਾਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਗਈਆਂ; ਜਾਂ ਇਸ ਸਭ ਲਈ ਅਸਲ ਦੋਸ਼ੀ ਕੌਣ ਸਨ? ਬਾਰੇ ਲਿਖਿਆ ਹਥਲਾ ਲੇਖ ਬਹੁਤ ਧਿਆਨ ਮੰਗਦਾ ਹੈ। ਲੇਖਕ ਦੇ ਸ਼ਬਦਾਂ ਵਿੱਚ "ਇਹ ਕਹਿਣਾ ਕਿ ਮੁਲਕ ਦੀ ਵੰਡ ਦੇ ਬੀਜ ਅੰਗਰੇਜ਼ਾਂ ਨੇ ਬੀਜੇ ਬਹੁਤ ਗਲਤ ਹੈ।" ਇਸ ਸਬੰਧੀ ਉਨ੍ਹਾਂ ਕੁਝ ਦਲੀਲਾਂ ਵੀ ਪੇਸ਼ ਕੀਤੀਆਂ ਹਨ ਅਤੇ ਇਸ ਦੇ ਇਰਦ-ਗਿਰਦ ਜੁੜਦੀਆਂ ਗਈਆਂ ਜਾਂ ਪੈਦਾ ਕੀਤੀਆਂ ਗਈਆਂ ਘਟਨਾਵਾਂ ਦੇ ਪਰਿਪੇਖ ਵਿੱਚ ਵੱਖਰੇ ਕੋਣ ਤੋਂ ਨਜ਼ਰੀਆ ਜਾਹਰ ਕੀਤਾ ਹੈ। ਲੇਖਕ ਦੇ ਵਿਚਾਰਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਸ ਮਾਮਲੇ ਬਾਰੇ ਅਸੀਂ ਇਹ ਲੇਖ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਰਹੇ ਹਾਂ, ਜਿਸ ਵਿੱਚ '1947 ਦੀ ਵੰਡ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?' ਉਤੇ ਵੀ ਚਰਚਾ ਕੀਤੀ ਗਈ ਹੈ। ਪੇਸ਼ ਹੈ, '47 ਦੀ ਵੰਡ ਬਾਬਤ ਲੰਮੇ ਲੇਖ ਦੀ ਤੀਜੀ ਕਿਸ਼ਤ...***

## ਡਾਇਰੈਕਟ ਐਕਸ਼ਨ ਡੇ ਦਾ ਨਤੀਜਾ

ਬੰਗਾਲ ਵਿੱਚ ਮੁਸਲਿਮ ਲੀਗ ਦੀ ਹਕੂਮਤ ਸੀ ਅਤੇ ਜਨਾਬ ਸੁਹਾਰਵਰਦੀ ਇਸਦੇ ਮੁੱਖ ਮੰਤਰੀ ਸਨ (ਭਾਰਤ ਵਿਚਲੇ ਸੂਬੇ ਪੱਛਮੀ ਬੰਗਾਲ ਅਤੇ ਸਾਰੇ ਬੰਗਲਾ ਦੇਸ਼ ਨੂੰ ਰਲਾ ਕੇ ਬੰਗਾਲ ਬਣਦਾ ਸੀ)। 15 ਅਗਸਤ 1946 ਨੂੰ ਬੰਗਾਲ ਵਿਧਾਨ ਸਭਾ ਦਾ ਇਜਲਾਸ ਚੱਲ ਰਿਹਾ ਸੀ, ਜਿਸ ਵਿੱਚ ਮੁੱਖ ਮੰਤਰੀ ਨੇ ਡਾਇਰੈਕਟ ਐਕਸ਼ਨ ਡੇ 16 ਅਗਸਤ ਨੂੰ ਸੂਬੇ ਵਿੱਚ ਛੁੱਟੀ ਦਾ ਐਲਾਨ ਕਰ ਦਿੱਤਾ। ਕਾਂਗਰਸੀ ਮੈਂਬਰਾਂ ਨੇ ਛੁੱਟੀ ਕਰਨ ਦਾ ਵਿਰੋਧ ਕਰਦਿਆਂ ਕਿਹਾ ਕਿ "ਇਹ ਸੋਚਣਾ ਮੂਰਖਤਾ ਹੈ ਕਿ ਬੰਗਾਲ ਦੀ ਮੁਸਲਮਾਨ ਹਕੂਮਤ ਨੇ ਹੁੱਲੜਬਾਜ਼ੀ ਤੇ ਗੁੰਡਾਗਰਦੀ ਨੂੰ ਖਤਮ ਕਰਨ ਲਈ 16 ਅਗਸਤ ਦੀ ਛੁੱਟੀ ਦਾ ਐਲਾਨ ਕੀਤਾ ਹੈ। ਵਿਹਲੇ ਲੋਕਾਂ ਵਾਸਤੇ ਛੁੱਟੀ ਖਰਾਬੀ ਪੈਦਾ ਕਰੇਗੀ, ਕਿਉਂਕਿ ਇਹ ਜ਼ਰੂਰੀ ਹੈ ਕਿ ਉਹ ਹਿੰਦੂ ਜਿਹੜੇ ਆਪਣਾ ਕੰਮ ਧੰਦਾ ਕਰਨਾ ਚਾਹੁਣਗੇ, ਆਪਣੀਆਂ ਦੁਕਾਨਾਂ ਖੋਲ੍ਹਣਗੇ ਤੇ ਉਨ੍ਹਾਂ ਨੂੰ ਜ਼ਬਰਦਸਤੀ ਦੁਕਾਨਾਂ ਬੰਦ ਕਰਨ ਨੂੰ ਕਿਹਾ ਜਾਵੇਗਾ। ਇਸ ਤੋਂ ਫਿਰਕੂ ਫਸਾਦ ਮਚ ਉਠਣ ਦੀ ਸੰਭਾਵਨਾ ਹੋ ਸਕਦੀ ਹੈ।"

ਇਹ ਗੱਲ ਬਿਲਕੁਲ ਸੱਚ ਸਾਬਤ ਹੋਈ ਕਿ ਜਿਹੜੇ ਹਿੰਦੂਆਂ ਨੇ 16 ਅਗਸਤ ਨੂੰ ਦੁਕਾਨਾਂ ਖੋਲ੍ਹੀਆਂ, ਉਨ੍ਹਾਂ ਨੂੰ ਮੁਸਲਮਾਨਾਂ ਨੇ ਮਾਰਨਾ ਸ਼ੁਰੂ ਕਰ ਦਿੱਤਾ। ਦੁਪਹਿਰ ਤਕ ਸਾਰਾ ਸ਼ਹਿਰ ਅਗਜ਼ਨੀ, ਛੁਰੇਬਾਜ਼ੀ ਅਤੇ ਕਤਲੋਗਾਰਤ ਵਾਲਾ ਬਣ ਗਿਆ ਸੀ। ਇਹ ਮਾਹੌਲ ਤਿੰਨ ਦਿਨ ਤਕ ਜਾਰੀ ਰਿਹਾ, ਜਿਸਨੂੰ ਫੌਜ ਨੇ ਆ ਕੇ ਕਾਬੂ ਕੀਤਾ; ਇਸ ਵਿੱਚ ਬਹੁਤੇ ਹਿੰਦੂ ਮਾਰੇ ਗਏ ਤੇ ਥੋੜ੍ਹੇ ਮੁਸਲਮਾਨ। ਸਰਕਾਰੀ ਅੰਦਾਜ਼ੇ ਮੁਤਾਬਕ ਮੌਤਾਂ ਦੀ ਗਿਣਤੀ 4000 ਅਤੇ 10,000 ਫੱਟੜ ਹੋਏ। ਅਕਤੂਬਰ ਮਹੀਨੇ ਵਿੱਚ ਪੂਰਬੀ ਬੰਗਾਲ ਦੇ ਸ਼ਹਿਰ ਨੋਆਖਲੀ ਅਤੇ ਤਪੇਰਾ (ਇਹ ਅੱਜਕਲ੍ਹ ਬੰਗਲਾ ਦੇਸ਼ ਵਿੱਚ ਹਨ) ਵਿੱਚ ਵੀ ਮੁਸਲਿਮ ਲੀਗੀਆਂ ਨੇ ਕਤਲੇਆਮ ਮਚਾਇਆ, ਜਿਸ ਵਿੱਚ ਹਜ਼ਾਰਾਂ ਹਿੰਦੂ ਮਾਰੇ ਗਏ।

## ਬਦਲੇ ਵਿੱਚ ਹਜ਼ਾਰਾਂ ਮੁਸਲਮਾਨਾਂ ਦੇ ਕਤਲ

ਬੰਗਾਲ ਵਿੱਚ ਹੋਏ ਹਿੰਦੂਆਂ ਦੇ ਕਤਲੇਆਮ ਦੇ ਬਦਲੇ ਵਿੱਚ ਬਿਹਾਰ ਦੇ ਸ਼ਹਿਰਾਂ ਵਿੱਚ 25 ਅਕਤੂਬਰ ਤੋਂ ਲੈ ਕੇ 7 ਨਵੰਬਰ ਤਕ ਹਿੰਦੂਆਂ ਵੱਲੋਂ ਮੁਸਲਮਾਨਾਂ ਦਾ ਕਤਲੇਆਮ ਮਚਾਇਆ ਗਿਆ। ਬਹੁਤੀ ਹਿੰਸਾ ਵਾਲੇ ਸ਼ਹਿਰਾਂ ਵਿੱਚ ਛਪਰਾ, ਸਰਾਨ, ਪਟਨਾ ਅਤੇ ਭਾਗਲਪੁਰ ਦੇ ਜ਼ਿਲ੍ਹੇ ਸ਼ਾਮਿਲ ਸਨ। ਬਰਤਾਨਵੀ ਪਾਰਲੀਮੈਂਟ ਵਿੱਚ ਇਨ੍ਹਾਂ ਕਤਲਾਂ ਦੀ ਗਿਣਤੀ 5 ਹਜ਼ਾਰ ਦੱਸੀ ਗਈ। 'ਸਟੇਟਸਮੈਨ' ਅਖਬਾਰ ਨੇ ਇਹ ਗਿਣਤੀ 7500 ਤੋਂ 10,000 ਦੱਸੀ। ਕਾਂਗਰਸ ਪਾਰਟੀ ਨੇ 2000 ਕਤਲ ਮੰਨੇ, ਜਦਕਿ ਜਿਨਾਹ ਨੇ ਇਹ ਗਿਣਤੀ 30 ਹਜ਼ਾਰ ਦੱਸੀ। ਇਸੇ ਤਰ੍ਹਾਂ ਯੂ.ਪੀ. ਵਿੱਚ ਮੇਰਠ ਦੇ ਨੇੜੇ ਗੜ੍ਹਮੁਕਟੇਸ਼ਵਰ ਵਿੱਚ ਲੱਗੇ ਇੱਕ ਮੇਲੇ ਦੌਰਾਨ ਹਿੰਦੂਆਂ ਨੇ 1000 ਤੋਂ ਲੈ ਕੇ 2000 ਤਕ ਮੁਸਲਮਾਨਾਂ ਨੂੰ ਕਤਲ ਕਰ ਦਿੱਤਾ। ਇਸਦੇ ਬਦਲੇ ਵਿੱਚ ਮੁਸਲਮਾਨਾਂ ਨੇ ਉਤਰ-ਪੱਛਮੀ ਸਰਹੱਦੀ ਸੂਬੇ (ਜੋ ਅੱਜਕਲ੍ਹ ਪਾਕਿਸਤਾਨ ਵਿੱਚ ਹੈ) ਖਾਸ ਕਰ ਹਜ਼ਾਰਾ ਇਲਾਕੇ ਵਿੱਚ ਹਿੰਦੂਆਂ ਅਤੇ ਸਿੱਖਾਂ ਦਾ ਕਤਲੇਆਮ ਕੀਤਾ। ਜਿਨ੍ਹਾਂ ਦੀ ਗਿਣਤੀ ਵੀ ਹਜ਼ਾਰਾਂ ਵਿੱਚ ਸੀ। ਕਬਾਇਲੀ ਮੁਸਲਮਾਨਾਂ ਵੱਲੋਂ ਐਨੀ ਵੱਡੀ ਗਿਣਤੀ ਵਿੱਚ ਇੱਕਠੇ ਹੋ ਕੇ ਇਹ ਹਮਲੇ ਕੀਤੇ ਕਿ ਉਨ੍ਹਾਂ ਨੂੰ ਰੋਕਣ ਲਈ ਫੌਜੀ ਹਵਾਈ ਜਹਾਜ਼ਾਂ ਨੇ ਬੰਬ-ਬਾਰੀ ਵੀ ਕੀਤੀ, ਜਿਸ ਵਿੱਚ ਵੱਡੀ ਤਾਦਾਦ ਵਿੱਚ ਮੁਸਲਮਾਨ ਵੀ ਮਾਰੇ ਗਏ। ਇਹ ਗੱਲ ਦਸੰਬਰ 1946 ਦੀ ਹੈ। ਸੂਬਾ ਸਰਹੱਦ ਵਿੱਚ ਉਸ ਮੌਕੇ ਕਾਂਗਰਸ ਦੀ ਹਕੂਮਤ ਸੀ।

## ਨਹਿਰੂ ਦੀ ਅਗਵਾਈ ਵਿੱਚ ਕੇਂਦਰੀ ਵਜ਼ਾਰਤ ਕਾਇਮ

19 ਸਤੰਬਰ 1946 ਨੂੰ ਵਾਇਸਰਾਏ ਨੇ ਇੱਕ ਵਜ਼ਾਰਤ ਕਾਇਮ ਕੀਤੀ, ਜਿਸ ਨੂੰ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਕਿਹਾ ਗਿਆ। ਵਾਇਸਰਾਏ ਇਸ ਦਾ ਮੁਖੀ ਸੀ ਅਤੇ ਜਵਾਹਰ ਲਾਲ ਨਹਿਰੂ ਇਸਦਾ ਉਪ ਮੁਖੀ ਸੀ (ਜੋ ਕਿ ਅੱਜਕਲ੍ਹ ਦੇ ਪ੍ਰਧਾਨ ਮੰਤਰੀ ਬਰਾਬਰ ਸੀ) ਸਰਕਾਰ ਦਾ ਸਾਰਾ ਕੰਟਰੋਲ ਉਪ ਮੁਖੀ ਨੂੰ ਦਿੱਤਾ ਗਿਆ ਸੀ ਅਤੇ ਮੁਖੀ ਸਿਰਫ ਫੌਜਾਂ ਦਾ ਚੀਫ ਕਮਾਂਡਰ ਹੀ ਸੀ। ਕੌਂਸਲ ਦੇ ਮੈਂਬਰ ਵਜ਼ੀਰਾਂ ਬਰਾਬਰ ਸਨ। 13 ਅਕਤੂਬਰ 1946 ਨੂੰ ਮੁਸਲਿਮ ਲੀਗ ਵੀ ਵਜ਼ਾਰਤ ਵਿੱਚ ਸ਼ਾਮਿਲ ਹੋ ਗਈ। ਕਾਂਗਰਸੀ ਹਿੱਸੇ ਦੇ ਵਜ਼ੀਰ ਇਸ ਤਰ੍ਹਾਂ ਸਨ: ਗ੍ਰਹਿ ਮੰਤਰੀ ਬੱਲਭ ਭਾਈ ਪਟੇਲ-ਵਿਦਿਆ ਮੰਤਰੀ; ਰਾਜਗੋਪਾਲਚਾਰੀਆ-ਰੇਲਵੇ ਅਤੇ ਟਰਾਂਸਪੋਰਟ ਮੰਤਰੀ; ਆਸਿਫ ਅਲੀ-ਖੇਤੀਬਾੜੀ ਅਤੇ ਖੁਰਾਕ ਮੰਤਰੀ; ਰਜਿੰਦਰ ਪ੍ਰਸਾਦ-ਸਨਅਤ ਅਤੇ ਸਿਵਲ ਸਪਲਾਈ ਮੰਤਰੀ ਜੌਹਨ ਮੈਥਾਈ। ਮੁਸਲਿਮ ਲੀਗ ਦੇ ਮੰਤਰੀਆਂ ਵਿੱਚ ਖਜ਼ਾਨਾ ਮੰਤਰੀ ਲਿਆਕਤ ਅਲੀ ਖਾਨ, ਡਾਕ ਮੰਤਰੀ ਅਬਦੁਰ ਰੱਬ ਨਿਸਤਰ, ਵਪਾਰ ਮੰਤਰੀ ਇਬਰਾਹਿਮ ਇਸਮਾਇਲ, ਕਾਨੂੰਨ ਮੰਤਰੀ ਦਲਿਤ ਕੋਟੇ ਵਿੱਚੋਂ ਜੋਗਿੰਦਰ ਨਾਥ ਮੰਡਲ ਸਨ। ਵਾਇਸਰਾਏ ਨੇ ਸਿੱਖਾਂ ਦੇ ਨੁਮਾਇੰਦੇ ਵਜੋਂ ਸ. ਬਲਦੇਵ ਸਿੰਘ ਨੂੰ ਖੁਦ ਨਾਮਜ਼ਦ ਕਰਕੇ ਰੱਖਿਆ ਮੰਤਰੀ ਬਣਾਇਆ ਸੀ।

## ਮੁਸਲਿਮ ਲੀਗ ਨੇ ਸੰਵਿਧਾਨ ਸਭਾ ਦਾ ਬਾਈਕਾਟ ਕੀਤਾ

ਸੰਵਿਧਾਨ ਘੜਨੀ ਅਸੈਂਬਲੀ ਦਾ 9 ਦਸੰਬਰ ਇਜਲਾਸ ਸੱਦਣ ਬਾਰੇ 20 ਨਵੰਬਰ 1946 ਨੂੰ ਸੱਦਾ ਪੱਤਰ ਜਾਰੀ ਕਰ ਦਿੱਤਾ ਗਿਆ; ਪਰ ਮੁਸਲਿਮ ਲੀਗ ਨੇ ਕਿਹਾ ਕਿ ਉਸਦੇ ਇਤਰਾਜ਼ਾਂ ਦੇ ਬਾਵਜੂਦ ਸੰਵਿਧਾਨ ਸਭਾ ਦੀਆਂ ਚੋਣਾਂ ਕਰਵਾਉਣੀਆਂ ਅਤੇ ਇਸਦਾ ਇਜਲਾਸ ਸੱਦਣਾ ਕਾਬਿਲ-ਏ-ਇਤਰਾਜ਼ ਹੈ। ਕੈਬਨਿਟ ਮਿਸ਼ਨ ਦੀ ਸਕੀਮ ਵਿੱਚ ਇਹ ਨਿਸ਼ਚਾ ਕੀਤਾ ਗਿਆ ਸੀ ਕਿ ਵਿਧਾਨ ਪ੍ਰੀਸ਼ਦ ਦੇ ਸੂਬਾਈ ਨੁਮਾਇੰਦਿਆਂ ਦੀ ਇੱਛਾ ਅਨੁਸਾਰ, ਭਾਗ ਵੀ ਬਣ ਸਕਦੇ ਹਨ। ਇਸ ਮੁਤਾਬਕ ਜੇ ਬੰਗਾਲ ਤੇ ਪੰਜਾਬ ਦੇ ਨੁਮਾਇੰਦੇ ਚਾਹੁੰਦੇ ਤਾਂ ਆਪਣੇ ਸੂਬਾਈ ਗੁੱਟ ਦਾ ਵੱਖਰਾ ਵਿਧਾਨ ਬਣਾਉਣ ਲਈ, ਭਾਗਾਂ ਵਿੱਚ ਵੀ ਬੈਠ ਸਕਦੇ ਹਨ। ਹੁਣ ਝਗੜਾ ਇਸ ਗੱਲ 'ਤੇ ਪੈ ਗਿਆ ਕਿ ਕੀ ਭਾਗਾਂ ਵਿੱਚ ਬੈਠਣ ਵਾਲੇ ਹਿੱਸੇ ਆਪਣੇ ਵਿਧਾਨ ਬਹੁਸੰਮਤੀ ਨਾਲ, ਬਣਾ ਸਕਦੇ ਸਨ। ਕਾਂਗਰਸ ਕਹਿੰਦੀ ਸੀ ਕਿ ਨਹੀਂ, ਉਨ੍ਹਾਂ ਨੂੰ ਆਪਣੇ ਸੰਵਿਧਾਨਾਂ ਦੀ ਅੰਤਿਮ ਮਨਜ਼ੂਰੀ ਸਾਂਝੇ ਤੌਰ 'ਤੇ ਸਾਰੀ ਸੰਵਿਧਾਨ ਸਭਾ ਤੋਂ ਲੈਣੀ ਪਵੇਗੀ। ਸਮੁੱਚੀ ਸੰਵਿਧਾਨ ਸਭਾ ਵਿੱਚ ਬਹੁ-ਗਿਣਤੀ ਹਿੰਦੂਆਂ ਦੀ ਸੀ। ਇਸਦਾ ਸਪੱਸ਼ਟ ਭਾਵ ਇਹ ਸੀ ਕਿ ਬਹੁਗਿਣਤੀ ਦੇ ਮੁਸਲਿਮ ਇਲਾਕਿਆਂ ਵਾਸਤੇ ਵੀ, ਕੋਈ ਵਿਧਾਨ ਅਜਿਹਾ ਨਹੀਂ ਪ੍ਰਵਾਨ ਹੋਵੇਗਾ, ਜਿਸ ਦੀ ਆਗਿਆ ਹਿੰਦੂ ਬਹੁਸੰਮਤੀ ਨਾ ਦੇਵੇ। ਇਉਂ ਇਹ ਹਿੰਦੂ-ਮੁਸਲਿਮ ਝਗੜਾ ਜਿੱਥੋਂ ਤੁਰਿਆ ਸੀ, ਉਥੇ ਆ ਖੜ੍ਹਾ ਹੋਇਆ। ਮਿਸਟਰ ਜਿਨਾਹ ਨੇ ਕਿਹਾ ਕਿ ਹਿੰਦੂ ਸਾਰੀ ਰਾਜ ਸੱਤਾ ਆਪਣੇ ਹੱਥਾਂ ਵਿੱਚ ਹੀ ਰੱਖਣ 'ਤੇ ਅੜੇ ਹੋਏ ਹਨ, ਕਿਸੇ ਹੋਰ ਨੂੰ ਕੁਝ ਵੀ ਦਵਾਲ ਨਹੀਂ। ਉਸਨੇ ਸਾਫ ਕਹਿ ਦਿੱਤਾ ਕਿ ਹੁਣ ਹਿੰਦੂਆਂ ਨਾਲ ਸਮਝੌਤਾ ਅਸੰਭਵ ਹੈ। ਜਿਨਾਹ ਨੇ ਇੱਥੋਂ ਤਕ ਕਹਿ ਦਿੱਤਾ ਕਿ ਮੁਸਲਮਾਨਾਂ ਨੂੰ ਭਾਵੇਂ ਜਿੰਨਾ ਮਰਜੀ ਛੋਟਾ ਮੁਲਕ ਮਿਲ ਜਾਵੇ, ਚਾਹੇ ਉਨ੍ਹਾਂ ਨੂੰ ਦਿਹਾੜੀ ਵਿੱਚ ਇੱਕ ਡੰਗ ਦੀ ਰੋਟੀ ਖਾ ਕੇ ਗੁਜ਼ਾਰਾ ਕਰਨਾ ਪਵੇ ਪਰ ਉਹ ਵੱਖਰਾ ਮੁਲਕ ਜ਼ਰੂਰ ਲੈ ਕੇ ਹਟਣਗੇ। ਸੋ 9 ਦਸੰਬਰ ਵਾਲੇ ਇਜਲਾਸ ਵਿੱਚ ਮੁਸਲਿਮ ਲੀਗ ਸ਼ਾਮਲ ਨਾ ਹੋਈ। ਵਾਇਸਰਾਏ ਨੇ ਉਚੇਚੇ ਤੌਰ 'ਤੇ ਜਵਾਹਰ ਲਾਲ ਨਹਿਰੂ ਨੂੰ ਕਿਹਾ ਕਿ ਉਹ ਜਿਨਾਹ ਨੂੰ ਸੰਵਿਧਾਨ ਸਭਾ ਵਿੱਚ ਹਿੱਸਾ ਲੈਣ ਲਈ ਮਨਾਵੇ, ਪਰ ਨਹਿਰੂ ਨੇ ਇਸ ਪ੍ਰਤੀ ਕੋਈ ਗੰਭੀਰਤਾ ਨਾ ਦਿਖਾਈ। ਜਿਸ ਕਰਕੇ ਪਲੈਨ ਮੁਤਾਬਕ ਕੰਮ ਸਿਰੇ ਚੜ੍ਹਦਾ-ਚੜ੍ਹਦਾ ਰੁਕ ਗਿਆ।

## ਅੰਗਰੇਜ਼ਾਂ ਵੱਲੋਂ ਵੰਡ ਨੂੰ ਰੋਕਣ ਦਾ ਗੰਭੀਰ ਯਤਨ

ਇਹ ਗੱਲ ਸਪੱਸ਼ਟ ਸੀ ਕਿ ਜੇ ਕਾਂਗਰਸ ਤੇ ਮੁਸਲਿਮ ਲੀਗ ਦਾ ਹਿੰਦੁਸਤਾਨੀ ਸੰਵਿਧਾਨ ਬਣਾਉਣ ਬਾਰੇ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਮੁਲਕ ਦਾ ਵੰਡਾਰਾ ਅਟੱਲ ਸੀ। ਅੰਗਰੇਜ਼ਾਂ ਨੇ ਇਨ੍ਹਾਂ ਦੋਹਾਂ ਧਿਰਾਂ ਵਿੱਚ ਸਮਝੌਤਾ ਕਰਾਉਣ ਦਾ ਇੱਕ ਹੋਰ ਗੰਭੀਰ ਯਤਨ ਕੀਤਾ। ਸੈਕਟਰੀ ਆਫ ਸਟੇਟ ਬ੍ਰਿਟਿਸ਼ ਸਰਕਾਰ ਵਿੱਚ ਹਿੰਦੁਸਤਾਨ ਦੀ ਸਰਕਾਰ ਦਾ ਕੰਮਕਾਰ ਦੇਖਦਾ ਸੀ, ਜਿਸਦਾ ਅਹੁਦਾ ਵਾਇਸਰਾਏ ਤੋਂ ਉਪਰ ਸੀ। ਉਸਨੇ ਖੁਦ ਐਲਾਨ ਕੀਤਾ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੇ ਇੱਕ ਇੱਕ ਨੁਮਾਇੰਦੇ ਨੂੰ ਨਾਲ ਲੈ ਕੇ ਵਾਇਸਰਾਏ ਖੁਦ ਲੰਦਨ ਆਵੇ ਤਾਂ ਕਿ ਉਨ੍ਹਾਂ ਵਿੱਚ ਸਮਝੌਤਾ ਕਰਾਉਣ ਲਈ ਇੱਕ ਹੋਰ ਭਰਪੂਰ ਯਤਨ ਕੀਤਾ ਜਾਵੇ।

ਵਾਇਸਰਾਏ ਨੇ ਸਲਾਹ ਦਿੱਤੀ ਕਿ ਇਸ ਵਿੱਚ ਇੱਕ ਨੁਮਾਇੰਦਾ ਸਿੱਖਾਂ ਦਾ ਵੀ ਹੋਣਾ ਚਾਹੀਦਾ ਹੈ, ਜੋ ਕਿ ਮੰਨੀ ਗਈ। ਸੋ ਮੁਸਲਿਮ ਲੀਗ ਦਾ ਨੁਮਾਇੰਦਾ ਲਿਆਕਤ ਅਲੀ, ਕਾਂਗਰਸ ਦਾ ਨੁਮਾਇੰਦਾ ਜਵਾਹਰ ਲਾਲ ਨਹਿਰੂ ਅਤੇ ਸਿੱਖਾਂ ਦਾ ਨੁਮਾਇੰਦਾ ਬਲਦੇਵ ਸਿੰਘ 2 ਦਸੰਬਰ 1946 ਨੂੰ ਲੰਡਨ ਪੁੱਜੇ। ਨਹਿਰੂ ਦਾ ਰੁਤਬਾ ਪ੍ਰਧਾਨ ਮੰਤਰੀ ਵਾਲਾ ਸੀ, ਜਦਕਿ ਦੂਜੇ ਦੋ ਨੁਮਾਇੰਦੇ ਕੇਂਦਰ ਵਿੱਚ ਵਜ਼ੀਰ ਸਨ। ਜਿਨਾਹ ਵੱਖਰੇ ਤੌਰ 'ਤੇ ਇਨ੍ਹਾਂ ਦੇ ਨਾਲ ਹੀ ਲੰਡਨ ਪੁੱਜੇ। ਪੂਰੇ ਚਾਰ ਦਿਨ ਇਨ੍ਹਾਂ ਦੀਆਂ ਬਰਤਾਨਵੀ ਸਰਕਾਰ ਨਾਲ ਵਿਚਾਰਾਂ ਹੁੰਦੀਆਂ ਰਹੀਆਂ, ਪਰ ਗੱਲ ਕਿਸੇ ਸਮਝੌਤੇ 'ਤੇ ਨਾ ਅੱਪੜ ਸਕੀ।



ਲਾਰਡ ਮਾਊਂਟਬੈਟਨ ਅਤੇ ਜਵਾਹਰ ਲਾਲ ਨਹਿਰੂ

## ਅੰਗਰੇਜ਼ਾਂ ਨੇ ਹਿੰਦੁਸਤਾਨ ਛੱਡਣ ਦੀ ਤਰੀਕ ਮਿੱਥ ਦਿੱਤੀ

ਇੱਧਰ ਹਿੰਦੁਸਤਾਨ ਦੀਆਂ ਦੋਹਾਂ ਮੁੱਖ ਧਿਰਾਂ ਵਿੱਚ ਇਹ ਸਮਝੌਤਾ ਨਹੀਂ ਸੀ ਹੋ ਰਿਹਾ। ਹਿੰਦੁਸਤਾਨ ਦੀ ਵਾਗਡੋਰ ਕਿਸਨੂੰ ਸੌਂਪੀ ਜਾਵੇ, ਇਸਦਾ ਖਾਕਾ ਅੰਗਰੇਜ਼ਾਂ ਨੇ ਕੈਬਨਿਟ ਮਿਸ਼ਨ ਦੀਆਂ ਤਜਵੀਜ਼ਾਂ ਰਾਹੀਂ ਤਿਆਰ ਕਰ ਦਿੱਤਾ ਸੀ, ਇਸ 'ਤੇ ਦੋਵੇਂ ਧਿਰਾਂ ਲਗਭਗ ਸਹਿਮਤ ਸਨ। ਇਸ ਰਹਿਤ ਸੰਵਿਧਾਨ ਸਭਾ ਦੀਆਂ ਚੋਣਾਂ ਵੀ ਹੋ ਚੁੱਕੀਆਂ ਸਨ। ਅੰਗਰੇਜ਼ਾਂ ਨੇ, ਇਸ ਰਾਹੀਂ ਹਿੰਦੁਸਤਾਨ ਦੀ ਵਾਗਡੋਰ ਕਿਸੇ ਨੂੰ ਸੰਭਾਲੀ ਜਾਵੇ, ਵਾਲਾ ਮਸਲਾ ਇਨ੍ਹਾਂ ਨੇ ਸਰਬ-ਸੰਮਤੀ ਨਾਲ ਲਗਭਗ 15 ਆਨੇ ਹੱਲ ਕਰ ਦਿੱਤਾ ਸੀ। ਗੱਲ ਸੋਲਾਂ ਆਨੇ ਹੱਲ ਹੋਣੋਂ ਕਿਵੇਂ ਰੁਕੀ ਇਸਦਾ ਵਿਸਥਾਰ ਤੁਸੀਂ ਉਪਰ ਪੜ੍ਹ ਆਏ ਹੋ।

ਦਸੰਬਰ 1946 ਨੂੰ ਲੰਡਨ ਵਿੱਚ ਸਭ ਤੋਂ ਉੱਚ ਪੱਧਰੀ ਤਿੰਨ ਧਿਰੀ ਗੱਲਬਾਤ ਰਾਹੀਂ ਵੀ ਅੰਗਰੇਜ਼ਾਂ ਦਾ ਮੁਲਕ ਨੂੰ ਇੱਕ ਰੱਖਣ ਦਾ ਯਤਨ ਜਦੋਂ ਫੇਲ੍ਹ ਹੋ ਗਿਆ ਤਾਂ ਅਖੀਰ ਨੂੰ ਉਨ੍ਹਾਂ ਨੇ ਹਿੰਦੁਸਤਾਨ ਨੂੰ ਛੱਡ ਜਾਣ ਦੀ ਥੱਕ ਹਾਰ ਕੇ ਤਰੀਕ ਮਿੱਥ ਦਿੱਤੀ। ਬਰਤਾਨਵੀ ਪ੍ਰਧਾਨ ਮੰਤਰੀ ਮਿਸਟਰ ਐਟਲੇ ਨੇ 20 ਫਰਵਰੀ 1947 ਨੂੰ ਬ੍ਰਿਟਿਸ਼ ਪਾਰਲੀਮੈਂਟ ਵਿੱਚ ਇੱਕ ਐਲਾਨ ਕਰਦਿਆਂ ਕਿਹਾ ਕਿ ਅਸੀਂ ਹਿੰਦੁਸਤਾਨ ਦਾ ਰਾਜ ਹਿੰਦੁਸਤਾਨੀਆਂ ਨੂੰ ਸੌਂਪ ਕੇ ਵੱਧ ਤੋਂ ਵੱਧ ਜੂਨ 1948 ਤਕ ਵਾਪਸ ਆ ਜਾਣਾ ਹੈ। ਇਸ ਵਿੱਚ ਰਾਜ ਭਾਗ ਕੀਹਨੂੰ ਸੰਭਾਲਿਆ ਜਾਵੇਗਾ, ਬਾਰੇ ਸਪੱਸ਼ਟ ਤਾਂ ਨਹੀਂ ਸੀ ਦੱਸਿਆ ਗਿਆ ਪਰ ਇਹ ਐਲਾਨ ਸਪੱਸ਼ਟ ਸੀ ਕਿ ਹਿੰਦੁਸਤਾਨ ਵਿੱਚ ਦੋਵਾਂ ਪ੍ਰਮੁੱਖ ਧਿਰਾਂ ਦਾ ਕੋਈ ਸਿਆਸੀ ਸਮਝੌਤਾ ਨਾ ਹੋਇਆ ਤਾਂ ਅਸੀਂ ਆਪਣੇ ਵੱਲੋਂ ਜਿਵੇਂ ਠੀਕ ਲੱਗਿਆ, ਉਵੇਂ ਹੀ ਪੂਰੇ ਹਿੰਦੁਸਤਾਨ ਜਾਂ ਇਸਦੇ ਸੂਬਿਆਂ ਨੂੰ ਅਲੱਗ ਤੌਰ 'ਤੇ ਯੋਗ ਧਿਰ ਦੇ ਹਵਾਲੇ ਕਰਕੇ ਆ ਜਾਣਾ ਹੈ। ਇਸ ਨਾਲ ਦੋਵੇਂ ਧਿਰਾਂ ਸਮਝੌਤੇ ਲਈ ਗੰਭੀਰ ਹੋ ਗਈਆਂ।

## ਪੰਜਾਬ ਦੇ ਫਸਾਦ ਮਾਰਚ 1947

1946 ਵਿੱਚ ਜਦੋਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਈਆਂ ਤਾਂ ਮੁਸਲਿਮ ਲੀਗ ਨੇ ਸਭ ਤੋਂ ਵਧ 75 ਸੀਟਾਂ ਜਿੱਤੀਆਂ। ਮੁਸਲਮਾਨਾਂ ਦੀ ਯੂਨੀਅਨਿਸਟ ਪਾਰਟੀ ਨੇ 19, ਕਾਂਗਰਸ ਨੇ 51, ਅਕਾਲੀ ਦਲ ਨੇ 21 ਅਤੇ ਆਜ਼ਾਦ ਉਮੀਦਵਾਰਾਂ ਨੇ 11 ਸੀਟਾਂ ਜਿੱਤੀਆਂ; ਪਰ ਮੁਸਲਿਮ ਲੀਗ ਦੀ ਸਰਕਾਰ ਬਣਨੋਂ ਰੋਕਣ ਖਾਤਰ ਅਕਾਲੀਆਂ ਅਤੇ ਕਾਂਗਰਸੀਆਂ ਨੇ ਹਮਾਇਤ ਦੇ ਕੇ ਯੂਨੀਅਨਿਸਟ ਪਾਰਟੀ ਦੇ ਸਰ ਖਿਜ਼ਰ ਹਿਆਤ ਖਾਂ ਟਿਵਾਣਾ ਦੀ ਅਗਵਾਈ ਕੁਲੀਸ਼ਨ ਵਜ਼ਾਰਤ ਬਣਾ ਲਈ। ਚੋਣਾਂ ਤੋਂ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਮੁਸਲਮਾਨਾਂ ਦੀ ਨੁਮਾਇੰਦਾ ਜਮਾਤ ਮੁਸਲਿਮ ਲੀਗ ਹੀ ਹੈ। ਯੂਨੀਅਨਿਸਟ ਪਾਰਟੀ ਵੀ ਭਾਵੇਂ ਇੱਕ ਮੁਸਲਿਮ ਜਮਾਤ ਸੀ, ਪਰ ਅਕਾਲੀ-ਕਾਂਗਰਸੀ ਹਮਾਇਤ ਦੇ ਸਹਾਰੇ ਖੜ੍ਹੀ ਹੋਣ ਕਰਕੇ ਉਹ ਇਨ੍ਹਾਂ ਦੀ ਲਾਇਨ ਤੋਂ ਬਾਹਰ ਨਹੀਂ ਸੀ ਜਾ ਸਕਦੀ। ਭਾਵੇਂ ਮੁਸਲਮਾਨਾਂ ਨੇ ਜਲਸੇ-ਮੁਜ਼ਾਹਰਿਆਂ ਰਾਹੀਂ ਖਿਜ਼ਰ ਹਿਆਤ ਖਾਂ ਟਿਵਾਣਾ ਦਾ ਨੱਕ ਵਿੱਚ ਦਮ ਕੀਤਾ ਪਿਆ ਸੀ, ਪਰ ਪ੍ਰਧਾਨ ਮੰਤਰੀ ਐਟਲੇ ਦੇ ਬਿਆਨ ਨੇ ਹਾਲਾਤ ਇੱਕ ਦਮ ਬਦਲ ਦਿੱਤੇ। ਪੰਜਾਬ ਦੇ ਮੁਸਲਮਾਨਾਂ ਨੂੰ ਇਹ ਜਾਪਣ ਲੱਗ ਪਿਆ ਕਿ ਪੰਜਾਬ ਅਸੈਂਬਲੀ ਵਿੱਚ ਕਾਂਗਰਸ-ਅਕਾਲੀ ਦਲ ਸਹਾਰੇ ਚੱਲਣ ਵਾਲੀ ਸਰਕਾਰ, ਜਿਸਦਾ ਅਸੈਂਬਲੀ ਵਿੱਚ ਬਹੁਮਤ ਹੈ, ਮੁਸਲਮਾਨਾਂ ਦੇ ਹੱਕ ਵਿੱਚ ਫੈਸਲਾ ਨਹੀਂ ਲਵੇਗੀ। ਕਿਉਂਕਿ ਫੈਸਲਾ ਅਸੈਂਬਲੀ ਦੇ ਬਹੁਮਤ ਨਾਲ ਹੋਣਾ ਸੀ, ਸੋ ਮੁਸਲਮਾਨਾਂ ਨੂੰ ਡਰ ਪੈ ਗਿਆ ਕਿ ਮੁਲਕ ਦਾ ਵੰਡਾਰਾ ਹੋਣ ਦੀ ਸੂਰਤ ਵਿੱਚ ਪੰਜਾਬ ਅਸੈਂਬਲੀ ਮਤਾ ਪਾ ਕੇ ਸੂਬੇ ਨੂੰ ਪਾਕਿਸਤਾਨ ਦੀ ਬਜਾਏ ਹਿੰਦੁਸਤਾਨ ਵੱਲ ਧੱਕ ਦੇਵੇਗੀ। ਮੁਸਲਮਾਨਾਂ ਵਾਸਤੇ ਇਹ ਗੱਲ ਮੌਤ ਦੇ ਡਰਾਵੇ ਵਰਗੀ ਸੀ। ਇਕਦਮ ਪੈਦਾ ਹੋਏ ਇਸ ਹਾਲਾਤ ਦੇ ਮੱਦੇਨਜ਼ਰ ਸਾਰੇ ਮੁਸਲਮਾਨ ਖਿਜ਼ਰ ਹਿਆਤ ਖਾਂ ਟਿਵਾਣਾ ਨੂੰ ਗੱਦਾਰ ਕਹਿਣ ਲੱਗੇ। ਇਸ ਮਾਨਸਿਕ ਦਬਾਅ ਮੂਹਰੇ ਝੁਕਦਿਆਂ ਮੁੱਖ ਮੰਤਰੀ ਖਿਜ਼ਰ ਹਿਆਤ ਖਾਂ ਟਿਵਾਣਾ ਨੇ 3 ਮਾਰਚ 1947 ਨੂੰ ਅਹੁਦੇ ਤੋਂ ਅਸਤੀਫਾ ਦੇ ਕੇ ਯੂਨੀਅਨਿਸਟ ਪਾਰਟੀ ਦਾ ਮੁਸਲਿਮ ਲੀਗ ਵਿੱਚ ਰਲੇਵਾਂ ਕਰ ਦਿੱਤਾ। ਹੁਣ ਮੁਸਲਿਮ ਲੀਗ ਦਾ ਅਸੈਂਬਲੀ ਵਿੱਚ ਮੁਕੰਮਲ ਬਹੁਮਤ ਹੋ ਗਿਆ ਸੀ। ਪੰਜਾਬ ਮੁਸਲਿਮ ਲੀਗ ਦੇ ਪ੍ਰਧਾਨ ਖਾਨ ਇਫਤਖਾਰ ਹੁਸੈਨ (ਨਵਾਬ ਮਮਦੋਟ) ਨੇ ਗਵਰਨਰ ਨਾਲ ਮੁਲਾਕਾਤ ਕਰਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦਿੱਤਾ।

ਜੋ ਡਰ ਕੁਝ ਦਿਨ ਪਹਿਲਾਂ ਮੁਸਲਮਾਨਾਂ ਸਾਹਮਣੇ ਪੈਦਾ ਹੋਇਆ ਸੀ, ਉਹੀ ਡਰ ਇਕਦਮ ਹਿੰਦੂਆਂ ਤੇ ਸਿੱਖਾਂ ਮੂਹਰੇ ਆ ਖੜ੍ਹਾ ਹੋਇਆ। ਉਨ੍ਹਾਂ ਨੂੰ ਵੀ ਇਹ ਖਦਸ਼ਾ ਸੀ ਕਿ ਮੁਸਲਿਮ ਲੀਗ ਦੇ ਬਹੁਮਤ ਵਾਲੀ ਅਸੈਂਬਲੀ ਸਾਰੇ ਪੰਜਾਬ ਨੂੰ ਪਾਕਿਸਤਾਨ ਵੱਲ ਧੱਕ ਦੇਵੇਗੀ। ਉਹ ਬੀਤੇ ਕਈ ਮਹੀਨਿਆਂ ਤੋਂ ਮੁਸਲਮਾਨਾਂ ਵੱਲੋਂ ਹਿੰਦੂਆਂ-ਸਿੱਖਾਂ ਦੇ ਕਤਲਾਂ ਨੂੰ ਅਜੇ ਭੁੱਲੇ ਵੀ ਨਹੀਂ ਸਨ ਕਿ ਉਨ੍ਹਾਂ ਨੂੰ ਸਦਾ ਲਈ ਮੁਸਲਿਮ ਗਲਬੇ ਥੱਲੇ ਜਿਉਣ ਵਾਲੀ ਹਾਲਤ ਸਾਹਮਣੇ ਪੈਦਾ ਹੋਈ ਦਿਸ ਰਹੀ ਸੀ। ਅਕਾਲੀ ਦਲ ਨੇ ਐਲਾਨ ਕੀਤਾ ਕਿ ਉਹ ਵਿਧਾਨ ਸਭਾ ਵਿੱਚ ਅਤੇ ਉਸ ਤੋਂ ਬਾਹਰ ਪੂਰਾ ਜ਼ੋਰ ਲਗਾ ਕੇ ਮੁਸਲਿਮ ਲੀਗ ਵਜ਼ਾਰਤ ਕਾਇਮ ਹੋਣ ਤੋਂ ਰੋਕਣਗੇ। ਪੰਜਾਬ ਜਿਹੜਾ ਸਿੱਖਾਂ ਦਾ ਘਰ ਹੈ, ਉਥੇ ਉਹ ਮੁਸਲਮਾਨ ਹਕੂਮਤ ਨਹੀਂ ਕਾਇਮ ਹੋਣ ਦੇਣਗੇ।

ਹਿੰਦੂ ਅਤੇ ਸਿੱਖ ਵਿਦਿਆਰਥੀਆਂ ਨੇ ਬਣ ਰਹੀ ਨਵੀਂ ਲੀਗੀ ਵਜ਼ਾਰਤ ਦੇ ਵਿਰੋਧ ਵਿੱਚ ਰੋਸ ਜ਼ਾਹਰ ਕਰਨ ਲਈ 4 ਮਾਰਚ ਨੂੰ ਲਾਹੌਰ ਵਿੱਚ ਇੱਕ ਜਲੂਸ ਕੱਢਿਆ। ਪੁਲਿਸ ਨੇ ਇਸ 'ਤੇ ਗੋਲੀ ਚਲਾ ਦਿੱਤੀ, ਜਿਸ ਵਿੱਚ ਡੀ.ਏ.ਵੀ. ਕਾਲਜ ਦਾ ਵਿਦਿਆਰਥੀ ਰਤਨ ਚੰਦ ਮਾਰਿਆ ਗਿਆ। ਉਸੇ ਦਿਨ ਹਿੰਦੂ-ਸਿੱਖਾਂ ਦਾ ਇੱਕ ਹੋਰ ਜਲੂਸ ਜਦੋਂ ਚੌਂਕ ਮਤੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# .ਗਦਰੀ ਸ਼ਹੀਦਾਂ ਦਾ ਪਿੰਡ: ਖੁਰਦਪੁਰ

**ਪਿੰਡ ਵਸਿਆ (12)**

**ਵਿਜੈ ਬੰਬੇਲੀ**
ਫੋਨ: +91-9463439075



***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, .ਗਦਰੀ ਸ਼ਹੀਦਾਂ ਦੇ ਪਿੰਡ ਖੁਰਦਪੁਰ ਬਾਰੇ ਸੰਖੇਪ ਵੇਰਵਾ...***

ਆਦਮਪੁਰ ਦੋਆਬਾ ਨਾਲ ਖਹਿੰਦੀ ਬਿਸਤ ਦੋਆਬ ਨਾਲ ਜੁੜਵਾਂ, ਹੁਣ ਆਦਮਪੁਰ ਨਾਲ ਗਲਵੱਕੜੀ ਪਾਈ ਬੈਠੇ, ਪਹਿਲ-ਪਲੱਕੜੇ .ਗਦਰੀ ਸ਼ਹੀਦਾਂ ਦੇ ਪਿੰਡ ਖੁਰਦਪੁਰ ਦੀ ਮੋੜ੍ਹੀ ਕਰੀਬ ਚਾਰ ਸਦੀਆਂ ਪਹਿਲਾਂ ਅਟਵਾਲ ਜੱਟਾਂ ਨੇ ਗੱਡੀ ਸੀ। ਅਟਵਾਲ ਜੱਟਾਂ ਦੇ ਪੁਰਖੇ ਮਾਲਵੇ ਦੇ ਧੜਵੈਲ ਰਾਜਾ ਮਹਿਰਾਜ ਦੇ ਉਸ ਕੁਨਬੇ ਵਿੱਚੋਂ ਗਿਣਦੇ ਹਨ, ਜਿਹੜੇ ਆਪਣੇ ਕਬੀਲੇ ਨਾਲ ਆਪਣੀਆਂ ਲੋੜਾਂ-ਥੋੜ੍ਹਾਂ ਤਹਿਤ ਮੱਧ ਏਸ਼ੀਆ ਤੋਂ ਸਿੰਧ-ਰਾਜਸਥਾਨ ਹੁੰਦੇ ਹੋਏ ਮਾਲਵੇ ਵਿਚ ਆ ਟਿਕੇ ਸਨ। ਇਤਿਹਾਸਕਾਰ ਸਰ ਡੇਂਜਲਸ ਇਬਟਸਨ ਅਟਵਾਲ ਜੱਟਾਂ ਦਾ ਪਿਛੋਕੜ ਇੱਠਵਾਲ ਜਾਂ ਉਠਵਾਲ ਘਰਾਣਾ ਦੱਸਦਾ ਹੈ। ਅਟਵਾਲ ਖੁਦ ਨੂੰ ਸੂਰਜਬੰਸੀ ਰਾਜਪੂਤਾਂ ਦੇ ਉਸ ਧੜੇ ਤੋਂ ਉਗਮੇ ਹੋਏ ਮੰਨਦੇ ਹਨ, ਜਿਸਦੇ ਆਗੂ ਮਹਿਰਾਜ ਨੂੰ ਘੋੜੇ ਦੀ ਬਜਾਏ ਊਠ ਦੀ ਸਵਾਰੀ ਕਰਨ ਕਰਕੇ ਉਠਵਾਲ ਤਲੱਖਸ ਮਿਲਿਆ। ਹੌਲੀ-ਹੌਲੀ ਬਦਲਦੀ ਬੋਲ-ਚਾਲ ਅਤੇ ਸ਼ਬਦ ਬਣਤਰ ਤੇ ਸਥਾਨ ਤਬਦੀਲੀ-ਦਰ-ਤਬਦੀਲੀ ਨਾਲ ਇਸ ਕੁਨਬੇ ਦਾ ਨਾਂ ਉਠਵਾਲ ਤੋਂ ਊਂਟਵਾਲ ਤੇ ਫਿਰ ਵਿਗੜਦਾ-ਸੰਵਰਦਾ ਅਟਵਾਲ ਪਕੇਰਾ ਹੋ ਗਿਆ।

ਸਮੇਂ ਮੂਜਬ ਅਟਵਾਲ ਜੱਟ ਜਲ ਸੋਮਿਆ ਅਤੇ ਚਰਗਾਹਾਂ ਦੀ ਭਾਲ 'ਚ ਦੋਆਬਾ ਵੱਲ ਆਏ ਸਨ। ਪਹਿਲਾਂ ਉਨ੍ਹਾਂ ਨੇ ਸੰਧਵਾਂ-ਫਰਾਲਾ, ਫਗਵਾੜਾ-ਮਾਹਿਲਪੁਰ ਸੜਕ ਵਿਖੇ ਟਿਕਵਾਂ ਵਸੇਬਾ ਕੀਤਾ। ਮਗਰੋਂ ਉਨ੍ਹਾਂ ਦੀ ਇੱਕ ਪੂਰ ਜਲੰਧਰ ਜ਼ਿਲ੍ਹੇ ਦੇ ਚਿੱਟੀ ਪਿੰਡ ਨੂੰ ਧਾਅ ਗਈ। ਦੂਜੀ, ਪਹਿਲਾਂ ਖੁਰਦਪੁਰ ਲਾਗਲੇ ਧੀਰੋਵਾਲ (ਘੀਰੋਵਾਲ) ਕੋਲ ਆ ਬੈਠੀ, ਪਰ ਉਥੇ ਪੈਰ ਨਾ ਟਿਕਣ ਕਾਰਨ ਉਨ੍ਹਾਂ ਲੋਕਾਂ ਉਸ ਖਾਲੀ ਥਾਂ ਖੁਰਦਪੁਰ ਆ ਬੰਨਿਆ, ਜਿਥੇ ਜਲ-ਸੀਰਾਂ ਆਪ-ਮੁਹਾਰੇ ਫੁੱਟਦੀਆਂ ਸਨ। ਇਸ ਧਿਰ ਦੇ ਆਗੂਆ ਦੇ ਨਾਂ ਹਰੀਆ ਅਤੇ ਭੰਗਾ ਸਨ। ਭੰਗਾ ਬੇਔਲਾਦ ਫੌਤ ਹੋ ਗਿਆ। ਹਰੀਏ ਦੀ ਅਗਲੀ ਪੀੜ੍ਹੀ ਵਿੱਚੋਂ ਹੋਏ ਸੱਤ ਪੁੱਤਰਾਂ ਦੇ ਨਾਂ ਉਤੇ ਇਸ ਖੇੜੇ ਦੀਆਂ ਸੱਤ ਪੱਤੀਆਂ ਬਣੀਆਂ। ਸਿੱਖ ਮਿਸਲਾਂ ਵੇਲੇ ਆਦਮਪੁਰ ਦੇ ਧੜਵੈਲ ਪਠਾਣਾਂ ਕਾਰਨ ਇੱਥੇ ਇੱਕ ਕੱਚੀ ਗੜ੍ਹੀ ਵੀ ਤਾਮੀਰ ਕਰਵਾਈ ਗਈ ਸੀ, ਜਿਹੜੀ ਇਸ ਪਿੰਡ ਦੀ ਉਸ ਵੇਲੇ ਦੀ ਜੰਗੀ ਮਹੱਤਤਾ ਦੱਸਦੀ ਹੈ। ਮਗਰੋਂ ਇਸੇ ਜੁਝਾਰ ਬਿਰਤੀ ਨੇ ਜੰਗ-ਏ-ਆਜ਼ਾਦੀ ਅਤੇ ਹੋਰ ਲਹਿਰਾਂ ਵਿੱਚ ਸਿਰਲੱਥ ਯੋਧਿਆਂ ਨੂੰ ਜਨਮ ਦਿੱਤਾ। ਕੁੱਝ ਇੱਕ ਦਾ ਜ਼ਿਕਰ ਕਰਨ ਦੀ, ਤੁਸੀ ਮੈਨੂੰ ਆਗਿਆ ਦਿਓ:

**1. ਕਾਮਾਗਾਟਾਮਾਰੂ ਕਾਂਡ:** ਬਿਧੀ ਸਿੰਘ, ਊਧਮ ਸਿੰਘ, ਮੇਲਾ ਸਿੰਘ ਅਤੇ ਸਰੂਪ ਸਿੰਘ।

**2. .ਗਦਰ ਪਾਰਟੀ:** ਸ਼ਹੀਦ ਬਲਵੰਤ ਸਿੰਘ, ਸ਼ਹੀਦ ਰੰਗਾ ਸਿੰਘ ਅਤੇ .ਗਦਰੀ ਲਛਮਣ ਸਿੰਘ।

**3. ਗੁਰਦਵਾਰਾ ਸੁਧਾਰ ਲਹਿਰ:** ਭਾਈ ਸੰਤਾ ਸਿੰਘ, ਹਜ਼ਾਰਾ ਸਿੰਘ, ਹਰੀ ਸਿੰਘ, ਬੋਘ ਸਿੰਘ, ਲਾਲ ਸਿੰਘ, ਪਿਰਥੀ ਸਿੰਘ, ਬਾਵਾ ਸਿੰਘ, ਮੋਹਣ ਸਿੰਘ ਅਤੇ ਜਥੇਦਾਰ ਲਛਮਣ ਸਿੰਘ ਤੇ ਪ੍ਰਤਾਪ ਸਿੰਘ, ਭਾਈ ਵਰਿਆਮ ਸਿੰਘ, ਕਰਤਾਰ ਸਿੰਘ, ਦਲੀਪ ਸਿੰਘ, ਪ੍ਰੀਤਮ ਸਿੰਘ, ਖੜਕ ਸਿੰਘ, ਠਾਕੁਰ ਸਿੰਘ, ਅੱਛਰ ਸਿੰਘ, ਦਰਸ਼ਨ ਸਿੰਘ, ਹਜ਼ਾਰਾ ਸਿੰਘ ਅਤੇ ਬੋਧ ਸਿੰਘ।

**4. ਬਾਰਾਂ ਪੱਥਰ:** ਫੌਜਦਾਰ ਪਿਸ਼ੌਰਾ ਸਿੰਘ।

**5. ਬੱਬਰ ਅਕਾਲੀ ਲਹਿਰ:** ਬੱਬਰ ਜੋਗਿੰਦਰ ਸਿੰਘ, ਊਧਮ ਸਿੰਘ ਅਤੇ ਅੱਛਰ ਸਿੰਘ।






*ਸ਼ਹੀਦ ਬਲਵੰਤ ਸਿੰਘ ਖੁਰਦਪੁਰ*

**6. ਆਜ਼ਾਦ ਹਿੰਦ ਫੌਜ:** ਸ਼ਹੀਦ ਜਗਤ ਸਿੰਘ, ਗੁਰਚਰਨ ਸਿੰਘ, ਊਧੋ ਸਿੰਘ, ਹਰਦਿਆਲ ਸਿੰਘ ਤੇ .ਲਛਮਣ।

**7. ਕਮਿਊਨਿਸਟ ਇਨਕਲਾਬੀ:** ਕਾਮਰੇਡ ਚੰਨਣ ਸਿੰਘ ਅਤੇ ਊਧਮ ਸਿੰਘ।

ਇਨ੍ਹਾਂ ਸੂਰਮਿਆਂ ਨੇ ਸੁਤੰਤਰਤਾ ਸੰਗਰਾਮ ਵਿੱਚ ਬੇਹੱਦ ਸੂਹਾ ਹਿੱਸਾ ਪਾਇਆ ਸੀ।

ਉਪਰੋਕਤ ਤੋਂ ਬਿਨਾ ਇਸ ਨਗਰ ਦੇ 5 ਸਪੂਤ ਪੰਜਾਬੀ ਸੂਬਾ ਮੋਰਚੇ ਵਿੱਚ ਅਤੇ ਦੋ ਐਮਰਜੈਂਸੀ ਵੇਲੇ ਜੇਲ੍ਹ ਗਏ। ਇਹੀ ਨਹੀਂ, ਇਸਦੇ ਦਰਜਨ ਭਰ ਹੋਰ ਨਾਇਕਾਂ ਨੇ ਲੋਕਾਂ ਅਤੇ ਆਹਲਾ ਵਤਨ ਹਿੱਤ ਸਮੇਂ-ਸਮੇਂ ਸੰਗਰਾਮੀ ਫਰਜ਼ ਨਿਭਾਇਆ। ਖੁਰਦਪੁਰ ਦੇ ਇਨ੍ਹਾਂ ਸਾਰੇ ਜਾਇਆਂ ਕਾਰਨ ਇਸ ਪਿੰਡ ਨੂੰ 52 ਕੌਮੀ ਪਰਵਾਨਿਆਂ ਦਾ ਗਰਾਂ ਕਿਹਾ ਜਾਂਦਾ ਹੈ।

**ਇੱਕ ਖਾਸ ਗੱਲ ਹੋਰ:** .ਗਦਰੀ ਦੇਸ਼ ਭਗਤਾਂ ਨੇ ਇਸ ਸੋਚ ਅਧੀਨ ਕਿ ਜੇ ਲੋਕ ਖਾਸ ਕਰ ਕੁੜੀਆਂ-ਚਿੜੀਆਂ ਪੜ੍ਹ-ਲਿਖ ਜਾਣਗੀਆਂ ਤਾਂ ਆਜ਼ਾਦੀ ਦੀ ਜੰਗ ਬੇਹੱਦ ਵੇਗ ਫੜੇਗੀ ਅਤੇ ਗੁਲਾਮ ਭਾਰਤ ਦੀ ਜਲਦੀ ਬੰਦ ਖਲਾਸੀ ਹੋਵੇਗੀ, ਇੱਥੇ ਨਿਰੋਲ ਲੜਕੀਆਂ ਦਾ ਸਕੂਲ ਖੋਲ੍ਹਿਆ। ਉਦੋਂ ਪੰਜਾਬ ਵਿੱਚ ਲੜਕੀਆਂ ਦੇ ਚਾਰ ਸਕੂਲ ਖੋਲ੍ਹੇ ਗਏ- ਦੋ ਮਾਲਵੇ ਵਿਚ ਅਤੇ ਦੋ ਦੋਆਬੇ ਵਿੱਚ; ਜਿਨ੍ਹਾਂ ਨੂੰ .ਗਦਰ ਪਾਰਟੀ ਵੱਲੋਂ ਮੁਕੰਮਲ ਮਾਲੀ ਅਤੇ ਨੈਤਿਕ ਮਦਦ ਆਉਂਦੀ ਸੀ। ਵੱਡਾ ਨੰਗਲ, ਬਲਾਕ ਮਾਹਿਲਪੁਰ (ਹੁਸ਼ਿਆਰਪੁਰ) ਅਤੇ ਦੂਜਾ ਇਸੇ ਖੁਰਦਪੁਰ (ਜਲੰਧਰ) ਵਿੱਚ। ਇੱਥੋਂ ਦੇ ਬਾਸ਼ਿੰਦੇ ਪਹਿਲਾਂ ਤੋਂ ਹੀ ਪੜ੍ਹਾਕੂ ਰਹੇ ਹਨ। ਭਲਿਆਂ-ਵੇਲੀ ਗੁਰਮੁਖੀ ਅੱਖਰ ਗਿਆਨ ਨਿਰਮਲਾ ਸਾਧ ਗਿਆਨੀ ਸ਼ਮੀਰ ਸਿੰਘ ਦਿੰਦਾ ਸੀ ਅਤੇ ਉਰਦੂ-ਫਾਰਸੀ ਦੇ ਅੱਖਰ ਉਠਾਲਣੇ ਮੌਲਵੀ ਬਰਕਤ ਉਲਾ ਦੱਸਦਾ ਸੀ, ਜਿਨ੍ਹਾਂ ਦੀ ਬਦੌਲਤ ਕੁੱਝ ਸਰਕਾਰੀ ਕਾਮੇ ਬਣੇ ਅਤੇ ਕੁੱਝ-ਇੱਕ ਵਿਦੇਸ਼ੀ ਉਡਾਰੀ ਮਾਰ ਗਏ। .ਗਦਰੀਆਂ ਦਾ ਸਕੂਲ ਪਹਿਲਾਂ ਭਾਈ ਵਰਿਆਮ ਦੇ ਘਰ ਸ਼ੁਰੂ ਕੀਤਾ ਗਿਆ ਸੀ। ਮਗਰੋਂ ਬੱਬਰ ਲਹਿਰ ਵਾਲੇ ਠਾਕੁਰ ਸਿੰਘ ਭੋਜੋਵਾਲ, ਜਿਹੜਾ ਕਿ ਬੱਬਰਾਂ ਦੇ ਥਿੰਕ-ਟੈਂਕ ਮਾਸਟਰ ਮੋਤਾ ਸਿੰਘ ਪਤਾਰਾ ਦਾ ਨਜ਼ਦੀਕੀ ਸੀ, ਨੇ ਇੱਥੇ ਨਹਿਰ ਨਾਲ ਜੁੜਵੀਂ, ਮੁੱਖ ਸੜਕ ਉਤੇ ਵਾਕਿਆ ਅਲਾਟ ਹੋਈ ਆਪਣੀ ਬੇਹੱਦ ਕੀਮਤੀ ਜ਼ਮੀਨ ਦੇਸ਼ ਭਗਤਾਂ ਦੇ ਨਾਂ ਸਕੂਲ ਖੋਲ੍ਹਣ ਹਿੱਤ ਦੇ ਦਿੱਤੀ, ਜਿੱਥੇ ਅੱਜ ਦਾ .ਗਦਰੀ ਸ਼ਹੀਦ ਰੰਗਾ ਸਿੰਘ-ਬਲਵੰਤ ਸਿੰਘ ਯਾਦਗਰੀ ਵੱਡਾ ਸਕੂਲ ਹੈ।

ਸ਼ਾਇਦ ਬਹੁਤਿਆਂ ਨੂੰ ਨਹੀਂ ਪਤਾ ਕਿ ਸਭ ਤੋਂ ਪਹਿਲਾਂ ਇੱਥੋਂ ਦੀ ਹੀ ਇੱਕ ਬਹੂ ਬੀਬੀ ਕਰਤਾਰ ਕੌਰ ਪਤਨੀ ਭਾਈ ਬਲਵੰਤ ਸਿੰਘ ਆਪਣੀਆਂ ਦੋ ਨਿੱਕੜੀਆਂ ਧੀਆਂ- ਊਧਮ ਕੌਰ ਅਤੇ ਨਿਰੰਜਣ ਕੌਰ ਨਾਲ ਅਤਿ ਜੋਖ਼ਮ ਹਾਲਤਾਂ ਵਿੱਚ ਵੈਨਕੂਵਰ ਪੁੱਜੀਆਂ ਸਨ, ਉਨ੍ਹੀਂ ਵੇਲੀਂ ਜਦ ਹਿੰਦੀਆਂ ਨੂੰ ਆਪਣੇ ਟੱਬਰ ਕੈਨੇਡਾ ਲਿਜਾਣ ਦੀ ਖੁੱਲ੍ਹ ਨਹੀਂ ਸੀ।

## ਵੰਡ '47 ਦੀ...


ਦਾਸ ਵਿੱਚ ਜਾ ਰਿਹਾ ਸੀ ਤਾਂ ਇਸਦਾ ਟਾਕਰਾ ਮੁਸਲਮਾਨਾਂ ਨਾਲ ਹੋ ਗਿਆ, ਜਿਸ ਵਿੱਚ ਲਾਠੀਆਂ ਤੇ ਤੇਜ਼ਧਾਰ ਹਥਿਆਰਾਂ ਦਾ ਖੁੱਲ੍ਹਾ ਇਸਤੇਮਾਲ ਹੋਇਆ। ਪੁਲਿਸ ਨੇ ਮਸਾਂ ਇਨ੍ਹਾਂ ਹਜ਼ੂਮਾਂ ਨੂੰ ਨਿਖੇੜਿਆ। ਡੀ.ਸੀ. ਨੇ 10 ਦਿਨ ਵਾਸਤੇ ਲਾਹੌਰ ਵਿੱਚ ਕਰਫਿਊ ਲਗਾ ਦਿੱਤਾ। ਪੰਜਾਬ ਵਿੱਚ ਗਵਰਨਰੀ ਰਾਜ ਸੀ, ਸੋ 5 ਮਾਰਚ ਨੂੰ ਗਵਰਨਰ ਸਰ ਜੈਨਕਿਨਜ਼ ਨੇ ਸੂਬੇ ਵਿੱਚ ਦਫਾ 93 ਤਹਿਤ ਜਲੂਸ-ਜਲਸਿਆਂ 'ਤੇ ਕਈ ਪਾਬੰਦੀਆਂ ਲਾ ਦਿੱਤੀਆਂ।

ਮੁਸਲਮਾਨਾਂ ਨੇ ਕਿਹਾ ਕਿ ਮੁਸਲਿਮ ਲੀਗ ਕੋਲ ਬਹੁਮਤ ਹੁੰਦਿਆਂ ਗਵਰਨਰ, ਹਿੰਦੂ-ਸਿੱਖਾਂ ਦੇ ਰੋਸ ਤੋਂ ਡਰਦਾ ਲੀਗ ਨੂੰ ਵਜ਼ਾਰਤ ਬਣਾਉਣ ਦਾ ਸੱਦਾ ਨਹੀਂ ਦੇ ਰਿਹਾ। ਇਸਦੇ ਬਦਲੇ ਵਿੱਚ ਉਨ੍ਹਾਂ ਨੇ ਰਾਵਲਪਿੰਡੀ ਜ਼ਿਲ੍ਹੇ ਵਿੱਚ ਹਿੰਦੂ-ਸਿੱਖਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਇਸ ਹਿੰਸਾ ਦੇ ਖਿਲਾਫ ਸਰਕਾਰ ਨੂੰ ਫੌਜ ਦੀ ਵੀ ਵਰਤੋਂ ਕਰਨੀ ਪਈ। ਇਸ ਵਿੱਚ 18 ਹਜ਼ਾਰ ਹਿੰਦੁਸਤਾਨੀ ਤੇ 2 ਹਜ਼ਾਰ ਅੰਗਰੇਜ਼ੀ ਫੌਜੀਆਂ ਨੇ ਹਿੱਸਾ ਲਿਆ। 2 ਸਕੂਐਰਡਿਨ ਹਵਾਈ ਜਹਾਜ਼ਾਂ ਦੇ ਵਰਤੇ ਗਏ, ਜਿਨ੍ਹਾਂ ਵਿੱਚੋਂ ਬੰਬ ਵੀ ਸੁੱਟੇ ਗਏ। 19 ਮਾਰਚ ਨੂੰ ਗਵਰਨਰ ਪੰਜਾਬ ਨੇ ਸਾਰੇ ਸੂਬੇ ਨੂੰ ਡਿਸਟਰਬਰਡ ਏਰੀਆ ਕਰਾਰ ਦੇ ਕੇ ਪਬਲਿਕ ਸੇਫਟੀ ਐਕਟ ਤਹਿਤ ਪੁਲਿਸ ਨੂੰ ਵਧੇਰੇ ਅਖਤਿਆਰ ਦੇ ਦਿੱਤੇ। 17 ਮਾਰਚ ਨੂੰ ਪੰਡਤ ਨਹਿਰੂ ਨੇ ਰਾਵਲਪਿੰਡੀ ਜ਼ਿਲ੍ਹੇ ਦਾ ਦੌਰਾ ਕੀਤਾ। ਵਾਇਸਰਾਏ ਨੇ ਇਸ ਇਲਾਕੇ ਦੇ ਦੌਰੇ ਤੋਂ ਬਾਅਦ ਬਰਤਾਨਵੀ ਸਰਕਾਰ ਨੂੰ ਰਿਪੋਰਟ ਭੇਜਦਿਆਂ ਲਿਖਿਆ ਕਿ ਇਉਂ ਜਾਪਦਾ ਹੈ, ਜਿਵੇਂ ਹਵਾਈ ਬੰਬ-ਬਾਰੀ ਨਾਲ ਜਾਨ-ਮਾਲ ਦੀ ਤਬਾਹੀ ਹੋਈ ਹੋਵੇ। ਪਿੰਡਾਂ ਦੇ ਪਿੰਡ ਵਿੱਚ ਹੀ ਸੌ ਫੀਸਦੀ ਹਿੰਦੂ-ਸਿੱਖ ਅਬਾਦੀ ਮਾਰੀ ਗਈ।

### ਨਵਾਂ ਵਾਇਸਰਾਏ ਹਿੰਦੁਸਤਾਨ ਆਇਆ

ਬਰਤਾਨਵੀ ਸਰਕਾਰ ਨੇ ਲਾਰਡ ਵੇਵਲ ਦੀ ਥਾਂ 'ਤੇ ਲਾਰਡ ਮਾਊਂਟਬੈਟਨ ਨੂੰ ਭਾਰਤ ਦਾ ਵਾਇਸਰਾਏ ਨਿਯੁਕਤ ਕਰ ਦਿੱਤਾ ਅਤੇ ਕਿਹਾ ਕਿ ਮਿਸਟਰ ਵੇਵਲ ਨੇ ਬਹੁਤ ਵਧੀਆ ਕਾਰਗੁਜ਼ਾਰੀ ਦਿਖਾਈ ਹੈ, ਪਰ ਉਹ ਭਾਰਤ ਦੀਆਂ ਦੋਹਾਂ ਧਿਰਾਂ ਵਿੱਚ ਸਮਝੌਤਾ ਕਰਵਾਉਣ ਲਈ ਅਸਫਲ ਰਿਹਾ ਹੈ। ਭਾਵੇਂ ਇਹ ਗੱਲ ਕਿਸੇ ਇਤਿਹਾਸ ਦੀ ਕਿਤਾਬ ਵਿੱਚ ਲਿਖੀ ਤਾਂ ਨਹੀਂ ਮਿਲਦੀ, ਪਰ ਕਿਸੇ ਸਮਝੌਤੇ ਤੋਂ ਬਿਨਾ ਅੰਗਰੇਜ਼ਾਂ ਵੱਲੋਂ ਹਿੰਦੁਸਤਾਨ ਨੂੰ ਛੱਡ ਕੇ ਚਲੇ ਜਾਣ ਨੇ ਕਾਂਗਰਸ ਨੂੰ ਜ਼ਰੂਰ ਡਰਾਇਆ ਹੋਵੇਗਾ। ਹਿੰਦੁਸਤਾਨੀ ਫੌਜ ਵਿੱਚ ਮੁਸਲਮਾਨਾਂ ਦੀ ਨਫਰੀ ਵੱਡੀ ਗਿਣਤੀ ਵਿੱਚ ਸੀ। 1940 ਵਿੱਚ ਛਿੜੀ ਸੰਸਾਰ ਜੰਗ ਮੌਕੇ ਕਾਂਗਰਸ ਦੇ ਕਹਿਣ 'ਤੇ ਹਿੰਦੂ ਫੌਜ ਵਿੱਚ ਭਰਤੀ ਨਹੀਂ ਸੀ ਹੋਏ; ਜਦਕਿ ਸਿੱਖ ਅਤੇ ਮੁਸਲਮਾਨ ਗੱਜ-ਵੱਜ ਕੇ ਭਰਤੀ ਹੋਏ ਸਨ। ਫਿਰ ਵੀ ਸਿੱਖਾਂ ਨਾਲੋਂ ਮੁਸਲਮਾਨਾਂ ਦੀ, ਖਾਸ ਕਰਕੇ ਪਠਾਣਾਂ ਦੀ ਭਰਤੀ ਕਿਤੇ ਵੱਧ ਸੀ। ਇਹੀ ਸਮਾਂ ਸੀ ਜਦੋਂ ਹਿੰਦੁਸਤਾਨੀ ਫੌਜ ਦਾ ਆਕਾਰ ਇਕਦਮ ਵਧਿਆ ਸੀ। ਮਾਰਚ 1947 ਤਕ ਹਿੰਦੂ ਅਤੇ ਸਿੱਖ ਵਸੋਂ ਮੁਸਲਮਾਨਾਂ ਦੀ ਮਾਰਕਾਟ ਵਾਲੀ ਨੀਤੀ ਤੋਂ ਅੱਕੀ ਅਤੇ ਡਰੀ ਬੈਠੀ ਸੀ। ਜੇ ਅੰਗਰੇਜ਼ ਮੁਲਕ ਨੂੰ ਇਵੇਂ ਹੀ ਛੱਡਕੇ ਚਲੇ ਜਾਂਦੇ ਤਾਂ ਵੱਡੀ ਮੁਸਲਮਾਨ ਫੌਜ ਦੇ ਹੁੰਦਿਆਂ ਮੁਲਕ ਵਿੱਚ ਖਾਨਾਜੰਗੀ ਛਿੜਨ ਨਾਲ ਜੋ ਤਸਵੀਰ ਕਲਪੀ ਜਾ ਸਕਦੀ ਸੀ, ਉਸ ਦਾ ਲੱਖਣ ਕਾਂਗਰਸੀ ਆਗੂਆਂ ਨੇ ਜ਼ਰੂਰ ਲਾ ਲਿਆ ਹੋਵੇਗਾ। ਕਿਉਂਕਿ ਮਿਸਟਰ ਜਿਨਾਹ ਖੁੱਲ੍ਹੇਆਮ ਕਹਿੰਦਾ ਸੀ, 'ਜਾਂ ਮੁਲਕ ਦਾ ਵੰਡਾਰਾ ਕਰਾਂਗੇ ਜਾਂ ਸਾਰਾ ਤਬਾਹ ਕਰਾਂਗੇ।' ਇਹ ਗੱਲਾਂ ਸੋਚ ਕੇ ਜਾਂ ਕੁਝ ਹੋਰ ਸੋਚ ਕੇ ਨਹਿਰੂ ਅਤੇ ਪਟੇਲ ਵਰਗੇ ਅਪ੍ਰੈਲ 1947 ਤਕ ਚਿੱਤ ਵਿੱਚ ਵੰਡ ਨੂੰ ਸਵੀਕਾਰ ਕਰ ਚੁੱਕੇ ਸਨ। ਉਨ੍ਹਾਂ ਦਾ ਮਨ ਟੋਹ ਕੇ ਹੀ ਵਾਇਸਰਾਏ ਮਾਊਂਟਬੈਟਨ ਨੇ ਵੰਡ ਦੀ ਤਜਵੀਜ਼ ਉਤੇ ਕੰਮ ਆਰੰਭ ਕਰ ਦਿੱਤਾ। ਪੋਠੋਹਾਰ (ਜ਼ਿਲ੍ਹਾ ਰਾਵਲਪਿੰਡੀ) ਵਿੱਚ ਸਿੱਖਾਂ ਅਤੇ ਹਿੰਦੂਆਂ ਦੇ ਕਤਲੇਆਮ ਨੇ ਆਗੂਆਂ ਦੇ ਮਨਾਂ 'ਤੇ ਇਸ ਕਦਰ ਸੱਟ ਮਾਰੀ ਕਿ ਪੰਜਾਬ ਵਿਧਾਨ ਸਭਾ ਦੇ ਹਿੰਦੂ-ਸਿੱਖ ਮੈਂਬਰਾਂ ਨੇ ਨਹਿਰੂ ਨੂੰ ਲਿਖਿਆ ਕਿ ਸਾਡੇ ਵੱਲੋਂ ਪੰਜਾਬ ਦੇ ਵੰਡਾਰੇ ਦੀ ਮੰਗ ਨੂੰ ਵਾਇਸਰਾਏ ਤਕ ਪਹੁੰਚਾ ਦੇਵੋ। 8 ਅਪ੍ਰੈਲ ਨੂੰ ਇਸਦੇ ਹੱਕ ਵਿੱਚ ਬਾਕਾਇਦਾ ਮਤਾ ਪਾਸ ਕਰ ਦਿੱਤਾ। 18 ਅਪ੍ਰੈਲ ਨੂੰ ਮਾਸਟਰ ਤਾਰਾ ਸਿੰਘ ਤੇ ਸ. ਬਲਦੇਵ ਸਿੰਘ ਨੇ ਵਾਇਸਰਾਏ ਕੋਲ ਵੀ ਇਹੋ ਮੰਗ ਰੱਖੀ। ਪੰਜਾਬ ਦੇ ਵੰਡਾਰੇ ਦੀ ਮੰਗ ਸਿੱਖਾਂ ਤੇ ਕਾਂਗਰਸ ਵੱਲੋਂ ਕਰਨ ਕਰਕੇ ਮੁਲਕ ਦੇ ਵੰਡਾਰੇ ਦਾ ਅੜਿੱਕਾ ਕਾਫੀ ਹੱਦ ਤਕ ਹੱਲ ਹੋ ਗਿਆ ਸੀ। ਇਸ ਨਾਲ ਦੇਸ਼ ਦੇ ਵੰਡਾਰੇ ਦੀ ਸੂਰਤ ਵਿੱਚ ਪੰਜਾਬ ਦਾ ਹਿੰਦੂ ਸਿੱਖ ਬਹੁਗਿਣਤੀ ਵਾਲਾ ਹਿੱਸਾ ਹਿੰਦੁਸਤਾਨ ਵਾਲੇ ਪਾਸੇ ਰਹਿ ਜਾਣਾ ਸੀ। ਅਣਵੰਡੇ ਪੰਜਾਬ ਵਿੱਚ ਮੁਸਲਮਾਨ ਬਹੁਗਿਣਤੀ ਕਰਕੇ ਇਹ ਪਾਕਿਸਤਾਨ ਵਾਲੇ ਪਾਸੇ ਜਾਣਾ ਸੀ, ਜਿਸ ਤੋਂ ਤ੍ਰਬਕ ਕੇ ਪੰਜਾਬ ਦੇ ਹਿੰਦੂ-ਸਿੱਖ ਪਾਕਿਸਤਾਨ ਦੀ ਵਿਰੋਧਤਾ ਕਰਦੇ ਸਨ। ਇਸੇ ਤਰ੍ਹਾਂ ਦਾ ਡਰ ਹਿੰਦੂ ਬਹੁਗਿਣਤੀ ਵਾਲੇ ਪੱਛਮੀ ਬੰਗਾਲ ਦੇ ਹਿੰਦੂਆਂ ਨੂੰ ਸੀ, ਕਿਉਂਕਿ ਅਣਵੰਡੇ ਬੰਗਾਲ ਵਿੱਚ ਵੀ ਮੁਸਲਮਾਨ ਬਹੁਗਿਣਤੀ ਸੀ, ਜਿਸ ਕਰਕੇ ਉਸਨੇ ਵੀ ਪਾਕਿਸਤਾਨ ਵਿੱਚ ਜਾਣਾ ਸੀ। ਦੋਹਾਂ ਸੂਬਿਆਂ ਦੀ ਵੰਡ ਵਾਲੀ ਜੁਗਤ ਨੇ ਵੀ ਕਾਂਗਰਸੀਆਂ ਨੂੰ ਕਾਫੀ ਹੱਦ ਤਕ ਸੰਤੁਸ਼ਟ ਕੀਤਾ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*



2 ਦਸੰਬਰ 1946 ਨੂੰ ਹੀਥਰੋ ਏਅਰਪੋਰਟ ਲੰਡਨ ਵਿੱਚ ਪੁੱਜੇ ਮਿਸਟਰ ਜਿਨਾਹ, ਪੰਡਤ ਨਹਿਰੂ ਅਤੇ ਬਲਦੇਵ ਸਿੰਘ ਬਰਤਾਨਵੀ ਨੁਮਾਇੰਦਿਆਂ ਨਾਲ

## ਅੱਠ ਰੁਪਏ ਮਿਲਣ ਦੀ ਖ਼ੁਸ਼ੀ

ਮੈਂ ਉਦੋਂ ਦੀ ਗੱਲ ਕਰ ਰਿਹਾਂ, ਜਦੋਂ ਹਿੰਦ-ਪਾਕਿ ਦੀ ਲੜਾਈ ਸੰਨ 1965 'ਚ ਲੱਗੀ ਸੀ। ਮੈਂ ਦੂਜੀ ਕਲਾਸ 'ਚ ਪੜ੍ਹਦਾ ਸੀ। ਟੈਂਕਾਂ ਤੇ ਤੋਪਾਂ ਚਲ ਰਹੀਆਂ ਸਨ ਅਤੇ ਬੰਬਾਰੀ ਹੋ ਰਹੀ ਸੀ। ਅਸੀਂ ਸਮਝ ਨਹੀਂ ਪਾ ਰਹੇ ਸੀ ਕਿ ਇਹ ਕੀ ਹੋ ਰਿਹਾ ਹੈ! ਸਕੂਲ ਦੀ ਗਰਾਊਂਡ ਦੇ ਬਾਹਰ ਮੋਰਚੇ ਪੁੱਟੇ ਹੋਏ ਸਨ। ਮਾਸਟਰ ਜੀ ਨੇ ਸਾਰੇ ਬੱਚਿਆਂ ਨੂੰ ਇਕੱਠਿਆਂ ਕਰ ਕੇ ਦੱਸਿਆ ਕੇ ਹਿੰਦ-ਪਾਕਿ ਦੀ ਲੜਾਈ ਲੱਗੀ ਹੈ। ਜਦੋਂ ਘੰਟੀ ਵੱਜੇ, ਤੁਸੀਂ ਕੰਨਾਂ ਵਿੱਚ ਰੂੰ ਪਾ ਕੇ ਮੋਰਚੇ ਵਿੱਚ ਵੜ ਜਾਣਾ ਹੈ ਤੇ ਮੂਧੇ ਭਰਨੇ ਲੇਟ ਜਾਣਾ ਹੈ ਤਾਂ ਜੋ ਦੁਸ਼ਮਣ ਦੇ ਹਮਲੇ ਤੋਂ ਬਚਿਆ ਜਾ ਸਕੇ। ਜਦੋਂ ਮੁੜ ਘੰਟੀ ਵੱਜੇ, ਕਲਾਸਾਂ 'ਚ ਆ ਜਾਣਾ ਹੈ।

ਜਿਸ ਦਿਨ ਜੰਗਬੰਦੀ ਹੋਈ, ਅਸੀਂ ਸਾਰਾ ਟੱਬਰ ਕੋਠੇ 'ਤੇ ਪਰਾਲ਼ੀ ਵਿਛਾ ਕੇ ਬੈਠੇ ਰਹੇ ਤੇ ਸਾਰੀ ਰਾਤ ਖ਼ੌਫ਼ 'ਚ ਕੱਢੀ। ਸਵੇਰੇ ਪਤਾ ਲੱਗਾ ਕਿ ਹਿੰਦ ਦੀ ਪਾਕਿ 'ਤੇ ਜਿੱਤ ਹੋ ਗਈ ਹੈ। ਛੱਪੜ ਕੰਢੇ ਜੰਗਲ-ਪਾਣੀ ਗਏ ਨੂੰ ਮੈਨੂੰ ਇੱਕ ਇੱਕ ਰੁਪਏ ਦੇ ਅੱਠ ਖੜਕਦੇ ਹੋਏ ਨੋਟ ਲੱਭੇ, ਜੋ ਘਰ ਆ ਕੇ ਮੈਂ ਭਾਪਾ ਜੀ ਨੂੰ ਫੜਾ ਦਿੱਤੇ। ਭਾਪਾ ਜੀ ਜੋ ਹਿਕਮਤ ਦਾ ਕੰਮ ਕਰਦੇ ਸੀ, ਸਮਝ ਗਏ ਕਿ ਜਿਸ ਦੇ ਵੀ ਪੈਸੇ ਗੁਵਾਚੇ ਹਨ, ਉਹ ਜ਼ਰੂਰ ਇਨ੍ਹਾਂ ਦੀ ਭਾਲ ਕਰ ਰਿਹਾ ਹੋਵੇਗਾ। ਭਾਪਾ ਜੀ ਬਾਹਰ ਥੜ੍ਹੇ 'ਤੇ ਬੈਠ ਗਏ, ਜਿੱਥੋਂ ਲੋਕਾਂ ਦਾ ਅਕਸਰ ਆਉਣਾ-ਜਾਣਾ ਰਹਿੰਦਾ ਸੀ। ਪਿੰਡ ਦਾ ਚੈਚਲ ਸਿੰਘ, ਜੋ ਝੋਨੇ ਦੀ ਜਿਨਸ ਵੇਚ ਮੰਡੀ ਵਿੱਚੋਂ ਆਇਆ ਸੀ, ਉਸ ਦੇ ਅੱਠ ਰੁਪਏ ਛੱਪੜ ਕੰਢੇ ਜੰਗਲ-ਪਾਣੀ ਕਰਦੇ ਸਮੇਂ ਡਿੱਗ ਪਏ ਸਨ। ਉਹ ਘਬਰਾਇਆ ਹੋਇਆ ਥੜ੍ਹੇ ਦੇ ਆਲੇ-ਦੁਆਲੇ ਗੇੜੇ ਲਾ ਰਿਹਾ ਸੀ। ਭਾਪਾ ਜੀ ਨੂੰ ਸਮਝਣ ਵਿੱਚ ਜ਼ਰਾ ਵੀ ਦੇਰ ਨਾ ਲੱਗੀ ਕਿ ਇਹ ਪੈਸੇ ਚੈਚਲ ਸਿੰਘ ਦੇ ਹੀ ਹਨ। ਭਾਪਾ ਜੀ ਨੇ ਪੁੱਛਿਆ, 'ਚੈਚਲ ਸਿੰਆਂ ਕਿਉਂ ਘਬਰਾਇਆ ਹੈਂ?' 'ਬਾਬਾ ਜੀ, ਮੇਰੇ ਅੱਠ ਰੁਪੇ ਡਿੱਗ ਪਏ ਹਨ, ਘਰ ਵਾਲੀ ਨੇ ਦਰਵਾਜ਼ਾ ਬੰਦ ਕਰ ਦਿੱਤਾ ਹੈ ਕਿ ਰੁਪੇ ਲੈ ਕੇ ਆਵੇਂਗਾ, ਫਿਰ ਦਰਵਾਜ਼ਾ ਖੋਲ੍ਹਾਂਗੀ।' ਭਾਪਾ ਜੀ ਨੇ ਚੈਚਲ ਸਿੰਘ ਨੂੰ ਕਿਹਾ ਕਿ ਘਬਰਾ ਨਾ ਮੇਰੇ ਮੁੰਡੇ ਨੂੰ ਪੈਸੇ ਮਿਲੇ ਹਨ। ਭਾਪਾ ਜੀ ਨੇ ਉਸ ਨੂੰ ਅੱਠ ਰੁਪਏ ਦੇ ਦਿੱਤੇ, ਜਿਸ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਹਿੰਦ ਦੀ ਪਾਕਿ 'ਤੇ ਜਿੱਤ ਦੀ ਖ਼ੁਸ਼ੀ ਤਾਂ ਸੀ, ਉਸ ਤੋਂ ਵੱਧ ਖ਼ੁਸ਼ੀ ਚੈਚਲ ਸਿੰਘ ਕਿਸਾਨ ਨੂੰ ਅੱਠ ਰੁਪਏ ਮਿਲਣ ਦੀ ਹੋਈ ਸੀ।

*-ਗੁਰਮੀਤ ਸਿੰਘ ਵੇਰਕਾ*
*ਫੋਨ: +91-9878600221*

# ਬੰਗਲਾਦੇਸ਼ ਦੀ ਸਥਾਪਨਾ ਤੇ ਪੁਰਾਤੱਵਵ ਸ਼ਿਲਾਲੇਖਾਂ ਦਾ ਇਤਿਹਾਸ

## ਜਾਣਕਾਰੀ


**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**




ਇੱਕ ਸੱਭਿਅਕ ਰਾਸ਼ਟਰ ਵਜੋਂ ਬੰਗਲਾਦੇਸ਼ ਦਾ ਇਤਿਹਾਸ ਚਾਰ ਹਜ਼ਾਰ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਚੱਲਕੌਲੀਥਿਕ ਤੱਕ ਜਾਂਦਾ ਹੈ। ਦੇਸ ਦੇ ਸ਼ੁਰੂਆਤੀ ਰਿਕਾਰਡ ਕੀਤੇ ਇਤਿਹਾਸ ਨੂੰ ਹਿੰਦੂ ਤੇ ਬੋਧੀ ਰਾਜਾਂ ਅਤੇ ਸਾਮਰਾਜਾਂ ਦੇ ਉੱਤਰਾਧਿਕਾਰੀ ਦੁਆਰਾ ਦਰਸਾਇਆ ਗਿਆ ਹੈ, ਜੋ ਬੰਗਾਲ ਖੇਤਰ ਦੇ ਨਿਯੰਤਰਣ ਲਈ ਲੜੇ ਸਨ। ਇਸਲਾਮ ਅੱਠਵੀਂ ਸਦੀ ਈਸਵੀ ਦੌਰਾਨ ਆਇਆ ਅਤੇ 13ਵੀਂ ਸਦੀ ਦੇ ਸ਼ੁਰੂ ਤੋਂ ਬਖਤਿਆਰ ਖਲਜੀ ਦੀ ਅਗਵਾਈ ਵਿੱਚ ਜਿੱਤਾਂ ਦੇ ਨਾਲ-ਨਾਲ ਇਸ ਖੇਤਰ ਵਿੱਚ ਸ਼ਾਹ ਜਲਾਲ ਵਰਗੇ ਸੁੰਨੀ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਨਾਲ ਹੌਲੀ-ਹੌਲੀ ਭਾਰੂ ਹੋ ਗਿਆ।

ਬਾਅਦ ਵਿੱਚ ਮੁਸਲਮਾਨ ਸ਼ਾਸਕਾਂ ਨੇ ਮਸਜਿਦਾਂ ਬਣਾ ਕੇ ਇਸਲਾਮ ਦਾ ਪ੍ਰਚਾਰ ਸ਼ੁਰੂ ਕੀਤਾ। 14ਵੀਂ ਸਦੀ ਤੋਂ ਬਾਅਦ ਇਸ 'ਤੇ ਬੰਗਾਲ ਸਲਤਨਤ ਦਾ ਰਾਜ ਸੀ, ਜਿਸਦੀ ਸਥਾਪਨਾ ਫਖਰੂਦੀਨ ਮੁਬਾਰਕ ਸ਼ਾਹ ਦੁਆਰਾ ਕੀਤੀ ਗਈ ਸੀ। ਉਸ ਨੇ ਆਪਣੇ ਨਾਮ ਦੇ ਨਾਲ ਇੱਕ ਵਿਅਕਤੀਗਤ ਮੁਦਰਾ ਤਿਆਰ ਕੀਤੀ ਸੀ। ਉਸਨੇ ਪਹਿਲੀ ਵਾਰ ਚਟਗਾਂਵ ਨੂੰ ਜਿੱਤ ਲਿਆ ਅਤੇ ਬੰਗਾਲ ਸਲਤਨਤ ਨਾਲ ਮਿਲਾਇਆ। ਉਸਨੇ ਪਹਿਲੀ ਵਾਰ ਚਾਂਦਪੁਰ ਤੋਂ ਚਟਗਾਂਵ ਤੱਕ ਹਾਈਵੇ ਦਾ ਨਿਰਮਾਣ ਕੀਤਾ। ਬੰਗਾਲ ਸਲਤਨਤ ਨੂੰ ਬਾਦਸ਼ਾਹ ਸ਼ਮਸੁਦੀਨ ਇਲਿਆਸ ਸ਼ਾਹ ਦੁਆਰਾ ਵਧਾਇਆ ਗਿਆ ਸੀ, ਜਿਸ ਨਾਲ ਦੇਸ਼ ਦੀ ਆਰਥਿਕ ਖੁਸ਼ਹਾਲੀ ਅਤੇ ਖੇਤਰੀ ਸਾਮਰਾਜਾਂ ਉੱਤੇ ਫੌਜੀ ਦਬਦਬੇ ਦੀ ਸ਼ੁਰੂਆਤ ਹੋਈ ਸੀ, ਜਿਸ ਨੂੰ ਯੂਰਪੀਅਨ ਲੋਕਾਂ ਦੁਆਰਾ ਵਪਾਰ ਕਰਨ ਲਈ



ਸਭ ਤੋਂ ਅਮੀਰ ਦੇਸ਼ ਕਿਹਾ ਜਾਂਦਾ ਸੀ। ਬਾਅਦ ਵਿੱਚ ਇਹ ਖੇਤਰ ਮੁਗਲ ਸਾਮਰਾਜ ਦੇ ਅਧੀਨ ਆ ਗਿਆ।

1700 ਦੇ ਅਰੰਭ ਵਿੱਚ ਮੁਗਲ ਸਾਮਰਾਜ ਦੇ ਪਤਨ ਤੋਂ ਬਾਅਦ ਬੰਗਾਲ, ਬੰਗਾਲ ਦੇ ਨਵਾਬ ਸਿਰਾਜ ਉਦ-ਦੌਲਾ ਦੀ ਅਗਵਾਈ ਵਿੱਚ ਇੱਕ ਅਰਧ-ਸੁਤੰਤਰ ਰਾਜ ਬਣ ਗਿਆ, ਪਰ ਇਸ ਨੂੰ 1757 ਦੀ ਪਲਾਸੀ ਦੀ ਲੜਾਈ ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੁਆਰਾ ਜਿੱਤ ਲਿਆ ਗਿਆ ਸੀ। ਬੰਗਾਲ ਨੇ ਬ੍ਰਿਟੇਨ ਦੀ ਉਦਯੋਗਿਕ ਕ੍ਰਾਂਤੀ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾਇਆ।

ਆਧੁਨਿਕ ਬੰਗਲਾਦੇਸ਼ ਦੀਆਂ ਸਰਹੱਦਾਂ ਅਗਸਤ 1947 ਵਿੱਚ ਭਾਰਤ ਦੀ ਵੰਡ ਦੌਰਾਨ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਬੰਗਾਲ ਦੇ ਵੱਖ ਹੋਣ ਦੇ ਨਾਲ ਸਥਾਪਿਤ ਕੀਤੀਆਂ ਗਈਆਂ ਸਨ, ਜਦੋਂ ਬ੍ਰਿਟਿਸ਼ ਸ਼ਾਸਨ ਤੋਂ ਬਾਅਦ ਇਹ ਖੇਤਰ ਪੂਰਬੀ ਪਾਕਿਸਤਾਨ ਦੇ ਨਵੇਂ ਬਣੇ ਰਾਜ ਪਾਕਿਸਤਾਨ ਦੇ ਇੱਕ ਹਿੱਸੇ ਵਜੋਂ ਬਣ ਗਿਆ ਸੀ। 1971 ਵਿੱਚ ਸ਼ੇਖ ਮੁਜੀਬੁਰ ਰਹਿਮਾਨ ਦੁਆਰਾ ਬੰਗਲਾਦੇਸ਼ ਦੀ ਆਜ਼ਾਦੀ ਦਾ ਐਲਾਨ ਕੀਤਾ ਗਿਆ ਸੀ, ਜੋ ਕਿ ਪੂਰਬੀ ਪਾਕਿਸਤਾਨ ਦੇ ਪੀਪਲਜ਼ ਰੀਪਬਲਿਕ ਆਫ਼ ਬੰਗਲਾਦੇਸ਼ ਦੇ ਰੂਪ ਵਿੱਚ ਉਭਰਨ ਨਾਲ ਸਮਾਪਤ ਹੋਇਆ।

**ਪ੍ਰਾਚੀਨ ਕਾਲ:** ਨਰਸਿੰਗੜੀ ਵਿੱਚ ਵਾਰੀ-ਬਟੇਸ਼ਵਰ ਦੇ ਖੰਡਰ ਤਾਂਬੇ ਯੁੱਗ ਦੇ ਮੰਨੇ ਜਾਂਦੇ ਹਨ। ਪ੍ਰਾਚੀਨ ਬੰਗਾਲ ਵਿੱਚ ਮਹਾਸਥਾਨਗੜ੍ਹ ਦੇ ਸਥਾਨ ਤੋਂ ਇੱਕ ਪ੍ਰਾਚੀਨ ਸ਼ਿਲਾਲੇਖ ਬਾਰੇ ਆਕਸਫੋਰਡ ਹਿਸਟਰੀ ਆਫ਼ ਇੰਡੀਆ ਵਿੱਚ ਇੱਕ ਵਿਦਵਾਨ ਸਪੱਸ਼ਟ ਤੌਰ 'ਤੇ ਦਾਅਵਾ ਕਰਦਾ ਹੈ ਕਿ ਤੀਜੀ ਸਦੀ ਈਸਾ ਪੂਰਵ ਤੋਂ ਪਹਿਲਾਂ ਬੰਗਾਲ ਬਾਰੇ ਕੋਈ ਨਿਸ਼ਚਿਤ ਜਾਣਕਾਰੀ ਨਹੀਂ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਮਨੁੱਖ ਕਈ ਸਦੀਆਂ ਪਹਿਲਾਂ ਚੀਨ ਤੋਂ ਬੰਗਾਲ ਵਿੱਚ ਦਾਖਲ ਹੋਏ ਸਨ। ਦਸ ਹਜ਼ਾਰ ਸਾਲ ਪਹਿਲਾਂ ਇੱਕ ਵੱਖਰਾ ਖੇਤਰੀ ਸੱਭਿਆਚਾਰ ਉਭਰਿਆ ਸੀ। ਨਿਓਲਿਥਿਕ ਅਤੇ ਚੈਲਕੋਲਿਥਿਕ ਯੁੱਗਾਂ ਦੌਰਾਨ ਮਨੁੱਖੀ ਮੌਜੂਦਗੀ ਦੇ ਬਹੁਤ ਘੱਟ ਸਬੂਤ ਹਨ। ਇਹ ਦਰਿਆਵਾਂ ਦੇ ਰਾਹਾਂ ਵਿੱਚ ਤਬਦੀਲੀਆਂ ਕਾਰਨ ਹੋ ਸਕਦਾ ਹੈ। ਬੰਗਾਲੀ ਜਲਵਾਯੂ ਅਤੇ ਭੂਗੋਲ ਠੋਸ ਪੁਰਾਤੱਤਵ ਅਵਸ਼ੇਸ਼ਾਂ ਲਈ ਢੁਕਵਾਂ ਨਹੀਂ ਹੈ। ਪੱਥਰਾਂ ਦੀ ਘਾਟ ਕਾਰਨ ਬੰਗਾਲ ਵਿੱਚ ਮੁਢਲੇ ਮਨੁੱਖ ਸ਼ਾਇਦ ਲੱਕੜ ਅਤੇ ਬਾਂਸ ਵਰਗੀਆਂ ਸਮੱਗਰੀਆਂ ਦੀ ਵਰਤੋਂ ਕਰਦੇ ਸਨ, ਜੋ ਵਾਤਾਵਰਨ ਵਿੱਚ ਬਚ ਨਹੀਂ ਸਕਦੇ ਸਨ। ਦੱਖਣੀ ਏਸ਼ੀਆਈ ਪੁਰਾਤੱਤਵ ਵਿਗਿਆਨੀਆਂ ਨੇ ਉਪ-ਮਹਾਂਦੀਪ ਦੇ ਹੋਰ ਹਿੱਸਿਆਂ 'ਤੇ ਧਿਆਨ ਕੇਂਦਰਿਤ ਕੀਤਾ ਹੈ। ਬੰਗਾਲ ਵਿੱਚ ਦਿਲਚਸਪੀ ਰੱਖਣ ਵਾਲੇ ਪੁਰਾਤੱਤਵ-ਵਿਗਿਆਨੀਆਂ ਨੇ ਇਤਿਹਾਸ ਉੱਤੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ।

ਪੁਰਾਤੱਤਵ ਖੋਜਾਂ ਲਗਭਗ ਪੂਰੀ ਤਰ੍ਹਾਂ ਬੰਗਾਲ ਡੈਲਟਾ ਦੇ ਆਲੇ-ਦੁਆਲੇ ਦੀਆਂ ਪਹਾੜੀਆਂ ਤੋਂ ਕੀਤੀਆਂ ਜਾ ਰਹੀਆਂ ਹਨ। ਲਾਲਮਈ, ਸੀਤਾਕੁੰਡ ਅਤੇ ਚਕਲਾਪੁੰਜੀ ਵਿੱਚ ਜੈਵਿਕ-ਲੱਕੜ ਬਣਾਉਣ ਵਾਲੇ ਬਲੇਡਾਂ, ਖੁਰਚਿਆਂ ਅਤੇ ਕੁਹਾੜਿਆਂ ਦੇ ਉਦਯੋਗਾਂ ਦੀ ਖੋਜ ਕੀਤੀ ਗਈ ਹੈ। ਬਰਮਾ ਅਤੇ ਪੱਛਮੀ ਬੰਗਾਲ ਵੱਡੇ ਪੱਥਰ, ਜਿਨ੍ਹਾਂ ਨੂੰ ਪੂਰਵ-ਇਤਿਹਾਸਕ ਮੰਨਿਆ ਜਾਂਦਾ ਹੈ, ਦਾ ਨਿਰਮਾਣ ਉੱਤਰ ਪੂਰਬੀ ਬੰਗਲਾਦੇਸ਼ ਵਿੱਚ ਕੀਤਾ ਗਿਆ ਸੀ ਅਤੇ ਇਹ ਭਾਰਤ ਦੀਆਂ ਨੇੜਲੇ ਪਹਾੜੀਆਂ ਦੇ ਸਮਾਨ ਹਨ। ਖੇਤੀਬਾੜੀ ਦੀ ਸਫਲਤਾ ਨੇ ਪੰਜਵੀਂ ਸਦੀ ਈਸਾ ਪੂਰਵ ਵਿੱਚ ਇੱਕ ਸਥਿਰ ਸੱਭਿਆਚਾਰ ਤੇ ਕਸਬਿਆਂ ਦੇ ਉਭਾਰ, ਅੰਤਰ-ਸਮੁੰਦਰੀ ਵਪਾਰ ਅਤੇ ਸਭ ਤੋਂ ਪੁਰਾਣੀਆਂ ਨੀਤੀਆਂ ਲਈ ਜ਼ਮੀਨ ਦਿੱਤੀ। ਪੁਰਾਤੱਤਵ ਵਿਗਿਆਨੀਆਂ ਨੇ ਵਾਰੀ-ਬਟੇਸ਼ਵਰ ਵਿਖੇ ਇੱਕ ਬੰਦਰਗਾਹ ਦਾ ਪਰਦਾਫਾਸ਼ ਕੀਤਾ, ਜੋ ਪ੍ਰਾਚੀਨ ਰੋਮ ਅਤੇ ਦੱਖਣ-ਪੂਰਬੀ ਏਸ਼ੀਆ ਨਾਲ ਵਪਾਰ ਕਰਦਾ ਸੀ।

ਪੁਰਾਤੱਤਵ ਵਿਗਿਆਨੀਆਂ ਨੇ ਵਾਰੀ-ਬਟੇਸ਼ਵਰ ਵਿੱਚ ਸਿੱਕੇ, ਮਿੱਟੀ ਦੇ ਬਰਤਨ, ਲੋਹੇ ਦੀਆਂ ਕਲਾਕ੍ਰਿਤੀਆਂ, ਇੱਟਾਂ ਵਾਲੀ ਸੜਕ ਅਤੇ ਇੱਕ ਕਿਲ੍ਹੇ ਦੀ ਖੋਜ ਕੀਤੀ ਕਿ ਇਹ ਖੇਤਰ ਇੱਕ ਮਹੱਤਵਪੂਰਨ ਪ੍ਰਸ਼ਾਸਕੀ ਕੇਂਦਰ ਸੀ, ਜਿਸ ਵਿੱਚ ਲੋਹੇ ਨੂੰ ਪਿਘਲਾਉਣ ਅਤੇ ਕੀਮਤੀ ਪੱਥਰ ਦੇ ਮਣਕਿਆਂ ਵਰਗੇ ਉਦਯੋਗ ਸਨ, ਜੋ ਵਿਆਪਕ ਵਰਤੋਂ ਨੂੰ ਦਰਸਾਉਂਦੇ ਹਨ। ਦੀਵਾਰਾਂ ਬਣਾਉਣ ਲਈ ਮਿੱਟੀ ਅਤੇ ਇੱਟਾਂ ਦੀ ਵਰਤੋਂ ਕੀਤੀ ਜਾਂਦੀ ਸੀ। ਸਭ ਤੋਂ ਮਸ਼ਹੂਰ ਟੈਰਾਕੋਟਾ ਤਖ਼ਤੀਆਂ, ਮਿੱਟੀ ਦੁਆਰਾ ਬਣਾਈਆਂ ਗਈਆਂ, ਚੰਦਰਕੇਤੂਰਗਾਹ ਦੀਆਂ ਹਨ। ਦੇਵਤਿਆਂ ਅਤੇ ਕੁਦਰਤ ਤੇ ਆਮ ਜੀਵਨ ਦੇ ਦ੍ਰਿਸ਼ਾਂ ਨੂੰ ਦਰਸਾਉਂਦੀਆਂ ਹਨ, ਜੰਗ-ਬਤੇਸ਼ ਵਿੱਚ ਖੋਜੇ ਗਏ।

ਬੰਗਲਾਦੇਸ਼ ਅਤੇ ਪਾਕਿਸਤਾਨ ਦੋਵੇਂ ਦੱਖਣੀ ਏਸ਼ੀਆਈ ਮੁਸਲਿਮ ਦੇਸ਼ ਹਨ। ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੇ ਅੰਤ ਤੋਂ ਬਾਅਦ ਦੋਹਾਂ ਦੇਸ਼ਾਂ ਨੇ 24 ਸਾਲਾਂ ਲਈ ਇੱਕ ਸਾਂਝਾ ਰਾਜ ਬਣਾਇਆ। 1971 ਵਿੱਚ ਬੰਗਲਾਦੇਸ਼ ਆਜ਼ਾਦੀ ਦੀ ਲੜਾਈ ਦੇ ਨਤੀਜੇ ਵਜੋਂ ਪੂਰਬੀ ਪਾਕਿਸਤਾਨ ਨੂੰ ਪੀਪਲਜ਼ ਰੀਪਬਲਿਕ ਆਫ ਬੰਗਲਾਦੇਸ਼ ਵਜੋਂ ਵੱਖ ਕੀਤਾ ਗਿਆ। ਪਾਕਿਸਤਾਨ (ਪਹਿਲਾਂ ਪੱਛਮੀ ਪਾਕਿਸਤਾਨ) ਨੇ 1974 ਵਿੱਚ ਬੰਗਲਾਦੇਸ਼ ਨੂੰ ਮਾਨਤਾ ਦਿੱਤੀ। ਅੱਜ, ਬੰਗਲਾਦੇਸ਼ ਅਤੇ ਪਾਕਿਸਤਾਨ ਵਿਚਕਾਰ ਦੁਵੱਲੇ ਸਬੰਧਾਂ ਨੂੰ ਸੁਹਿਰਦ ਮੰਨਿਆ ਜਾਂਦਾ ਹੈ।

1947 ਵਿੱਚ ਭਾਰਤ ਦੀ ਵੰਡ ਤੇ ਬੰਗਾਲ ਨੂੰ ਭਾਰਤ ਅਤੇ ਪਾਕਿਸਤਾਨ ਦੇ ਹਕੂਮਤ ਵਿਚਕਾਰ ਵੰਡਿਆ ਗਿਆ ਸੀ। ਬੰਗਾਲ ਦੇ ਪਾਕਿਸਤਾਨੀ ਹਿੱਸੇ ਨੂੰ 1955 ਤੱਕ ਪੂਰਬੀ ਬੰਗਾਲ ਅਤੇ ਉਸ ਤੋਂ ਬਾਅਦ ਪੂਰਬੀ ਪਾਕਿਸਤਾਨ ਵਜੋਂ ਜਾਣਿਆ ਜਾਂਦਾ ਸੀ। 1970 ਦੇ ਭੋਲਾ ਚੱਕਰਵਾਤ ਤੋਂ ਬਾਅਦ ਬੰਗਾਲੀ ਭਾਸ਼ਾ, ਜਮਹੂਰੀਅਤ, ਖੇਤਰੀ ਖੁਦਮੁਖਤਿਆਰੀ-ਦੋਹਾਂ ਵਿੰਗਾਂ ਵਿਚਕਾਰ ਅਸਮਾਨਤਾ, ਨਸਲੀ ਵਿਤਕਰੇ ਅਤੇ ਕੇਂਦਰ ਸਰਕਾਰ ਦੇ ਕਮਜ਼ੋਰ ਰਾਹਤ ਯਤਨਾਂ ਕਾਰਨ ਦੋਹਾਂ ਵਿੰਗਾਂ ਵਿਚਕਾਰ ਦੁਵੱਲੇ ਸਬੰਧ ਤਣਾਅਪੂਰਨ ਹੋ ਗਏ ਸਨ। ਪੂਰਬੀ ਪਾਕਿਸਤਾਨ ਵਿੱਚ ਲੱਖਾਂ ਲੋਕ ਪ੍ਰਭਾਵਿਤ ਹੋਏ। ਇਨ੍ਹਾਂ ਸ਼ਿਕਾਇਤਾਂ ਕਾਰਨ ਪੂਰਬੀ ਬੰਗਾਲ ਵਿੱਚ ਕਈ ਰਾਜਨੀਤਿਕ ਅੰਦੋਲਨ ਹੋਏ ਅਤੇ ਅੰਤ ਵਿੱਚ ਪੂਰੀ ਆਜ਼ਾਦੀ ਦੀ ਲੜਾਈ ਹੋਈ। ਮਾਰਚ 1971 ਦੇ ਸ਼ੁਰੂ ਵਿੱਚ ਚਟਗਾਉਂ ਵਿੱਚ ਬੰਗਾਲੀ ਭੀੜ ਦੁਆਰਾ ਦੰਗਿਆਂ ਵਿੱਚ 300 ਬਿਹਾਰੀਆਂ ਨੂੰ ਮਾਰ ਦਿੱਤਾ ਗਿਆ ਸੀ। ਕਤਲੇਆਮ ਦੀ ਵਰਤੋਂ ਪਾਕਿਸਤਾਨੀ ਹਥਿਆਰਬੰਦ ਸੈਨਾਵਾਂ ਦੁਆਰਾ 'ਆਪਰੇਸ਼ਨ ਸਰਚਲਾਈਟ' ਨੂੰ ਜਾਇਜ਼ ਠਹਿਰਾਉਣ ਲਈ ਕੀਤੀ ਗਈ ਸੀ, ਜਿਸ ਨੇ ਬੁੱਧੀਜੀਵੀਆਂ, ਰਾਜਨੀਤਿਕ ਕਾਰਕੁਨਾਂ, ਹਿੰਦੂਆਂ ਅਤੇ ਹੋਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਸੀ। ਪਾਕਿਸਤਾਨੀ ਬਲਾਂ ਦੁਆਰਾ ਲੱਖਾਂ ਲੋਕ ਮਾਰੇ ਗਏ। ਭਾਰਤ ਵਿੱਚ ਲਗਭਗ 8 ਤੋਂ 10 ਮਿਲੀਅਨ ਲੋਕ ਸ਼ਰਨਾਰਥੀ ਬਣ ਗਏ। ਬਹੁਤ ਸਾਰੇ ਬੰਗਾਲੀ ਪੁਲਿਸ ਵਾਲਿਆਂ ਨੇ ਬਗਾਵਤ ਕੀਤੀ ਅਤੇ




ਰਾਸ਼ਟਰਵਾਦੀਆਂ ਨੇ ਸੋਵੀਅਤ ਅਤੇ ਭਾਰਤੀ ਸਮਰਥਨ ਨਾਲ ਇੱਕ ਗੁਰੀਲਾ ਫੋਰਸ, ਮੁਕਤੀ ਬਾਹਨੀ ਬਣਾਈ। ਜਦੋਂ ਦਸੰਬਰ 1971 ਵਿੱਚ ਪੱਛਮੀ ਪਾਕਿਸਤਾਨ ਅਤੇ ਪੂਰਬੀ ਪਾਕਿਸਤਾਨ ਦਰਮਿਆਨ ਇੱਕ ਐਲਾਨੀਆ ਯੁੱਧ ਸ਼ੁਰੂ ਹੋਇਆ, ਮੁਕਤੀ ਬਾਹਿਨੀ ਅਤੇ ਭਾਰਤੀ ਫੌਜ ਦੀਆਂ ਸਾਂਝੀਆਂ ਫੌਜਾਂ ਜੋ ਬਾਅਦ ਵਿੱਚ ਬੰਗਲਾਦੇਸ਼ ਆਰਮਡ ਫੋਰਸਿਜ਼ ਵਜੋਂ ਜਾਣੀਆਂ ਜਾਂਦੀਆਂ ਸਨ, ਪੂਰਬੀ ਪਾਕਿਸਤਾਨ ਵਿੱਚ ਪਾਕਿਸਤਾਨੀ ਫੌਜਾਂ ਨੂੰ ਹਰਾਇਆ ਅਤੇ ਬੰਗਲਾਦੇਸ਼ ਦਾ ਸੁਤੰਤਰ ਰਾਜ ਬਣਾਇਆ ਗਿਆ।

ਆਜ਼ਾਦੀ ਦੀ ਲੜਾਈ ਦੇ ਬਾਅਦ ਪੂਰਬੀ ਪਾਕਿਸਤਾਨ ਤੋਂ ਭਾਰਤੀ ਸਰਕਾਰ ਦੁਆਰਾ ਸਮਰਥਨ ਪ੍ਰਾਪਤ ਬੰਗਾਲੀ ਪ੍ਰਤੀਰੋਧ ਬਲ, ਮੁਕਤੀ ਬਾਹਿਨੀ ਨੇ ਗੈਰ-ਬੰਗਾਲੀ ਧਾੜਵੀ ਨੂੰ ਮਾਰ ਮੁਕਾਇਆ। ਜੁਲਫਅਲੀ ਭੁੱਟੋ ਦੀ ਖੱਬੇ ਪੱਖੀ ਅਗਵਾਈ ਵਾਲੀ ਪੀਪਲਜ਼ ਪਾਰਟੀ (ਪੀ.ਪੀ.ਪੀ.), ਜੋ ਸ਼ੇਖ ਮੁਜੀਬੁਰ ਰਹਿਮਾਨ ਦੀ ਮੁੱਖ ਸਿਆਸੀ ਵਿਰੋਧੀ ਸੀ, ਪਾਕਿਸਤਾਨ ਤੋਂ ਬੰਗਲਾਦੇਸ ਦੇ ਵੱਖ ਹੋਣ ਤੋਂ ਬਾਅਦ ਸੱਤਾ ਵਿੱਚ ਆਈ।

ਪਾਕਿਸਤਾਨ ਬੰਗਲਾਦੇਸ਼ ਨੂੰ ਮਾਨਤਾ ਦੇਣ ਦੇ ਹੱਕ ਵਿੱਚ ਨਹੀਂ ਸੀ, ਉਸ ਨੇ ਦੂਜੇ ਰਾਜਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਾਨਤਾ ਨੂੰ ਉਦੋਂ ਤੱਕ ਰੋਕ ਦੇਣ ਜਦੋਂ ਤੱਕ ਪਾਕਿਸਤਾਨ ਬੰਗਲਾਦੇਸ਼ੀ ਲੀਡਰਸ਼ਿਪ ਨਾਲ ਗੱਲਬਾਤ ਨਹੀਂ ਕਰ ਲੈਂਦਾ। ਬੰਗਲਾਦੇਸ਼ ਨੇ ਆਪਣੀ ਤਰਫੋਂ ਗੱਲਬਾਤ ਲਈ ਮਾਨਤਾ 'ਤੇ ਜ਼ੋਰ ਦਿੱਤਾ। 1972 ਵਿੱਚ ਰਾਸ਼ਟਰਮੰਡਲ ਦੇ ਕੁਝ ਮੈਂਬਰਾਂ ਦੁਆਰਾ ਬੰਗਲਾਦੇਸ਼ ਨੂੰ ਮੈਂਬਰਸ਼ਿਪ ਦੇਣ ਤੋਂ ਬਾਅਦ ਪਾਕਿਸਤਾਨ ਨੇ ਰਾਸ਼ਟਰਮੰਡਲ ਨੂੰ ਛੱਡ ਦਿੱਤਾ। ਪਾਕਿਸਤਾਨ ਨੇ ਬੰਗਲਾਦੇਸ਼ ਨੂੰ ਮਾਨਤਾ ਦੇਣ ਵਾਲੇ ਹੋਰ ਦੇਸ਼ਾਂ ਨਾਲ ਵੀ ਸਬੰਧ ਤੋੜ ਲਏ।

ਸੰਯੁਕਤ ਰਾਸ਼ਟਰ ਵਿੱਚ ਮੈਂਬਰਸ਼ਿਪ ਲਈ ਬੰਗਲਾਦੇਸ਼ ਦੀ ਅਰਜ਼ੀ ਅਤੇ ਪਾਕਿਸਤਾਨ ਦੀ ਬੇਨਤੀ 'ਤੇ ਚੀਨ ਨੇ ਪਹਿਲੀ ਵਾਰ ਇਸ ਕਦਮ ਨੂੰ ਰੋਕਣ ਲਈ ਆਪਣੀ ਵੀਟੋ ਸ਼ਕਤੀ ਦੀ ਵਰਤੋਂ ਕੀਤੀ, ਜਿਸ ਨਾਲ ਪਾਕਿਸਤਾਨ ਨੂੰ ਆਪਣੇ ਜੰਗੀ ਕੈਦੀਆਂ ਦੀ ਰਿਹਾਈ ਅਤੇ ਵਾਪਸੀ ਲਈ ਸੌਦੇਬਾਜ਼ੀ ਵਿੱਚ ਮਦਦ ਮਿਲੀ।

1974 ਵਿੱਚ ਬੰਗਲਾਦੇਸ਼ ਅਤੇ ਪਾਕਿਸਤਾਨ ਦੇ ਰਿਸ਼ਤੇ ਵਿੱਚ ਤਰੇੜ ਆ ਗਈ। ਸ਼ੇਖ ਮੁਜੀਬੁਰ ਰਹਿਮਾਨ ਨੇ ਬੰਗਲਾਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਕੰਮ ਕਰਨ ਵਾਲੇ ਕੁਝ ਪਾਕਿਸਤਾਨ ਪੱਖੀ ਸੰਗਠਨਾਂ 'ਤੇ ਪਾਬੰਦੀਆਂ ਵਾਪਸ ਲੈ ਲਈਆਂ ਸਨ। ਮੁਜੀਬੁਰ ਨੇ ਇਸਲਾਮਿਕ ਸੰਮੇਲਨ ਲਈ ਲਾਹੌਰ ਦਾ ਦੌਰਾ ਕੀਤਾ ਅਤੇ ਬਦਲੇ ਵਿੱਚ ਪਾਕਿਸਤਾਨ ਦੀ ਸੰਸਦ ਨੇ ਜਨਾਬ ਭੁੱਟੋ ਨੂੰ ਬੰਗਲਾਦੇਸ਼ ਨੂੰ ਮਾਨਤਾ ਦੇਣ ਦਾ ਅਧਿਕਾਰ ਦਿੱਤਾ। ਜੂਨ 1974 ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਜੁਲਫਿਕਾਰ ਅਲੀ ਭੁੱਟੋ ਬੰਗਲਾਦੇਸ਼ ਗਏ ਅਤੇ ਸਾਵਰ ਉਪਜ਼ਿਲ੍ਹਾ ਵਿੱਚ ਜੰਗੀ ਯਾਦਗਾਰ ਨੂੰ ਸਰਧਾਂਜਲੀ ਭੇਟ ਕੀਤੀ। ਦੋਹਾਂ ਦੇਸਾਂ ਨੇ 1975 ਵਿੱਚ ਇੱਕ ਸਮਝੌਤੇ 'ਤੇ ਚਰਚਾ ਕੀਤੀ, ਜਿਸ ਵਿੱਚ ਬੰਗਲਾਦੇਸ਼ ਪਾਕਿਸਤਾਨ ਦੇ 1971 ਤੋਂ ਪਹਿਲਾਂ ਦੇ ਬਾਹਰੀ ਭੰਡਾਰਾਂ ਦਾ ਅੱਧਾ ਹਿੱਸਾ ਲੈਣ ਲਈ ਸਹਿਮਤ ਹੋ ਗਿਆ ਸੀ।

**ਮੁਢਲੇ ਸਿੱਕੇ:** 17 ਅਗਸਤ 1947 ਨੂੰ ਭਾਰਤ ਦੀ ਵੰਡ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਸ਼ਾਸਨ ਵਿਚਕਾਰ ਰੈਡਕਲਿਫ ਲਾਈਨ ਇੱਕ ਸੀਮਾ ਰੇਖਾ ਕੀਤੀ ਗਈ ਸੀ। ਆਰਕੀਟੈਕਟ, ਸਰ ਸਿਰਿਲ ਰੈਡਕਲਿਫ ਬਾਰਡਰ ਕਮਿਸ਼ਨਾਂ ਦੇ ਚੇਅਰਮੈਨ ਨੇ ਧਾਰਮਿਕ ਲੀਹਾਂ ਦੇ ਆਧਾਰ 'ਤੇ 88 ਮਿਲੀਅਨ ਲੋਕਾਂ ਦੇ ਨਾਲ 450,000 ਵਰਗ ਕਿਲੋਮੀਟਰ (175,000 ਵਰਗ ਮੀਲ) ਖੇਤਰ ਨੂੰ ਬਰਾਬਰ ਵੰਡਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਵਿੱਚ ਬੰਗਾਲ ਖੇਤਰ ਦੀ ਵੰਡ ਸ਼ਾਮਲ ਸੀ, ਜਿਸ ਦੇ ਨਤੀਜੇ ਵਜੋਂ ਪੂਰਬੀ ਬੰਗਾਲ ਨੂੰ ਪਾਕਿਸਤਾਨ ਵਿੱਚ ਤਬਦੀਲ ਕੀਤਾ ਗਿਆ, ਜੋ ਬਾਅਦ ਵਿੱਚ 1971 ਵਿੱਚ ਆਜ਼ਾਦ ਹੋਇਆ, ਇਸ ਤਰ੍ਹਾਂ ਬੰਗਲਾਦੇਸ਼ ਨੇ ਭਾਰਤੀ ਗਣਰਾਜ ਨਾਲ ਸਰਹੱਦ ਦੇ ਰੂਪ ਵਿੱਚ ਉਸੇ ਲਾਈਨ ਨੂੰ ਸਾਂਝਾ ਕਰਨਾ ਜਾਰੀ ਰੱਖਿਆ।




■ ਭਾਰਤ-ਬੰਗਲਾਦੇਸ਼ ਸਰਹੱਦ ਉਤੇ ਲੱਗੇ ਦੋਹਾਂ ਮੁਲਕਾਂ ਦੀ ਹੱਦ ਦਰਸਾਉਂਦੇ ਪੱਥਰ

# ਗੁਰੂ ਨਾਨਕ ਬਾਣੀ ਵਿੱਚ ਕੁਦਰਤ ਦਾ ਖ਼ੂਬਸੂਰਤ ਵਰਣਨ



## ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼

### ਅਹਿਮੀਅਤ

**ਬਲਵਿੰਦਰ ਬਾਲਮ**
**ਫੋਨ:+91-9815625409**



ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਕੁਦਰਤ ਦਾ ਖ਼ੂਬਸੂਰਤ ਵਰਣਨ ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼ ਹੈ। ਗੁਰੂ ਜੀ ਨੇ ਮਾਨਵਤਾ ਨੂੰ ਸਿੱਧੇ ਰਸਤੇ ਪਾਉਣ ਲਈ ਅਧਿਆਤਮਿਕਤਾ ਦੇ ਸੱਚੇ ਰਸਤੇ ਉਪਰ ਚੱਲਣ ਲਈ ਸ਼ਬਦਾਂ ਦੇ ਰੂਪ ਵਿੱਚ ਬਾਣੀ ਦੀ ਖੋਜ ਕੀਤੀ ਹੈ। ਕਵੀ ਬਾਬੇ ਨਾਨਕ ਨੇ ਆਪਣੀ ਕਵਿਤਾ ਵਿੱਚ (ਬਾਣੀ ਵਿੱਚ) ਅਨੇਕਾਂ ਹੀ ਛੋਟੀਆਂ-ਵੱਡੀਆਂ ਬਹਿਰਾਂ (ਵਜ਼ਨ) ਦਾ ਪ੍ਰਯੋਗ ਕੀਤਾ ਹੈ। ਇਹ ਬਹਿਰਾਂ ਉਨ੍ਹਾਂ ਦੇ ਹਿਰਦੇ 'ਚੋਂ ਆਪਣੇ ਆਪ ਵਾਹਿਗੁਰੂ ਦੀ ਦਾਤ ਬਣ ਕੇ ਉਤਰੀਆਂ। ਬਾਬੇ ਨਾਨਕ ਨੇ ਧੁਰੋਂ ਉਤਰੀ ਬਾਣੀ ਨੂੰ ਆਪਣੇ ਸ਼ਬਦਾਂ ਵਿੱਚ ਪਰੋ ਕੇ ਮਾਨਵਤਾ ਲਈ ਸੂਰਜਤਾ ਪੈਦਾ ਕੀਤੀ ਹੈ। ਆਪਣੀ ਬਾਣੀ ਵਿੱਚ ਗੁਰੂ ਜੀ ਨੇ ਏਨੀਆਂ ਬਹਿਰਾਂ ਦਾ ਪ੍ਰਯੋਗ ਕੀਤਾ ਹੈ, ਜਿਨ੍ਹਾਂ ਦਾ ਜ਼ਿਕਰ ਹੋਰ ਕਿਸੇ ਗ੍ਰੰਥ ਵਿੱਚ ਨਹੀਂ ਮਿਲਦਾ। ਉਨ੍ਹਾਂ ਜੋ ਕੁਝ ਅੱਖੀਂ ਵੇਖਿਆ, ਉਸਨੂੰ ਆਪਣੀ ਅੱਖਰ ਜਨਨੀ ਵਿੱਚ ਪਰੋ ਕੇ ਖ਼ੂਬਸੂਰਤ ਐਨ ਢੁਕਦੇ ਬਿੰਬਾਂ, ਪ੍ਰਤੀਕਾਂ ਰਾਹੀਂ ਸਮਾਜ ਅੱਗੇ ਪੇਸ਼ ਕੀਤਾ। ਜੇ ਅਤਿ ਮੁਸ਼ਕਿਲ ਅਤੇ ਆਸਾਨ ਬਹਿਰਾਂ ਦੀ ਜਾਣਕਾਰੀ ਲੈਣੀ ਹੋਵੇ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ, ਘੋਖਿਆ ਜਾਵੇ।

ਕਵੀ ਬਾਬੇ ਨਾਨਕ ਨੇ ਆਪਣੀ ਬਾਣੀ ਵਿੱਚ ਕੁਦਰਤ ਅਤੇ ਸ੍ਰਿਸ਼ਟੀ ਦੇ ਕਣ-ਕਣ ਉਪਰ ਲਿਖਿਆ ਹੈ, ਪਰ ਅਸੀਂ ਇੱਥੇ ਸਿਰਫ਼ ਰੁੱਖ, ਮੌਸਮ, ਵਾਤਾਵਰਣ (ਕੁਦਰਤ) ਦੇ ਮਨਮੋਹਣੇ ਸੰਦੇਸ਼ਮਈ ਅਲੰਕਾਰਾਂ, ਪ੍ਰਤੀਕਾਂ, ਬਿੰਬਾਂ ਦਾ ਹੀ ਉਲੇਖ ਕੀਤਾ ਹੈ। ਜਿਸ ਖ਼ੂਬਸੂਰਤੀ ਅਤੇ ਅਧਿਆਤਮਿਕ ਸੱਚਖੰਡ ਦੀ ਸ਼ਕਤੀ ਨਾਲ ਬਾਣੀ ਲਿਖ ਕੇ ਮਾਨਵਤਾ ਨੂੰ ਜ਼ਿੰਦਗੀ ਦੇ ਸਹੀ ਅਰਥ ਸਮਝਾ ਦਿੱਤੇ ਹਨ। ਗੁਰੂ ਜੀ ਆਖਦੇ ਹਨ, "ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥ ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥ ਕੁਦਰਤਿ ਪਉਣੁ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕੁ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕ॥" (ਪੰਨਾ 464)

ਭਾਵ ਜੀਵਾਂ ਦਾ ਵੇਖਣਾ, ਸੁਣਨਾ, ਵਾਹਿਗੁਰੂ ਦੇ ਡਰ ਅੰਦਰ ਰਹਿਣਾ, ਸੁਖ ਭੋਗਣੇ- ਸਭ ਵਾਹਿਗੁਰੂ ਦੀ ਕੁਦਰਤ ਹੈ। ਪਾਤਾਲ, ਆਕਾਸ਼, ਸਾਰੇ ਆਕਾਰਾਂ ਦੀ ਸਿਰਜਣਾ ਵਾਹਿਗੁਰੂ ਦੀ ਕੁਦਰਤ ਹੈ। ਵੇਦ ਆਦਿ ਧਰਮ ਗ੍ਰੰਥਾਂ ਦੀ ਰਚਨਾ ਹੋਈ ਅਤੇ ਇਨ੍ਹਾਂ ਦੇ ਵੀਚਾਰਾਂ ਦਾ ਫੈਲਾਉ ਹੋਣਾ ਵਾਹਿਗੁਰੂ ਤੇਰੀ ਕੁਦਰਤ ਹੈ। ਜੀਵਾਂ ਦਾ ਖਾਣ-ਪੀਣ, ਕੱਪੜੇ ਆਦਿ ਪਾਉਣ ਦੇ ਢੰਗ-ਤਰੀਕੇ ਅਤੇ ਤਰ੍ਹਾਂ-ਤਰ੍ਹਾਂ ਦੇ ਪ੍ਰੇਮ ਆਦਿ ਪਰਮਾਤਮਾ ਦੀ ਕੁਦਰਤ ਦਾ ਹਿੱਸਾ ਹਨ। ਅਨੇਕਾਂ ਜਾਤਾਂ, ਜਿਨਸਾਂ, ਰੰਗਾਂ ਅਨੁਸਾਰ ਜੀਵਾਂ ਦੀ ਸਿਰਜਣਾ, ਸੰਸਾਰ ਵਿੱਚ ਨੇਕੀਆਂ ਬਦੀਆਂ, ਅਨੇਕਾਂ ਮਾਨ-ਮਰਿਆਦਾ, ਅਨੇਕਾਂ ਤਰ੍ਹਾਂ ਦੇ ਹੰਕਾਰ, ਹਵਾ, ਪਾਣੀ, ਅੱਗ, ਧਰਤੀ ਦੀ ਬਣਤਰ ਆਦਿ। ਹੇ ਵਾਹਿਗੁਰੂ ਜੀ! ਸਭ ਤੇਰੀ ਕੁਦਰਤ ਹੈ ਅਤੇ ਤੂੰ ਇਸ ਕੁਦਰਤ ਦਾ ਕਰਤਾ ਮਾਲਿਕ ਹੈ ਅਤੇ ਤੇਰੀ ਵਡਿਆਈ ਬੜੀ ਪਾਕ-ਪਵਿੱਤਰ ਹੈ। ਇਹ ਸਾਰਾ ਕੁਝ ਤੇਰੇ ਹੁਕਮ ਅੰਦਰ ਹੈ ਅਤੇ ਤੂੰ ਇਸ ਸਾਰੇ ਵਰਤਾਰੇ ਨੂੰ ਇਕੱਲਾ ਖੁਦ ਹੀ ਦੇਖ, ਸੰਭਾਲ ਕਰ ਰਿਹਾ ਹੈ।

**ਸੰਦੇਸ਼:** ਉਹ ਵਾਹਿਗੁਰੂ, ਪਰਮਾਤਮਾ ਕਣ-ਕਣ ਵਿੱਚ ਬਿਰਾਜਮਾਨ ਹੈ ਅਤੇ ਕੁਦਰਤ ਦੀ ਸਾਰੀ ਹੋਂਦ ਉਸਦੀ ਕਿਰਪਾ ਸਦਕਾ ਹੀ ਹੈ। ਮਨੁੱਖ ਨੂੰ ਕੁਦਰਤ ਦੇ ਨਿਯਮਾਂ ਅਤੇ ਅਨੁਸ਼ਾਸਨ ਤੋਂ ਸਬਕ ਲੈਣਾ ਚਾਹੀਦਾ ਹੈ। ਕੁਦਰਤ ਦਾਨ ਕਰਦੀ ਹੈ, ਦਾਨ ਲੈਂਦੀ ਨਹੀਂ। ਆਕਾਸ਼, ਧਰਤੀ, ਪਾਣੀ, ਹਵਾ, ਅੱਗ ਆਦਿ ਮਨੁੱਖ ਨੂੰ ਦਾਨ ਕਰਦੇ ਹਨ। ਮਨੁੱਖ ਵੀ ਦੂਸਰਿਆਂ ਦੀ ਮਦਦ ਕਰੇ ਆਦਿ।

ਗੁਰੂ ਜੀ ਆਖਦੇ ਹਨ, "ਜਾ ਕੇ ਰੁਖ ਬਿਰਖ ਆਰਾਉ॥ ਜੇਹੀ ਧਾਤੁ ਤੇਹਾ ਤਿਨ ਨਾਉ॥ ਫੁਲੁ ਭਾਉ ਫਲੁ ਲਿਖਿਆ ਪਾਇ॥ ਆਪਿ ਬੀਜਿ ਆਪੇ ਹੀ ਖਾਇ॥"

ਭਾਵ ਜਿਸ ਮਾਲੀ ਨੇ ਰੁੱਖ, ਦਰਖਤ, ਬੂਟੇ ਲਾਏ ਹੁੰਦੇ ਨੇ, ਉਹ ਹੀ ਉਨ੍ਹਾਂ ਨੂੰ ਸੰਵਾਰਦਾ ਹੈ ਅਤੇ ਜਿਸ ਤਰ੍ਹਾਂ ਦਾ ਬੂਟੇ ਦਾ ਜੀਵਨ ਹੁੰਦਾ ਹੈ, ਉਸੇ ਹਿਸਾਬ ਨਾਲ, ਉਹੋ ਜਿਹਾ ਉਸਦਾ ਨਾਂ ਪੈ ਜਾਂਦਾ ਹੈ। ਮਨੁੱਖ ਦੇ ਜੀਵਨ ਦੇ ਜਿਸ ਤਰ੍ਹਾਂ ਫੁੱਲ ਹੁੰਦੇ ਹਨ, ਉਸੇ ਹੀ ਹਿਸਾਬ ਨਾਲ ਉਸਦਾ ਫਲ ਪੈਂਦਾ ਹੈ। ਜੋ ਕਰਮ ਕਰੇ, ਉਸੇ ਹਿਸਾਬ ਨਾਲ ਫਲ ਮਿਲੇਗਾ। ਮਨੁੱਖ ਜੋ ਬੀਜਦਾ ਹੈ, ਉਸਦਾ ਹੀ ਫਲ ਉਸਨੂੰ ਖਾਣਾ ਪੈਂਦਾ ਹੈ।

**ਸੰਦੇਸ਼:** ਮਨੁੱਖ ਨੂੰ ਚੰਗੇ-ਮਾੜੇ ਕਰਮਾਂ ਦੇ ਹਿਸਾਬ ਨਾਲ ਹੀ ਸਭ ਕੁਝ ਮਿਲਦਾ ਹੈ। ਆਦਮੀ ਜਿਸ ਤਰ੍ਹਾਂ ਦਾ ਕਰਮ ਕਰਦਾ ਹੈ, ਉਸਨੂੰ ਫਲ ਵੀ ਉਸੇ ਤਰ੍ਹਾਂ ਨਾਲ ਮਿਲਦਾ ਜਾਂਦਾ ਹੈ। ਮਨੁੱਖ ਨੇਕ ਕਰਮ ਕਰੇ।

ਗੁਰੂ ਜੀ ਕਹਿੰਦੇ ਹਨ, "ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ॥ ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ॥ ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ॥ ਅਠਿਸਿਠ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ॥"

ਭਾਵ ਗੁਰੂ ਇੱਕ ਸੋਨੇ ਦਾ ਰੁੱਖ ਹੈ, ਜਿਸਦੇ ਪੱਤੇ ਮੂੰਗੇ ਹਨ ਅਤੇ ਫੁੱਲ ਜਵਾਹਰ ਲਾਲ ਹਨ। ਅਮੋਲਕ ਬਚਨ ਫਲ ਹਨ, ਇਸ ਕਰਕੇ ਗੁਰੂ ਦੇ ਬਚਨਾਂ ਨੂੰ ਹੀ ਹਿਰਦੇ ਦੇ ਅੰਦਰ ਰੱਖ ਲੈ ਅਤੇ ਮੂੰਹ ਮੱਥੇ ਉਪਰ ਸ਼ੁੱਧ ਕਰਮ ਹੋਵੇ, ਤਾਂ ਗੁਰੂ ਦੇ ਚਰਨਾਂ ਨੂੰ ਹੀ 68 ਤੀਰਥ ਸਮਝ, ਵਿਸ਼ੇਸ ਜਾਣ।

**ਸੰਦੇਸ਼:** ਤੀਰਥਾਂ ਆਦਿ 'ਤੇ ਜਾਣ ਨਾਲੋਂ ਚੰਗਾ ਹੈ ਕਿ ਗੁਰੂ ਦੇ ਚਰਨਾਂ ਨੂੰ ਹੀ ਸਭ ਕੁਝ ਸਮਝ। ਗੁਰੂ ਦੀ ਭਗਤੀ ਨਾਲ, ਵਾਹਿਗੁਰੂ ਦੀ ਸਾਧਨਾ ਨਾਲ ਜੁੜਨ ਵਾਲੇ ਮਨੁੱਖ ਹੀ ਸੱਚਾ ਮਾਰਗ ਲੱਭਦੇ ਹਨ। ਭਟਕਣਾ ਮਨੁੱਖ ਲਈ ਗਿਰਾਵਟ ਹੈ। ਗੁਰੂ ਸਾਹਿਬ ਨੇ ਗੁਰੂ ਨੂੰ ਰੁੱਖਾਂ ਵਾਂਗ, ਕੁਦਰਤ ਦੀ ਕਿਰਪਾ ਵਾਂਗ ਦੱਸਿਆ ਹੈ। ਮਨੁੱਖ ਵਹਿਮਾਂ-ਭਰਮਾਂ ਵਿੱਚ ਨਾ ਪਵੇ, ਆਦਿ।

"ਗਾਵਿਨ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥" ਭਾਵ ਪਰਮਾਤਮਾ ਦੀ ਉਸਤਤ ਤਾਂ ਹਵਾ, ਪਾਣੀ, ਅੱਗ ਵੀ ਗਾਉਂਦੇ ਹਨ; ਰਾਜੇ ਮਹਾਰਾਜੇ ਅਤੇ ਧਰਮ ਸਥਾਨਾਂ 'ਤੇ ਵੀ ਉਸਦੀ ਮਹਿਮਾ ਹੈ।

**ਸੰਦੇਸ਼:** ਮਨੁੱਖ ਨੂੰ ਵੀ ਕੁਦਰਤ ਦੀ ਉਸਤਤ ਕਰਨੀ ਚਾਹੀਦੀ ਹੈ, ਉਸਦੀ ਮਰਿਆਦਾ ਵਿੱਚ ਰਹੇ, ਉਸਦਾ ਨਾਮ ਜਪੇ ਜਿਸਨੇ ਸਾਰੀ ਸ੍ਰਿਸ਼ਟੀ ਥਾਪੀ ਹੈ।

"ਤੁਧੁ ਆਪੇ ਸ੍ਰਿਸ਼ਟਿ ਸਭ ਉਪਾਈ ਜੀ ਤਧੁ ਆਪੇ ਸਿਰਜਿ ਸਭ ਗੋਈ॥ ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥" ਭਾਵ ਉਹ ਵਾਹਿਗੁਰੂ (ਪਰਮਾਤਮਾ) ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਅਤੇ ਪਾਲਣਹਾਰ ਹੈ, ਜੋ ਪਰਮਾਤਮਾ ਦੇ ਗੁਣ ਗਾਉਂਦਾ ਹੈ, ਜਿਸਨੇ ਸਭ ਨੂੰ ਜਨਮ ਦਿੱਤਾ ਹੈ। ਸਭ ਨੂੰ ਉਸਦਾ ਹੀ ਆਸਾਰਾ ਹੈ। ਨਾਨਕ ਦਾਸ ਵੀ ਉਸ ਕਰਤੇ ਦੇ ਗੁਣ ਗਾਉਂਦਾ ਹੈ, ਜੋ ਸਾਰਿਆਂ ਦੀ ਗੱਲ ਜਾਣਦਾ ਹੈ।

**ਸੰਦੇਸ਼:** ਜਿਸ ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਰਚੀ ਹੈ, ਸਭ ਦਾ ਪਾਲਣਹਾਰ ਹੈ, ਉਸਨੂੰ ਮਨੁੱਖ ਸਦਾ ਯਾਦ ਰੱਖੇ ਅਤੇ ਉਸਦੇ ਨਾਮ ਵਿੱਚ ਸਧਾ ਲੀਨ ਰਹੇ, ਤਾਂ ਹੀ ਮਨੁੱਖ ਦਾ ਜਨਮ ਸਫ਼ਲ ਹੋ ਸਕਦਾ ਹੈ।

"ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ਤਾਂ ਵਾਪਾਰੀ ਜਾਣੀਅਹੁ ਲਾਹਾ ਲੈਜਾਵਹੁ॥" ਭਾਵ ਧਰਮ ਨੂੰ ਧਰਤੀ ਦੀ ਤਰ੍ਹਾਂ ਬਣਾਓ, ਸੱਚਾਈ ਨੂੰ ਬੀਜ ਦੀ ਤਰ੍ਹਾਂ ਬਣਾ ਕੇ ਇਸ ਤਰ੍ਹਾਂ ਦੀ ਖੇਤੀ ਕਰੋ ਤਾਂ ਉਸ ਪ੍ਰਭੂ ਦੇ ਨਾਮ ਨੂੰ ਸਮਝ ਜਾਓਗੇ।

**ਸੰਦੇਸ਼:** ਮਨੁੱਖ ਨੂੰ ਖ਼ੂਬਸੂਰਤ ਪ੍ਰਤੀਕਾਂ ਨਾਲ ਸਮਝਾਇਆ ਗਿਆ ਹੈ ਕਿ ਧਰਤੀ ਵਰਗਾ ਧਰਮ ਹੋਵੇ, ਧਰਮ ਦਾਨੀ ਹੋਵੇ, ਨਿਰਸਵਾਰਥ ਹੋਵੇ, ਬਸ ਦੇਵੇ ਹੀ ਦੇਵੇ, ਲਵੇ ਕੁਝ ਨਾ; ਸੱਚ ਵਰਗਾ ਧਰਮ ਹੋਵੇ, ਧਰਤੀ ਵਾਂਗ ਇਸਦੀ ਪੂਜਾ ਹੋਵੇ। ਧਰਤੀ ਵਰਗੀ ਸ਼ਹਿਨਸ਼ਕਤੀ ਹੋਵੇ। ਸੱਚਾਈ ਨੂੰ ਬੀਜ ਦੀ ਤਰ੍ਹਾਂ ਸਮਝ, ਜਿਸ ਤਰ੍ਹਾਂ ਬੀਜ ਧਰਤੀ 'ਚੋਂ ਉਗ ਕੇ ਹਰਿਆਵਲ ਦਿੰਦਾ ਹੈ, ਮਨੁੱਖ ਤੂੰ ਵੀ ਇੰਝ ਦਾ ਬਣ। ਇਸ ਤਰ੍ਹਾਂ ਦੀ ਕਰਮਰੂਪੀ ਖੇਤੀ ਕਰ, ਤਾਂ ਜੋ ਤੇਰਾ ਕਰਮ ਸ਼ੁੱਧ-ਸੁਖਦਾਇਕ ਹੋਵੇ।

"ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤ ਹੋਈ॥ ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ॥" ਭਾਵ ਅੰਮ੍ਰਿਤ ਦਾ ਰੁੱਖ ਇੱਕ ਹੀ ਹੈ, ਜਿਸਦਾ ਫਲ ਵੀ ਅੰਮ੍ਰਿਤ ਵਰਗਾ ਹੈ। ਜੋ ਸੱਚ ਨਾਲ ਰੱਜ ਗਏ ਹਨ, ਜਿਨ੍ਹਾਂ ਅੰਮ੍ਰਿਤ ਫਲ ਦਾ ਸਵਾਦ ਚੱਖਿਆ ਹੈ, ਉਨ੍ਹਾਂ ਨੂੰ ਅਗਿਆਨ ਨਹੀਂ, ਨਾ ਹੀ ਕਿਸੇ ਨਾਲ ਮਤਭੇਦ ਜਾਂ ਫਰਕ ਹੈ, ਪਰਮਾਤਮਾ ਨਾਲ ਰਸਨਾ ਰੰਗੀ ਗਈ ਹੈ। ਜੋ ਮਨੁੱਖ ਉਸਦੇ ਸੱਚੇ ਨਾਮ ਨਾਲ ਜੁੜ ਜਾਂਦੇ ਹਨ, ਉਨ੍ਹਾਂ ਵਿੱਚ ਛੋਟਾ-ਵੱਡਾ, ਉਚਾ-ਨੀਵਾਂ ਕੁਝ ਨਹੀਂ ਰਹਿ ਜਾਂਦਾ, ਉਹ ਮਨੁੱਖ ਉਸ ਹਰੀ ਦੇ ਨਾਮ ਵਿੱਚ ਰੰਗੇ ਜਾਂਦੇ ਹਨ।

**ਸੰਦੇਸ਼:** ਜੋ ਸਾਧਕ, ਜੋ ਮਨੁੱਖ ਉਸ ਪ੍ਰਭੂ ਨਾਲ ਇਕਮਿਕ ਹੋ ਜਾਂਦੇ ਹਨ, ਉਹ ਧੰਨ ਪੁਰਸ਼ ਹਨ। ਉਨ੍ਹਾਂ ਨੂੰ ਕਿਸੇ ਵਿੱਚ ਕੋਈ ਫਰਕ ਨਜ਼ਰ ਨਹੀਂ ਆਉਂਦਾ। ਸਭ ਬਰਾਬਰ ਨਜ਼ਰ ਆਉਂਦੇ ਹਨ। ਮਨੁੱਖ ਨੂੰ ਸੱਚ ਦੇ ਰਸਤੇ ਚਲ ਕੇ ਮਾਨਵਤਾ ਨੂੰ ਪਿਆਰ ਕਰਨਾ ਚਾਹੀਦਾ ਹੈ, ਆਦਿ।

"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰ ਜਾਹਿ ਨਿਰਾਸੇ ਕਿਤੁ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥" ਭਾਵ ਗੁਰੂ ਸਾਹਿਬ ਨੇ ਕਿੰਨੀ ਖ਼ੂਬਸੂਰਤ ਤਸਬੀਹ ਨਾਲ ਮਨੁੱਖ ਨੂੰ ਸਮਝਾਇਆ ਹੈ। ਸਿੰਮਲ ਦਾ ਰੁੱਖ ਸਿੱਧਾ, ਲੰਬਾ ਅਤੇ ਗੁੱਛੇਦਾਰ ਹੁੰਦਾ ਹੈ। ਇਸ ਉਪਰ ਜੇ ਕੋਈ ਆਸ ਕਰਕੇ ਆਵੇ, ਤਾਂ ਨਿਰਾਸ਼ ਹੋ ਕੇ ਜਾਂਦਾ ਹੈ, ਕਿਉਂਕਿ ਇਸਦੇ ਫਲ ਫਿੱਕੇ ਤੇ ਫੁੱਲ ਬਕਬਕੇ ਹੁੰਦੇ ਹਨ ਅਤੇ ਪੱਤੇ ਕਿਸੇ ਵੀ ਕੰਮ ਨਹੀਂ ਆਉਂਦੇ।

**ਸੰਦੇਸ਼:** ਕੱਦ-ਕਾਠ ਦੇ ਉਚੇ ਵਿਅਕਤੀ ਕੋਲ ਜੇ ਗੁਣ ਨਹੀਂ, ਉਹ ਕਿਸੇ ਦੇ ਕੰਮ ਨਹੀਂ ਆਉਂਦਾ, ਤਾਂ ਉਹ ਬੇਕਾਰ ਹੈ। ਸਮਾਜ ਵਿੱਚ ਉਸਦੀ ਕੋਈ ਕਦਰ ਨਹੀਂ। ਜਿਸਦਾ ਸੁੱਖ ਕੋਈ ਨਹੀਂ, ਉਹ ਵਿਅਕਤੀ ਵੀ ਕੀ ਏ? ਨੀਵੀਂ ਚੀਜ਼ ਮਿੱਠੀ ਹੈ, ਤਾਂ ਉਸ ਵਿੱਚ ਚੰਗਿਆਈ ਦੇ ਤੱਤ ਹੁੰਦੇ ਹਨ। ਨੀਵੇਂ (ਨਿਮਰਤਾ) ਅਤੇ ਗੁਣਾਂ ਵਾਲੇ ਇਨਸਾਨ ਵਿੱਚ ਚੰਗਿਆਈ ਦੇ ਸਾਰੇ ਤੱਤ ਹੁੰਦੇ ਹਨ, ਆਦਿ।

"ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥" ਭਾਵ ਅਸਮਾਨ ਰੂਪੀ ਥਾਲ ਹੈ, ਜਿਸ ਵਿੱਚ ਸੂਰਜ, ਚੰਨ, ਦੀਵੇ ਧਰੇ ਹੋਏ ਹਨ ਅਤੇ ਤਾਰਿਆਂ ਦਾ ਸਮੂਹ ਮੋਤੀ ਹਨ। ਗੁਰੂ ਨਾਨਕ ਸਾਹਿਬ ਨੇ ਕੁਦਰਤ ਦਾ ਸੁਹਣਾ ਚਿਤਰਨ ਆਰਤੀ ਦੇ ਰੂਪ ਵਿੱਚ ਕੀਤਾ ਹੈ। ਇਸ ਆਰਤੀ ਵਿੱਚ ਏਨੇ ਸ਼ਕਤੀਸ਼ਾਲੀ ਸ਼ਬਦ ਹਨ, ਜਿਸ ਨਾਲ ਵਾਤਾਵਰਣ ਅਤੇ ਮਾਨਵ ਦਾ ਹਿਰਦਾ ਸ਼ਾਂਤਮਈ ਤੇ ਅਧਿਆਤਮਿਕ ਹੋ ਜਾਂਦਾ ਹੈ, ਕੁਦਰਤ ਨਾਲ ਓਤ-ਪੋਤ ਹੋ ਜਾਂਦਾ ਹੈ।

**ਸੰਦੇਸ਼:** ਇਸ ਆਰਤੀ ਨਾਲ ਮਾਨਵਤਾ ਅਤੇ ਵਾਤਾਵਰਣ ਸ਼ੁੱਧ ਹੁੰਦੇ ਹਨ। ਇਸ ਵਿੱਚ ਬੈਠੇ ਸ਼ਕਤੀਸ਼ਾਲੀ ਸ਼ਬਦ ਹਨ, ਉਨ੍ਹਾਂ ਦੀ ਖੁਸ਼ਬੂ ਨਾਲ, ਉਨ੍ਹਾਂ ਦੇ ਉਚਾਰਣ ਨਾਲ ਸਭ ਕੁਝ ਸ਼ੁੱਧ ਹੋ ਜਾਂਦਾ ਹੈ। ਮਨੁੱਖ ਨੂੰ ਕੁਦਰਤ ਵਾਂਗੂ ਵਿਚਰਨਾ ਚਾਹੀਦਾ ਹੈ।

"ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ॥ ਸੋ ਫਲ ਕੰਮਿ ਨਾ ਆਵਨੀ ਤੇ ਗੁਣ ਮੈ ਤਨਿ-ਹੰਨਿ॥" ਭਾਵ ਮੇਰਾ (ਮਨੁੱਖ ਦਾ) ਸਰੀਰ ਸਿੰਮਲ ਦੇ ਰੁੱਖ ਵਰਗਾ ਹੈ, ਜਿਸਦੇ ਫਲ ਕਿਸੇ ਦੇ ਵੀ ਕੰਮ ਨਹੀਂ ਆਉਂਦੇ। ਮੈਨੂੰ ਵੇਖ ਕੇ ਲੋਕ ਭੁੱਲ ਜਾਂਦੇ ਹਨ, ਉਹੋ ਜਿਹੇ ਗੁਣ ਮੇਰੇ ਸਰੀਰ ਵਿੱਚ ਹਨ।

**ਸੰਦੇਸ਼:** ਸਿੰਮਲ ਦਾ ਰੁੱਖ ਸੂਹੇ ਲਾਲ ਫੁੱਲਾਂ ਨਾਲ ਭਰਪੂਰ ਹੁੰਦਾ ਹੋਇਆ ਵੀ ਖੁਸ਼ਬੂ ਰਹਿਤ ਹੁੰਦਾ ਹੈ, ਜਿਸਦਾ ਕੋਈ ਸੁੱਖ ਨਹੀਂ ਹੁੰਦਾ। ਸਿੰਮਲ ਰੁੱਖ ਦੇ ਫੁੱਲਾਂ ਦੀ ਖ਼ੂਬਸੂਰਤੀ ਤੇ ਉਚਾਈ ਵੇਖ ਕੇ ਉਸ ਉਪਰ ਪੰਛੀ (ਤੋਤੇ) ਬੈਠਦੇ ਹਨ, ਪਰ ਹਾਸਿਲ ਕੁਝ ਨਹੀਂ ਹੁੰਦਾ। ਆਦਮੀ ਆਪਣੇ ਹਰੀ ਨਾਮ ਨੂੰ ਲੋਕਾਂ ਤੱਕ ਵੰਡੇ, ਭਲਾਈ ਦੇ ਕਾਰਜ ਕਰੇ, ਆਦਿ; ਤਾਂ ਹੀ ਮਨੁੱਖ ਦਾ ਸੱਚਾ ਜੀਵਨ ਹੈ।

"ਪਉਣ ਪਾਣੀ ਅਗਨੀ ਬਿਸਰਾਉ॥ ਤਹੀ ਨਿਰੰਜਨੁ ਸਾਚੋ ਨਾਉ॥" ਭਾਵ ਹਵਾ ਪਾਣੀ ਅੱਗ ਵਰਗੀਆਂ ਚੀਜ਼ਾਂ ਨੂੰ ਵਿਸਾਰ ਦਿਓ। (ਭਟਕਣ ਨੂੰ ਵਿਸਾਰ ਦਿਓ), ਤਾਂ ਉਥੇ ਹੀ ਹਰੀ ਦਾ ਸੱਚਾ ਨਾਮ ਵੱਸਦਾ ਹੈ।

**ਸੰਦੇਸ਼:** ਮਨੁੱਖ ਆਪਣੀਆਂ ਇੱਛਾਵਾਂ ਨੂੰ ਕਾਬੂ ਵਿੱਚ ਰੱਖੇ, ਤਾਂ ਹੀ ਸੁੱਖ ਪ੍ਰਾਪਤ ਹੋ ਸਕਦਾ ਹੈ। ਕ੍ਰਿਤ ਨੂੰ ਛੱਡ ਕਰਤੇ ਨੂੰ ਯਾਦ ਰੱਖ।

"ਫਲੋਹਰ ਕੀਏ ਫੁਲ ਜਾਇ॥ ਰਸ ਕਸ ਖਾਏ ਸਾਦੁ ਗਵਾਇ॥" ਭਾਵ ਕਈ ਨਿਰੇ ਫਲ ਹੀ ਖਾਂਦੇ ਹਨ, ਪਰ ਇਸ ਵਰਤ ਦਾ ਫਲ ਨਹੀਂ ਮਿਲਦਾ। ਕਈ ਰਸਦਾਰ ਚੀਜ਼ਾਂ, ਸਵਾਦੀ ਚੀਜ਼ਾਂ ਖਾਂਦੇ ਹਨ, ਪਰ ਫਿਰ ਵੀ ਆਪਣਾ ਸਵਾਦ ਗੁਆ ਲੈਂਦੇ ਹਨ।

**ਸੰਦੇਸ਼:** ਹਰੀ ਪ੍ਰਭੂ ਦਾ ਨਾਮ ਲੈਣ ਵਾਲੇ ਮਹਾਂ ਪੁਰਸ਼ਾਂ ਨੂੰ ਸਵਾਦਾਂ ਦਾ ਸ਼ੌਕ ਨਹੀਂ ਹੁੰਦਾ। ਉਹ ਤਾਂ ਹਰੀ ਦੇ ਨਾਮ ਵਿੱਚ ਰੰਗੇ ਰਹਿੰਦੇ ਹਨ। ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ। ਮਨੁੱਖ ਨੂੰ ਹਰੀ ਦੇ ਨਾਮ ਵਿੱਚ ਰੰਗੇ ਰਹਿਣਾ ਚਾਹੀਦਾ ਹੈ। ਸਵਾਦਾਂ ਤੋਂ ਉਪਰ ਉਠ ਕੇ ਚੰਗੇ ਕਰਮ ਕਰ ਮਨੁੱਖ, ਆਦਿ।

"ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥ ਸਾਜਣ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥" ਭਾਵ ਧੁਰ ਅੰਦਰ ਠੰਡ ਵਰਤ ਗਈ ਹੈ, ਗੁਰਬਾਣੀ ਰੂਪ ਅੰਮ੍ਰਿਤ ਦੇ ਵੱਸਣ ਨਾਲ। ਬੂੰਦ ਸੁਹਾਵਣੀ ਪੈਣ ਨਾਲ ਠੰਡ ਪੈ ਗਈ ਹੈ। ਹਰੀ ਨਾਲ ਇਸ ਤਰ੍ਹਾਂ ਮਿਲਾਪ ਹੈ, ਜਿਸ ਤਰ੍ਹਾਂ ਸਾਜਣ ਦੇ ਮਿਲਣ ਵਾਂਗ, ਜਿਸਦੀ ਬਾਣੀ ਨਾਲ ਪ੍ਰੀਤ ਹੈ, ਉਹ ਹੀ ਉਸਦੀ ਪ੍ਰਾਪਤੀ ਪਾਉਂਦਾ ਹੈ।

**ਸੰਦੇਸ਼:** ਕਵੀ ਗੁਰੂ ਨਾਨਕ ਨੇ ਬਹੁਤ ਹੀ ਸੁੰਦਰ ਕੁਦਰਤੀ ਪ੍ਰਤੀਕ ਲੈ ਕੇ ਮਨੁੱਖ ਨੂੰ ਸਮਝਾਇਆ ਹੈ ਕਿ ਹਰੀ ਦੇ ਦਰਸ਼ਨਾਂ ਨਾਲ ਮਨੁੱਖ ਦੀ ਅਧਿਆਤਮਿਕ ਤ੍ਰਿਪਤੀ ਹੁੰਦੀ ਹੈ। ਮਨੁੱਖ ਨੂੰ ਉਸ ਪ੍ਰਭੂ ਦੇ ਨਾਮ ਨਾਲ ਸੱਚਾ ਲਗਾਓ ਹੋਣਾ ਚਾਹੀਦਾ ਹੈ।

***(ਬਾਕੀ ਅਗਲੇ ਅੰਕ ਵਿੱਚ)***

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ
ਫੋਨ: +91-6280574657

***ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...***



ਕਣਕਾਂ ਵੱਢਣ ਤੋਂ ਬਾਅਦ ਬਚਦੀ ਰਹਿੰਦ-ਖੂੰਹਦ ਨੂੰ ਕਿਸਾਨਾਂ ਨੇ ਅੱਗ ਲਾ ਕੇ ਸਾਫ ਕਰ ਦਿੱਤਾ ਹੋਇਆ ਸੀ। ਇਹ ਸ਼ਨੀਵਾਰ ਦਾ ਦਿਨ ਸੀ। ਵੀਰਦੀਪ ਪਿੰਡ ਵਾਲੇ ਬੱਸ ਸਟੈਂਡ ਉਤਰਿਆ ਤੇ ਆਪਣੇ ਘਰ ਵੱਲ ਤੁਰ ਪਿਆ। ਦਿਨ ਛਿਪ ਰਿਹਾ ਸੀ। ਛਿਪ ਰਹੇ ਸੂਰਜ ਦੀ ਲਾਲੀ ਵਿੱਚ ਦੂਰ-ਦੂਰ ਤੱਕ ਸੜੇ ਖੇਤ ਅਤੇ ਦਰਖਤ ਡਰਾਉਣਾ ਦ੍ਰਿਸ਼ ਪੇਸ਼ ਕਰ ਰਹੇ ਸਨ। ਇਹ ਸਾਰਾ ਕੁਝ ਵੇਖ ਕੇ ਵੀਰਦੀਪ ਸਹਿਮ ਗਿਆ। ਉਸ ਨੂੰ ਪੰਜਾਬ ਦੇ ਕਿਸਾਨਾਂ ਦਾ ਭਵਿੱਖ ਇਸ ਸੜੀ ਜ਼ਮੀਨ ਵਰਗਾ ਕਾਲਾ-ਕਾਲਾ ਦਿਸਿਆ। ਉਹ ਲਿੰਕ ਰੋਡ ਤੋਂ ਆਪਣੇ ਘਰ ਵਾਲੀ ਪਹੀ ਪੈ ਗਿਆ। ਉਸ ਨੇ ਆਲੇ ਦੁਆਲੇ ਤੋਂ ਨਿਗਾਹ ਚੁਰਾ ਕੇ ਛਿਪਦੇ ਸੂਰਜ 'ਤੇ ਕੇਂਦਰਤ ਕਰ ਲਈ। ਮਨ ਵਿਚਾਰਾਂ ਤੋਂ ਮੁਕਤ ਹੋਣ ਲੱਗਾ ਅਤੇ ਆਤਮਾ ਨੂੰ ਕਿਸੇ ਅਜੀਬ ਧਰਵਾਸ ਨੇ ਦਿਲਾਸਾ ਦਿੱਤਾ। ਘਰ ਪਹੁੰਚਣ ਤੱਕ ਉਹ ਛਿਪਦੇ ਸੂਰਜ ਨੂੰ ਨਿਹਾਰਦਾ ਰਿਹਾ। ਮੋਟਰ ਵਾਲੇ ਚੁਬੱਚੇ ਕੋਲ ਪੁਜਾ ਤਾਂ ਸੂਰਜ ਛਿਪ ਚੁੱਕਾ ਸੀ। ਦਰਖਤਾਂ 'ਤੇ ਆਲ੍ਹਣਿਆਂ ਨੂੰ ਪਰਤ ਰਹੇ ਪੰਛੀਆਂ ਦੀ ਚਹਿਚਹਾਟ ਨੇ ਉਸ ਦਾ ਮਨ ਹੋਰ ਸਕੂਨ ਨਾਲ ਭਰ ਦਿੱਤਾ। ਸਭ ਤੋਂ ਪਹਿਲਾਂ ਉਨ੍ਹਾਂ ਦਾ ਨੌਕਰ ਪੂਰਬੀਆ ਉਸ ਦੇ ਮੱਥੇ ਲੱਗਿਆ। ਉਹਨੇ ਨੌਕਰ ਅਸ਼ੀਸ਼ ਦਾ ਰਸਮੀ ਹਾਲ-ਚਾਲ ਪੁੱਛਿਆ। ਚਾਚਾ ਕਰਮਾ ਤੇ ਨਵਜੋਤ ਉਹਦੀ ਕਦੋਂ ਦੇ ਉਡੀਕ ਕਰ ਰਹੇ ਸਨ। ਕਰਮੇ ਨੇ ਮੁੰਡੇ ਨੂੰ ਜੱਫੀ ਵਿੱਚ ਲਿਆ, 'ਅੱਜ ਫਿਰ ਲੇਟ ਹੋ ਗਿਆਂ ਵੀਰੂ!' ਇਹ ਕਰਮੇ ਦਾ ਤਕੀਆ ਕਲਾਮ ਹੀ ਬਣ ਗਿਆ ਸੀ। ਵੀਰਦੀਪ ਜਿਹੜੇ ਵੇਲੇ ਮਰਜੀ ਆ ਜਾਵੇ, ਉਹਨੇ ਇਹ ਜ਼ਰੂਰ ਕਹਿਣਾ ਹੁੰਦਾ। ਨਵਜੋਤ ਮੰਜੇ 'ਤੇ ਬੈਠੀ ਖੜ੍ਹੀ ਹੋ ਗਈ ਸੀ। ਵੀਰਦੀਪ ਨੇ ਉਹਦੇ ਗੋਡੀਂ ਹੱਥ ਲਾਏ ਤੇ ਨਵਜੋਤ ਨੇ ਸਿਰ ਪਲੋਸ ਦਿੱਤਾ। ਵੀਰਦੀਪ ਦਾ ਕੱਦ ਉਹਦੇ ਨਾਲੋਂ ਕਾਫੀ ਉੱਚਾ ਸੀ। ਵੀਰਦੀਪ ਨੇ ਨਵਜੋਤ ਨੂੰ ਅੱਜ ਨੇੜਿਉਂ ਵੇਖਿਆ। ਉਠਣ ਲੱਗੀ ਦੇ ਉਹਦੇ ਸਿਰ ਤੋਂ ਚੁੰਨੀ ਲਹਿ ਗਈ। ਉਹਦੇ ਮੱਥੇ ਉਪਰਲੇ ਵਾਲਾਂ ਵਿੱਚ ਕੁਝ ਧੌਲੇ ਵਿਖਾਈ ਦੇਣ ਲੱਗੇ ਸਨ। ਹੁਣ ਉਹ ਨੂੰਹ ਦਾ ਸਾਥ ਭਾਲਣ ਲੱਗੀ ਸੀ।

ਨਵਜੋਤ ਨੇ ਜੱਗ ਵਿੱਚ ਸ਼ੱਕਰ ਪਾਈ, ਦੋ ਨਿੰਬੂ ਨਿਚੋੜੇ ਅਤੇ ਠੰਡੇ ਪਾਣੀ ਨਾਲ ਜੱਗ ਭਰ ਕੇ ਲੈ ਆਈ। ਵੀਰਦੀਪ ਕਈ ਗਲਾਸ ਸ਼ਕੰਜਵੀ ਦੇ ਪੀ ਗਿਆ। ਖਾਣ-ਪੀਣ ਉਹਦਾ ਪਹਿਲਾਂ ਤੋਂ ਹੀ ਖੁੱਲ੍ਹਾ ਸੀ। ਨਵਜੋਤ ਨੂੰ ਪਤਾ ਸੀ ਕਿ ਸ਼ਕੰਜਵੀ ਦੇ ਇੱਕ ਅੱਧੇ ਗਿਲਾਸ ਨਾਲ ਉਹਦਾ ਦਿਲ ਨਹੀਂ ਭਰਨਾ। ਬਾਹਰ ਗਰਮੀ ਸੀ ਅਤੇ ਖੇਤਾਂ ਦੇ ਸਾੜ ਕਾਰਨ ਪੈਦਾ ਹੋਏ ਧੂਏਂ ਕਾਰਨ ਇਹ ਹੋਰ ਤਲਖ ਹੋ ਗਈ ਸੀ। ਸ਼ਕੰਜਵੀ ਨਾਲ ਇੱਕ ਵਾਰ ਤਾਂ ਕਾਲਜੇ ਠੰਡ ਪੈ ਗਈ।

ਕਰਮਾ ਤੇ ਨਵਜੋਤ ਉਹਦੇ ਨਾਲ ਕੁਝ ਦੇਰ ਗੱਲਾਂ ਕਰਦੇ ਰਹੇ। ਉਹਦੇ ਕਿੱਤੇ ਬਾਰੇ, ਉਸਤਾਦ ਵਕੀਲ ਅਤੇ ਪੈਸੇ-ਧੇਲੇ ਆਦਿ ਬਾਰੇ ਗੱਲਾਂ ਹੁੰਦੀਆਂ ਰਹੀਆਂ। ਥੋੜ੍ਹੀ ਦੇਰ ਬਾਅਦ ਉਹ ਪੌੜੀ ਚੜ੍ਹਿਆ ਤੇ ਆਪਣੇ ਕਮਰੇ ਵਿੱਚ ਚਲਾ ਗਿਆ। ਕੱਪੜੇ ਉਤਾਰੇ ਤੇ ਤੇੜ ਤੌਲੀਆ ਲਪੇਟ ਕੇ ਚਲਦੀ ਮੋਟਰ ਦੇ ਚੁਬੱਚੇ ਵਿੱਚ ਨਹਾਉਣ ਲੱਗਾ। ਗਰਮੀ ਤੋਂ ਰਾਹਤ ਲਈ ਉਹ ਕਈ ਦੇਰ ਨਹਾਉਂਦਾ ਰਿਹਾ। ਫਿਰ ਕੱਪੜੇ ਬਦਲੇ ਤੇ ਹੇਠਾਂ ਲੌਬੀ ਵਿੱਚ ਆ ਗਿਆ, ਉਦੋਂ ਤੱਕ ਨਵਜੋਤ ਨੇ ਡਾਈਨਿੰਗ ਟੇਬਲ 'ਤੇ ਰੋਟੀ ਲਗਾ ਦਿੱਤੀ ਸੀ। ਇੰਨੇ ਨੂੰ ਕਰਮਾ ਵੀ ਆ ਗਿਆ। ਉਹ ਤਿੰਨੋ ਰੋਟੀ ਖਾਣ ਲੱਗੇ। ਅਸ਼ੀਸ਼ ਪਹਿਲਾਂ ਹੀ ਰੋਟੀ ਖਾ ਚੁੱਕਾ ਸੀ। ਰੋਟੀ ਖਾਂਦਿਆਂ ਉਹ ਨਿੱਕੀਆਂ ਨਿੱਕੀਆਂ ਘਰੇਲੂ ਗੱਲਾਂ ਕਰਦੇ ਰਹੇ। ਫਿਰ ਨਵਜੋਤ ਅਸਲੀ ਗੱਲ 'ਤੇ ਆ ਗਈ, 'ਹੁਣ ਤਾਂ ਵੀਰਦੀਪ ਤੂੰ ਕਮਾਉਣ ਵੀ ਲੱਗ ਪਿਐਂ, ਆਪਾਂ ਜੇ ਵਿਆਹ ਕਰ ਲਈਏ ਤੇਰਾ।' ਉਹਨੇ ਇੱਕ ਤਰ੍ਹਾਂ ਨਾਲ ਮੁੰਡੇ ਦਾ ਮਨ ਟੋਹਣਾ ਚਾਹਿਆ।

'ਵਿਆਹ ਵੀ ਕਰ ਲਾਂਗੇ ਚਾਚੀ, ਕਾਹਲੀ ਕਾਹਦੀ ਹੈ, ਮੈਂ ਵਿਆਹ ਕਰਵਾਉਣ ਜੋਗਾ ਹੋ ਤੇ ਲਵਾਂ; ਹਾਲੇ ਮੇਰੀ ਕਮਾਈ ਇੰਨੀ ਵੀ ਨਹੀਂ ਹੋਈ ਕਿ ਲਾਵਾਂ ਵਾਲੀ ਦੇ ਨਖਰੇ ਚੁੱਕ ਸਕਾਂ' ਵੀਰਦੀਪ ਨੇ ਚਾਚੀ ਨੂੰ ਹੱਸ ਕੇ ਉੱਤਰ ਦਿੱਤਾ।

'ਕਮਾਈਆਂ ਕਮੂਈਆਂ ਤਾਂ ਇਉਂ ਈ ਚਲਦੀਆਂ ਰਹਿਣੀਆਂ ਵੀਰਦੀਪ, ਹਰ ਚੀਜ ਸਮੇਂ ਸਿਰ ਹੀ ਸੋਹਣੀ ਲਗਦੀ। ਬਾਅਦ 'ਚ ਤਾਂ ਕੁਵੇਲੇ ਦੀਆਂ ਟੱਕਰਾਂ ਹੁੰਦੀਆਂ। ਨਾਲੇ ਹੁਣ ਤਾਂ ਚੰਗੇ ਰਿਸ਼ਤੇ ਆਉਂਦੇ, ਫੇਰ ਪਤਾ ਨ੍ਹੀਂ ਕਿਸ ਤਰ੍ਹਾਂ...।' ਕਰਮੇ ਨੇ ਅੱਧੀ ਗੱਲ ਵਿੱਚੇ ਛੱਡ ਦਿੱਤੀ।

'ਤੁਸੀਂ ਅਸਲ ਗੱਲ ਕਰੋ ਚਾਚਾ ਮੈਂ ਕਿਹੜਾ ਤੁਹਾਥੋਂ ਭਜਿਆਂ, ਜਿਵੇਂ ਕਹੋਗੇ ਕਰ ਲਾਂਗੇ' ਵੀਰਦੀਪ ਨੇ ਗੱਲ ਮੋੜੀ।

'ਤੇਰੀ ਕੋਈ ਆਪਣੀ ਪਸੰਦ ਹੈਗੀ ਤਾਂ ਦੱਸ, ਆਪਾਂ ਬਣਾਲਾਂਗੇ ਕੋਈ ਬਿਧ' ਕਰਮੇ ਨੇ ਵੀਰਦੀਪ ਨੂੰ ਫਰੋਲਣਾ ਚਾਹਿਆ।

'ਥੋਡੀ ਪਸੰਦ ਵਿੱਚ ਹੀ ਮੇਰੀ ਪਸੰਦ ਹੋਊ, ਮੈਂ ਤੁਹਾਥੋਂ ਬਾਹਰ ਕਿਵੇਂ ਹੋ ਸਕਦਾਂ' ਵੀਰਦੀਪ ਨੇ ਦੋਹਾਂ ਨੂੰ ਇੱਕ ਤਰ੍ਹਾਂ ਨਿਰਉੱਤਰ ਕਰ ਦਿੱਤਾ। ਉਹ ਥੋੜ੍ਹੀ ਦੇਰ ਵੀਰਦੀਪ ਦੇ ਚਿਹਰੇ ਵੱਲ ਵੇਖਦੇ ਰਹੇ। ਫਿਰ ਉਨ੍ਹਾਂ ਨੇ ਇੱਕ-ਦੂਜੇ ਨਾਲ ਨਜ਼ਰ ਮਿਲਾਈ। ਦੋਹਾਂ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ। ਫਿਰ ਕਰਮੇ ਨੇ ਗੱਲ ਤੋਰੀ; 'ਧੌਲਪੁਰ ਤੋਂ ਇੱਕ ਕੁੜੀ ਦਾ ਰਿਸ਼ਤਾ ਆਉਂਦਾ, ਬੀ.ਐਡ ਕਰਕੇ ਸਾਇੰਸ ਟੀਚਰ ਲੱਗੀ ਹੋਈ ਕੁੜੀ ਰਾਈਆਣੇ ਵੱਡੇ ਸਕੂਲ 'ਚ, ਤੂੰ ਕਹੇਂ ਤਾਂ ਕੁੜੀ ਵੇਖ ਵੂਖ ਲੈਨੇ ਆਂ ਤੇ ਤੂੰ ਵੀ ਮਿਲ ਲਈਂ ਕਿਸੇ ਦਿਨ ਕੁੜੀ ਨੂੰ।'

'ਕੀ ਨਾਂ ਐ ਕੁੜੀ ਦਾ' ਵੀਰਦੀਪ ਨੇ ਪੈਂਦੀ ਸੱਟੇ ਪੁੱਛਿਆ।

'ਹਰਜੀਤ ਕੌਰ ਦੱਸਦੇ ਨੇ, ਬਾਕੀ ਤੂੰ ਪਤਾ ਕਰ'ਲੀਂ ਆਪਣੇ ਮਿੱਤਰਚਾਰੇ ਤੋਂ ਕੁੜੀ ਬਾਰੇ' ਨਵਜੋਤ ਨੇ ਗੱਲ ਅੱਗੇ ਤੋਰੀ।

ਵੀਰਦੀਪ ਪਲ ਦੀ ਪਲ ਚੁੱਪ ਕਰ ਗਿਆ ਅਤੇ ਫਿਰ ਕੁਝ ਸੋਚਣ ਲੱਗਾ। ਕੁਝ ਪਲ ਸੋਚਣ ਤੋਂ ਬਾਅਦ ਫਿਰ ਉਹ ਬੋਲਿਆ; 'ਉਨ੍ਹਾਂ ਨੂੰ ਮੇਰੇ ਪਿਛੋਕੜ ਬਾਰੇ ਸਾਰਾ ਕੁਝ ਦੱਸ ਦੇਣਾ ਸੀ ਮਾਤਾ, ਬਾਅਦ ਵਿੱਚ ਆਪਣੇ ਸ਼ਰੀਕਾਂ ਤੋਂ ਸੂਹਾਂ ਕੱਢਦੇ ਫਿਰਨਗੇ।'

'ਅਸੀਂ ਕੀਤੀ ਸੀ ਸਾਰੀ ਗੱਲ, ਪਰ ਉਹ ਰਿਸ਼ਤਾ ਕਰਨ 'ਤੇ ਬਜ਼ਿੱਦ ਰਹੇ' ਕਰਮਾ ਆਖਣ ਲੱਗਾ।

'ਫੇਰ ਠੀਕ ਐ, ਕਰ ਲੋ ਜਿਵੇਂ ਤੁਸੀਂ ਕਰਨਾ, ਥੁਆਡੇ ਤੋਂ ਚੰਗਾ ਮੇਰਾ ਹੋਰ ਕੌਣ ਸੋਚ ਸਕਦਾ' ਵੀਰਦੀਪ ਹੁਣ ਸਮਝ ਗਿਆ ਸੀ ਕਿ ਹਰਜੀਤ ਨੇ ਭੇਜੇ ਹੋਣਗੇ ਆਪਣੇ ਮਾਪੇ ਰਿਸ਼ਤੇ ਲਈ।

---

ਫਿਰ ਇੱਕ ਦਿਨ ਨਾਭੇ ਦੇ ਛੋਟੇ ਜਿਹੇ ਹੋਟਲ ਵਿੱਚ ਹਰਜੀਤ ਦੇ ਮਾਪੇ ਅਤੇ ਕਰਮੇ ਹੋਰੀਂ ਇੱਕ ਦੂਜੇ ਦੇ ਸਨਮੁਖ ਹੋਏ। ਹਰਜੀਤ ਤੇ ਵੀਰਦੀਪ ਨੂੰ ਉਨ੍ਹਾਂ ਇੱਕ ਵੱਖਰੇ ਕਮਰੇ ਵਿੱਚ ਮਿਲਣ ਦਾ ਮੌਕਾ ਦਿੱਤਾ। ਕੁਝ ਦੇਰ ਲਈ ਦੋਵੇਂ ਇੱਕ ਦੂਜੇ ਵੱਲ ਵੇਖਦੇ ਰਹਿ ਗਏ। ਹਰਜੀਤ ਪਹਿਲਾਂ ਨਾਲੋਂ ਕੁਝ ਪਤਲੀ ਅਤੇ ਲੰਬੀ ਲੱਗ ਰਹੀ ਸੀ। ਰੰਗ ਵੀ ਕੁਝ ਸਾਫ ਹੋ ਗਿਆ ਸੀ। ਗੱਲਬਾਤ ਵਿੱਚ ਪਰਪੱਕਤਾ ਆ ਗਈ ਸੀ। ਸ਼ਾਇਦ ਇਹ ਅਧਿਆਪਨ ਦਾ ਚੜ੍ਹਿਆ ਰੰਗ ਸੀ, ਹੋ ਸਕਦੈ ਨੌਕਰੀ ਦਾ ਅਸਰ ਹੋਵੇ। ਪੱਲਿਆਂ ਤੋਂ ਕੱਢੇ ਹੋਏ ਹਲਕੇ ਗਾਜਰੀ ਸੂਟ ਵਿੱਚ ਉਹ ਇੰਨੀ ਜਚੀ ਕਿ ਇੱਕ ਪਲ ਵੀਰਦੀਪ ਨੂੰ ਜਾਪਿਆ ਕਿ ਕਾਲਜ ਵਾਲੀ ਨਹੀਂ, ਇਹ ਕੋਈ ਹੋਰ ਹਰਜੀਤ ਹੈ। ਫਿਰ ਉਹ ਗੱਲੀਂ ਪੈ ਗਏ- ਦਿਲਬਾਗ ਦੇ ਕਾਰਨਾਮਿਆਂ ਬਾਰੇ, ਕਾਲਜ ਵਿੱਚ ਬੀਤੀ ਜ਼ਿੰਦਗੀ ਬਾਰੇ ਅਤੇ ਹਰਜੀਤ ਤੇ ਵੀਰਦੀਪ ਦੇ ਮੌਜੂਦਾ ਕਿੱਤਿਆਂ ਬਾਰੇ। ਹਰਜੀਤ ਤੋਂ ਹੀ ਉਹਨੂੰ ਪਤਾ ਲੱਗਾ ਕਿ ਰਿਸ਼ਤੇ ਲਈ ਸਾਰਾ ਜ਼ੋਰ ਸਿਮਰਨ ਨੇ ਲਾਇਆ ਸੀ। ਬੈਠਿਆਂ ਉਨ੍ਹਾਂ ਨੂੰ ਪਤਾ ਹੀ ਨਾ ਲੱਗਾ ਸਮਾਂ ਕਦੋਂ ਬੀਤ ਗਿਆ। ਇੰਨੇ ਨੂੰ ਹੋਟਲ ਦੇ ਇੱਕ ਮੁਲਾਜ਼ਮ ਨੇ ਆਣ ਕੇ ਦੱਸਿਆ ਕਿ ਉਨ੍ਹਾਂ ਦੀ ਬਾਹਰ ਉਡੀਕ ਹੋ ਰਹੀ ਹੈ। ਆਏ ਤਾਂ ਉਹ ਵੇਖ ਵਖਾਲਾ ਕਰਨ ਸਨ, ਪਰ ਹਰਜੀਤ ਦੇ ਮਾਪਿਆਂ ਨੇ ਕੁਝ ਮਠਿਆਈ ਮੰਗਵਾਈ ਅਤੇ ਇਕਵੰਜਾ ਸੌ ਰੁਪਏ ਮੁੰਡੇ ਦੇ ਪੱਲੇ ਪਾ ਕੇ ਰਿਸ਼ਤਾ ਪੱਕਾ ਕਰ ਗਏ।

---

ਵੀਰਦੀਪ ਨੂੰ ਮਿਲਣ ਤੋਂ ਬਾਅਦ ਦਿਲਬਾਗ ਕੁਝ ਦਿਨ ਘਰ ਹੀ ਰਿਹਾ। ਫਿਰ ਉਹ ਘੋੜਿਆਂ ਨੂੰ ਵੀ ਦੌੜਨ ਲਈ ਨਾਲ ਲਿਜਾਣ ਲੱਗੇ। ਉਨ੍ਹਾਂ ਕੋਲ ਹੁਣ ਚਾਰ ਘੋੜੇ 'ਤੇ ਇੱਕ ਘੋੜੀ ਸੀ। ਦਿਲਬਾਗ ਪਿਆਰ ਨਾਲ ਉਹਨੂੰ 'ਰਾਣੀ' ਆਖਦਾ। ਦਿਲਬਾਗ ਘੋੜਿਆਂ ਨਾਲ ਘੋੜੇ ਵਾਂਗ ਹੀ ਦੌੜਦਾ ਸੀ। ਘੋੜੀ ਨੂੰ ਉਹ ਸ਼ਿੰਗਾਰ ਕੇ ਰੱਖਦਾ। ਕਦੀ ਕਦੀ ਉਹਦੇ 'ਤੇ ਸ਼ੌਕੀਆ ਗੇੜਾ ਦਿੰਦਾ। ਪਿੰਡ ਦੇ ਲੋਕ ਹੁਣ ਉਨ੍ਹਾਂ ਨੂੰ ਘੋੜਿਆਂ ਵਾਲਿਆਂ ਦਾ ਲਾਣਾ ਆਖਣ ਲੱਗੇ ਸਨ। ਦੌੜਨ ਵੇਲੇ ਦੂਜੇ ਮੁੰਡੇ ਕਾਫੀ ਪਿੱਛੇ ਰਹਿ ਜਾਂਦੇ, ਦਿਲਬਾਗ ਨਾਲ ਰਲਣ ਲਈ ਫਿਰ ਉਹ ਘੋੜਿਆਂ 'ਤੇ ਸਵਾਰ ਹੋ ਜਾਂਦੇ। ਜਦੋਂ ਉਹ ਬਰਾਬਰ ਆ ਜਾਂਦੇ ਤਾਂ ਕਈ ਵਾਰ ਦਿਲਬਾਗ ਉਨ੍ਹਾਂ ਨੂੰ ਨਾਲ ਰਲਣ ਲਈ ਵੰਗਾਰਦਾ। ਇੰਝ ਹੱਸਦੇ-ਖੇਡਦੇ ਉਹ ਸਖਤ ਕਸਰਤ ਵਿੱਚੋਂ ਗੁਜਰਦੇ। ਛੇ-ਸੱਤ ਮੱਝਾਂ ਸਨ, ਉਨ੍ਹਾਂ ਵਿੱਚੋਂ ਤਿੰਨ ਚਾਰ ਸੁਈਆਂ ਰਹਿੰਦੀਆਂ। ਆਣ ਕੇ ਜਿੰਨਾ ਦਿਲ ਕਰਦਾ ਦੁਧ ਪੀਂਦੇ। ਦੇਸੀ ਘਿਉ 'ਚ ਤਲੇ ਪਰੌਂਠੇ ਖਾਂਦੇ ਤੇ ਸੌਂ ਜਾਂਦੇ। ਕਈ ਵਾਰ ਦੁੱਧ ਨਾਲ ਈ ਲੱਪ ਲੱਪ ਦੇਸੀ ਘਿਉ ਖਾ ਜਾਂਦੇ। ਦਿਲਬਾਗ ਉਨ੍ਹਾਂ ਨੂੰ ਖਾਣ-ਸੌਣ ਵੇਲੇ ਟੋਕਦਾ ਨਾ। ਦੋ ਕੁ ਵਜੇ ਉਠਦੇ ਤੇ ਨੌਕਰ ਪੂਰਬੀਏ ਨਾਲ ਕੱਖ ਕੰਡਾ ਕਰਵਾ ਦਿੰਦੇ। ਪਸ਼ੂਆਂ ਦੀ ਸਾਂਭ-ਸੰਭਾਲ ਕਰਦੇ ਤੇ ਬਚਦਾ ਦੁੱਧ ਘੁੱਕਰ ਹਲਵਾਈ ਦੀ ਦੁਕਾਨ 'ਤੇ ਪਾ ਆਉਂਦੇ। ਘਰੇ ਫਿਟਨੈਸ ਮਸ਼ੀਨਾਂ ਅਤੇ ਵੇਟ ਵਗੈਰਾ ਰੱਖੇ ਹੋਏ ਸਨ। ਦੇਰ ਸ਼ਾਮ ਫਿਰ ਕਸਰਤ ਕਰਨ ਲਗਦੇ। ਇਸ ਦੌਰਾਨ ਛੜਿਆਂ ਦੀ ਹਵੇਲੀ ਵਾਂਗ ਉਚੀ ਆਵਾਜ਼ ਵਿੱਚ ਬੀਟ ਸੌਂਗ ਵੱਜਦੇ ਰਹਿੰਦੇ। ਦਿਲਬਾਗ ਅੰਬੇ ਹੋਰਾਂ ਨੂੰ ਟੋਕਦਾ ਤੇ ਆਵਾਜ਼ ਹੌਲੀ ਕਰਨ ਲਈ ਆਖਦਾ। ਉਹ ਪਿੱਠ ਮਰੋੜਦਾ 'ਤੇ ਛੋਟਿਆਂ ਦੀ ਜੋੜੀ ਫਿਰ ਆਵਾਜ਼ ਚੁੱਕ ਦਿੰਦੀ। ਦਿਲਬਾਗ ਜ਼ਿਆਦਾ ਟੋਕਦਾ ਤਾਂ ਉਹਦਾ ਹੱਥ ਫੜ ਕੇ ਨੱਚਣ ਲਾ ਲੈਂਦੇ। 'ਤੇਰੇ ਵਿਆਹ ਵਿੱਚ ਭੰਗੜਾ ਪਾਉਣ ਦੀ ਪ੍ਰੈਕਟਿਸ ਕਰਦੇ ਆਂ ਬਾਈ, ਟੋਕਿਆ ਨਾ ਕਰ ਯਾਰ ਸਾਨੂੰ' ਉਹ ਦਿਲਬਾਗ ਨੂੰ ਆਖਦੇ, ਦਿਲਬਾਗ ਦੀ ਖਿਝਣ ਉਡ ਪੁਡ ਜਾਂਦੀ। ਹੁਣ ਉਹ ਆਪਸ ਵਿੱਚ ਬਹੁਤ ਰਚ-ਮਿਚ ਗਏ ਸਨ। ਕਈ ਵਾਰ ਉਹ ਦਿਲਬਾਗ ਨੂੰ ਆਖਦੇ, 'ਬਾਈ ਸਾਨੂੰ ਘਰ ਵਾਲਿਆਂ ਨੂੰ ਮਿਲਾ ਦੇ।' ਘਰੋਂ ਨਿਕਲਿਆਂ ਨੂੰ ਹੁਣ ਕਈ ਸਾਲ ਗੁਜਰ ਗਏ ਸਨ, ਮੁੰਡਿਆਂ ਨੂੰ ਮਾਪਿਆਂ ਦੀ ਯਾਦ ਆਉਂਦੀ, ਪਿੰਡ ਜਾਣ ਨੂੰ ਦਿਲ ਕਰਦਾ। ਜਿਹੜੀਆਂ ਸੱਥਾਂ ਛੱਡ ਆਏ ਸਨ, ਉਨ੍ਹਾਂ ਵਿੱਚ ਤਾਸ਼ ਖੇਡਣ ਨੂੰ ਜੀ ਕਰਦਾ। ਕਈ ਵਾਰ ਉਨ੍ਹਾਂ ਨੂੰ ਆਪਣੇ ਵਿਆਹਾਂ ਦੀ ਵੀ ਫਿਕਰ ਹੁੰਦੀ। ਕਦੀ ਕਦੀ ਉਹ ਖਾਸੇ ਮਸੋਸੇ ਜਾਂਦੇ। ਅਜਿਹੇ ਮੌਕੇ ਦਿਲਬਾਗ ਮਾਂ ਵਾਂਗ ਉਨ੍ਹਾਂ ਦੇ ਆਲੇ-ਦੁਆਲੇ ਫਿਰਦਾ।

ਇੱਕ ਦਿਨ ਦਿਲਬਾਗ ਤੜਕੇ ਉੱਠਿਆ, ਪਿਸਤੌਲ ਡੱਬ ਵਿੱਚ ਦੇ ਲਿਆ ਅਤੇ ਘਰੋਂ ਨਿਕਲ ਗਿਆ। ਦਿਨ ਚੜ੍ਹਦੇ ਤੋਂ ਪਹਿਲਾਂ ਉਹ ਅੰਬੇ ਤੇ ਗੋਲੂ ਦੀਆਂ ਮਾਵਾਂ ਨੂੰ ਗੱਡੀ ਵਿੱਚ ਬਿਠਾ ਕੇ ਆਪਣੇ ਟਿਕਾਣੇ 'ਤੇ ਲੈ ਆਇਆ। ਮੁੜਦਿਆਂ ਗੱਡੀ ਉਹਨੇ ਹਵਾਈ ਜਹਾਜ਼ ਬਣਾ ਦਿੱਤੀ, ਡੇੜ ਸੌ ਦੀ ਸਪੀਡ 'ਤੇ ਚੁੱਕੀ ਰੱਖੀ। ਬੀਬੀਆਂ ਨੂੰ ਪਤਾ ਹੀ ਨਾ ਲੱਗਾ ਕਦੋਂ ਕਿੱਥੇ ਪਹੁੰਚ ਗਈਆਂ ਹਨ। ਮਾਵਾਂ ਮੁੰਡਿਆਂ ਦੇ ਗਲ ਚਿੰਬੜ ਕੇ ਰੋਣ ਲੱਗੀਆਂ। ਰੋਣ ਰੁਕਿਆ ਤਾਂ ਮੁੰਡਿਆਂ ਨੂੰ ਘਰ ਜਾਣ ਲਈ ਆਖਣ ਲੱਗੀਆਂ। ਅੰਬੇ ਦੀ ਮਾਤਾ ਬਹੁਤ ਜ਼ਿਆਦਾ ਵੈਰਾਗੀ ਹੋਈ ਸੀ। ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ। ਉਹਦੀ ਇੱਕ ਛੋਟੀ ਭੈਣ ਪੁਲਿਸ ਦੇ ਨਿੱਤ ਦੇ ਗੇੜਿਆਂ ਤੋਂ ਡਰਦਿਆਂ ਮਾਪਿਆ ਵਿਆਹ ਦਿੱਤੀ ਸੀ, 'ਅਮਰਜੀਤ ਚੱਲ ਵੇ ਘਰ, ਮੇਰੀ ਰੂਹ ਤਰਸਗੀ ਤੈਨੂੰ ਵੇਖਣ ਨੂੰ। ਭੈਣ ਤੇਰੀ ਔਂਡ ਕਲਪਦੀ ਤੈਨੂੰ ਮਿਲਣ ਲਈ। ਪਿਉ ਤੇਰਾ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦਾ ਰਾਤ ਨੂੰ। ਸੀਰੀ ਚੰਗੇ ਨਾ ਮਿਲਦੇ ਤਾਂ ਸਾਰੀ ਖੇਤੀ ਰੁੜ੍ਹ ਪੁੜ ਜਾਂਦੀ। ਤੈਨੂੰ ਪਾਲਿਆ ਪਨਾਸਿਆ ਸੀ ਬਈ ਪੋਤੇ-ਪੋਤੀਆਂ ਨਾਲ ਘਰ ਹਰਿਆ ਭਰਿਆ ਹੋ ਜੂ, ਤੂੰ ਕੰਬਖਤਾ ਪਤਾ ਨ੍ਹੀਂ ਕਿਹੜੇ ਰਾਹੀਂ ਤੁਰ ਪਿਆਂ!' ਉਹ ਫਿਰ ਹਟਕੋਰੇ ਭਰਨ ਲੱਗੀ।

ਗੋਲੂ ਦੀ ਮਾਤਾ ਥੋੜ੍ਹੀ ਸਹਿਜ ਵਿੱਚ ਸੀ। ਉਹਨੂੰ ਮੁੰਡੇ ਦੇ ਪੜ੍ਹ-ਲਿਖ ਕੇ ਕੋਈ ਵੱਡਾ ਅਫਸਰ ਲੱਗਣ ਦੀ ਉਮੀਦ ਸੀ। ਆਖਣ ਲੱਗੀ, 'ਵੇ ਗੋਲੂ, ਕਬੱਡੀ ਦੇ ਵੈਲ ਨੇ ਤੈਨੂੰ ਪੱਟ ਦਿੱਤਾ, ਪੜ੍ਹ ਲਿਖ ਕੇ ਕਿਧਰੇ ਨੌਕਰੀ ਲੱਗ ਜਾਂਦਾ ਤਾਂ ਘਰ ਨੂੰ ਚਾਰ ਪੈਸੇ ਆਉਂਦੇ। ਹੁਣ ਮੈਂ ਤਾਂ ਜੱਟਾਂ ਦੇ ਬੰਨਿਆਂ 'ਤੇ ਘਾਹ ਖੋਤਣ ਜੋਗੀ ਹੀ ਰਹਿ ਗਈ। ਤੈਥੋਂ ਛੋਟਾ ਤੇਰੇ ਨਾਲੋਂ ਵੀ ਨਿਕੰਮਾ ਨਿਕਲਿਆ। ਪਤਾ ਨਹੀਂ ਕਿਹੜੇ ਕਿਹੜੇ ਨਸ਼ੇ ਕਰਕੇ ਕੰਧੀਂ ਕੌਲੀਂ ਵੱਜਦਾ ਰਹਿੰਦਾ। ਭੈਣ ਤੇਰੀ ਪੜ੍ਹਨ ਨੂੰ ਚੰਗੀ ਸੀ, ਉਹ ਤੇਰੇ ਬਾਪੂ ਨੇ ਤਿੰਨ ਲੀੜਿਆਂ ਵਿੱਚ ਹੀ ਵਿਆਹ ਕੇ ਤੋਰ ਦਿੱਤੀ। ਖੈਰ! ਜੁਆਈ ਚੰਗਾ ਨਿਕਲਿਆ ਸਰਕਾਰੀ ਨੌਕਰੀ ਕਰਦਾ, ਕੁੜੀ ਸੁਖੀ ਵੱਸਦੀ। ਉਧਰੋਂ ਤਾਂ ਮੈਨੂੰ ਹੁਣ ਠੰਡੇ ਬੁੱਲੇ ਆਉਂਦੇ। ਤੇਰਾ ਤੇ ਤੈਥੋਂ ਛੋਟੇ ਦਾ ਪਤਾ ਨ੍ਹੀਂ ਕੀ ਬਣੂੰ! ਤੇਰਾ ਬਾਪੂ ਅੱਧਖੜ ਉਮਰ 'ਚ ਵੀ ਜੱਟਾਂ ਨਾਲ ਹੱਡ ਰਗੜਾਈ ਜਾਂਦਾ।' ਇੰਨਾ ਆਖ ਕੇ ਮਾਤਾ ਚੁੱਪ ਕਰ ਗਈ। ਦਿਲਬਾਗ ਕੁਝ ਸਮੇਂ ਲਈ ਏਧਰ ਉਧਰ ਹੋਇਆ, ਪਰ ਉਹਦਾ ਕੰਨ ਮਾਵਾਂ ਪੁੱਤਾਂ ਨਾਲ ਗੱਲਬਾਤ ਵਿੱਚ ਹੀ ਰਿਹਾ। ਪੂਰਬੀਏ ਨੂੰ ਉਹਨੇ ਪਸ਼ੂਆਂ ਵੱਲ ਹੀ ਉਲਝਾਈ ਰੱਖਿਆ ਸੀ। ਦਿਲਬਾਗ ਨੇ ਹਲਵਾਈ ਦੀ ਦੁਕਾਨ ਤੋਂ ਦੋ ਕਿੱਲੋ ਕੜ੍ਹਿਆ ਹੋਇਆ ਦੁਧ ਮੰਗਵਾਇਆ। ਨਾਲ ਹੀ ਹੋਟਲ ਤੋਂ ਛੇ-ਸੱਤ ਬੰਦਿਆਂ ਦੀ ਰੋਟੀ ਮੰਗਵਾ ਲਈ। ਬੀਬੀਆਂ ਅੰਨ ਪਾਣੀ ਛਕਣ ਲਈ ਰਾਜ਼ੀ ਨਹੀਂ ਸਨ। ਦਿਲਬਾਗ ਨੇ ਜ਼ੋਰ ਦਿੱਤਾ, ਉਹ ਮੰਨ ਗਈਆਂ। ਬਾਅਦ ਵਿੱਚ ਸਾਰਿਆਂ ਨੇ ਸ਼ੱਕਰ ਵਾਲਾ ਗੇਰੂਆ ਭਾਅ ਮਾਰਦਾ ਦੁੱਧ ਛਕਿਆ। ਹੁਣ ਮਾਵਾਂ ਕਾਫੀ ਸਹਿਜ ਹੋ ਗਈਆਂ ਸਨ। ਉਹ ਆਲਾ-ਦੁਆਲਾ ਵੇਖਣ ਲੱਗੀਆਂ ਫਿਰ ਤੁਰ ਕੇ। ਮੁੰਡਿਆਂ ਦੀ ਹਵੇਲੀ ਨੇ ਉਨ੍ਹਾਂ ਦੀ ਰੂਹ ਰਾਜ਼ੀ ਕਰ ਦਿੱਤੀ। ਫਿਰ ਘੋੜਿਆਂ ਦੇ ਦਰਸ਼ਨ ਕੀਤੇ। ਚੋਣਵੇਂ ਲੇਵੇ ਵਾਲੀਆਂ ਮੱਝਾਂ ਦੇ ਪੁੜਿਆਂ 'ਤੇ ਹੱਥ ਮਾਰ ਕੇ ਪਰਖਣ ਲੱਗੀਆਂ। ਉਚੀ ਤੇ ਤਾਰ ਨਾਲ ਵਲੀ ਚਾਰ-ਦੀਵਾਰੀ ਵੱਲ ਨਿਗਾਹ ਗਈ। ਅੰਬਾਂ, ਆੜੂਆਂ ਤੇ ਅੰਗੂਰਾਂ ਦੀਆਂ ਵੇਲਾਂ ਨਾਲ ਲੱਦੇ ਵੇਹੜੇ ਨਾਲ ਉਨ੍ਹਾਂ ਦਾ ਅੰਦਰ ਗਦ-ਗਦ ਹੋ ਗਿਆ। ਢਾਈ ਕੁ ਵਜੇ ਦਿਲਬਾਗ ਨੇ ਉਨ੍ਹਾਂ ਨੂੰ ਛੱਡ ਕੇ ਆਉਣ ਲਈ ਗੱਡੀ ਸਟਾਰਟ ਕਰ ਲਈ। ਬੀਬੀਆਂ ਉੱਠਣ ਵਿੱਚ ਨਾ ਆਉਣ। ਅੰਬੇ ਹੋਰਾਂ ਨੇ ਫਿਰ ਜੱਫੀਆਂ 'ਚ ਲੈ ਕੇ ਬੀਬੀ ਹੋਰਾਂ ਨੂੰ ਤੋਰਿਆ। ਦੋਵੇਂ ਮੁੰਡੇ ਇੱਕੋ ਪਿੰਡ ਤੋਂ ਸਨ। ਦਿਲਬਾਗ ਨੇ ਪਹਿਲਾਂ ਅੰਬੇ ਦੀ ਮਾਂ ਨੂੰ ਉਹਦੇ ਘਰ ਅੱਗੇ ਉਤਾਰਿਆ, ਫਤਿਹ ਬੁਲਾਈ ਅਤੇ ਗੋਲੂ ਦੇ ਘਰ ਵੱਲ ਤੁਰ ਪਿਆ। ਦਰਾਂ ਮੂਹਰੇ ਗੱਡੀ ਰੋਕੀ ਤੇ ਇੱਕ ਲਿਫਾਫਾ ਗੋਲੂ ਦੀ ਮਾਂ ਵੱਲ ਕਰਦਿਆਂ ਕਿਹਾ, 'ਆਹ ਲੈ ਬੀਬੀ ਸਾਂਭ ਕੇ ਲਿਜਾਈਂ, ਇਹਦੇ ਵਿੱਚ ਕੁਝ ਪੈਸੇ ਨੇ, ਮੁੰਡੇ ਦਾ ਕਿਸੇ ਚੰਗੇ ਜਿਹੇ ਡਾਕਟਰ ਤੋਂ ਇਲਾਜ ਕਰਵਾਉ। ਮੈਂ ਫਿਰ ਆਵਾਂਗਾ, ਹੋਰ ਲੋੜ ਹੋਈ ਤਾਂ ਦੱਸ ਦੇਣਾ। ਨਸ਼ਾ ਵੀ ਇੱਕ ਬਿਮਾਰੀ ਹੈ, ਦਿਲ ਨਹੀਂ ਛੱਡਣਾ, ਮੁੰਡਾ ਛੇਤੀ ਠੀਕ ਹੋ ਜਾਵੇਗਾ।' ਮਾਤਾ ਨੇ ਪਹਿਲਾਂ ਤਾਂ ਨਾਂਹ ਨੁੱਕਰ ਕੀਤੀ, ਪਰ ਅੰਤ ਦਿਲਬਾਗ ਨੇ ਝੋਲਾ ਉਸ ਦੇ ਹੱਥ ਫੜਾ ਦਿੱਤਾ, ਨਾਲ ਹੀ ਉਹਨੇ ਗੱਡੀ ਤੋਰ ਲਈ। ਮਾਤਾ ਨੇ ਘਰ ਜਾ ਕੇ ਵੇਖਿਆ ਤਾਂ ਝੋਲੇ ਵਿੱਚ ਪੰਜ ਪੰਜ ਸੌ ਦੇ 100 ਨੋਟ ਸਨ। ਉਹਨੂੰ ਪਤਾ ਨਾ ਲੱਗੇ ਕਿੱਥੇ ਰੱਖਾਂ। ਮਾਈ ਨੇ ਇੰਨੇ ਇਕੱਠੇ ਪੈਸਿਆਂ ਨੂੰ ਪਹਿਲੀ ਵਾਰ ਹੱਥ ਲਾਇਆ ਸੀ। ਫਿਰ ਉਸ ਨੇ ਆਪਣੇ ਪੁਰਾਣੇ ਟਰੰਕ ਵਿੱਚ ਪੈਸੇ ਰੱਖ ਦਿੱਤੇ। ਆਪਣੇ ਬੂਹੇ ਵਾਲਾ ਜੰਦਰਾ ਟਰੰਕ ਨੂੰ ਮਾਰ ਦਿੱਤਾ। ਗੋਲੂ ਦਾ ਬਾਪੂ ਜਦੋਂ ਘਰ ਆਇਆ ਤਾਂ ਪ੍ਰਸਿੰਨੀ ਨੇ ਉਹਨੂੰ ਹੱਟੀ ਤੋਂ ਇੱਕ ਜੰਦਰਾ ਫੜ ਲਿਆਉਣ ਲਈ ਕਿਹਾ। 'ਪਹਿਲਾ ਕਿੱਥੇ ਗਿਆ' ਮਿਲਖੇ ਨੇ ਪੁੱਛਿਆ।

'ਪਹਿਲਾਂ ਤੂੰ ਨਵਾਂ ਲਿਆ, ਫੇਰ ਦੱਸਦੀ ਆਂ' ਪ੍ਰਸਿੰਨੀ ਨੇ ਆਪਣੇ ਆਪ ਨੂੰ ਬੋਚ ਕੇ ਕਿਹਾ। ਖੁਸ਼ੀ ਉਸ ਤੋਂ ਸੰਭਾਲਣੀ ਔਖੀ ਹੋ ਰਹੀ ਸੀ।

ਮਿਲਖਾ ਹੱਟੀ ਤੋਂ ਨਵਾਂ ਜਿੰਦਰਾ ਲੈ ਆਇਆ। ਉਹਨੇ ਫਿਰ ਪੁੱਛਿਆ, 'ਚਾਬੀ ਚੂਬੀ ਗੁਆਚ ਗਈ ਹੋਣੀ ਜਿੰਦਰੇ ਦੀ?'

'ਆ ਬੂਹਾ ਬੰਦ ਕਰ ਦੇ ਤੇ ਆ ਜਾ ਮੇਰੇ ਕੋਲ, ਦੱਸਦੀ ਆਂ ਤੈਨੂੰ।' ਪ੍ਰਸਿੰਨੀ ਨੇ ਇੱਕ ਲਾਈਨ 'ਚ ਜੁਆਬ ਦਿੱਤਾ।

ਮਿਲਖੂ ਦਰਵਾਜ਼ਾ ਬੰਦ ਕਰ ਆਇਆ ਤੇ ਚੁੱਲ੍ਹੇ ਮੂਹਰੇ ਬੈਠੀ ਪ੍ਰਸਿੰਨੀ ਕੋਲ ਆ ਬੈਠਾ। ਪ੍ਰਸਿੰਨੀ ਨੇ ਉਹਨੂੰ ਸਾਰੀ ਵਾਰਤਾ ਸੁਣਾਈ। ਮਿਲਖੂ ਨੂੰ ਸ਼ੱਕ ਜਿਹਾ ਹੋਇਆ। ਉਹ ਉਸ ਬੰਦੇ ਦੀ ਸ਼ਕਲ ਸੂਰਤ ਬਾਰੇ ਦਰਿਆਫਤ ਕਰਨ ਲੱਗਾ, ਜਿਹੜਾ ਪ੍ਰਸਿੰਨੀ ਨੂੰ ਲੈ ਕੇ ਗਿਆ ਸੀ। ਪ੍ਰਸਿੰਨੀ ਉਹਨੂੰ ਟੁੱਟ ਕੇ ਪਈ, 'ਤੂੰ ਸਾਰੀ ਉਮਰ ਆਪਣੀ ਇਹ ਜਾਸੂਸੀ ਨ੍ਹੀਂ ਛੱਡਣੀ। ਤੈਨੂੰ ਲਗਦਾ ਜਿਹੜੇ ਤੇਰੇ ਆਂਗੂ ਜੱਟਾਂ ਦੇ ਖੇਤਾਂ 'ਚ ਘੀਸੀਆਂ ਨ੍ਹੀਂ ਕਰਦੇ ਉਨ੍ਹਾਂ ਦੀ ਟੱਟੀ ਨੀ ਉਤਰਦੀ।' ਪ੍ਰਸਿੰਨੀ ਮਿਲਖੂ ਦੇ ਸ਼ੱਕੀ ਸੁਭਾਅ ਤੋਂ ਖਿਝ ਗਈ। 'ਗੋਲੂ ਨੇ ਕਿਹਾ ਕਿ ਇਹ ਪੈਸੇ ਲੈ'ਜੋ ਤੇ ਸੀਤੇ ਦਾ ਇਲਾਜ ਕਰਵਾਓ, ਨਸ਼ਾ ਛਡਵਾਉਣ ਦਾ' ਪ੍ਰਸਿੰਨੀ ਨੇ ਗੱਡੀ ਨਵੇਂ ਟਰੈਕ 'ਤੇ ਤੋਰੀ। ਮਿਲਖਾ ਹੁਣ ਕੁਝ ਢੈਲਾ ਹੋਣ ਲੱਗਾ। ਉਹਨੂੰ ਲੱਗਾ ਮੁੰਡੇ ਦਾ ਇਲਾਜ ਕਰਵਾਈਏ, ਸ਼ਾਇਦ ਰਾਜ਼ੀ ਹੋ ਜੇ। ਕਿਸਮਤ ਫਿਰਨ ਲੱਗਿਆਂ ਕਿਹੜਾ ਸਮਾਂ ਲਗਦਾ।' ਉਹਨੇ ਆਪਣੇ ਮਨ ਨੂੰ ਸਮਝਾਇਆ। ਦੇਰ ਰਾਤ ਤੱਕ ਉਹ ਮੁੰਡੇ ਦੇ ਇਲਾਜ ਬਾਰੇ ਗੱਲਾਂ ਕਰਦੇ ਰਹੇ। ਸੀਤਾ ਹਾਲੇ ਤੱਕ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਤਰਜੀਹਾਂ

**ਡਾ. ਪੀ. ਐੱਸ. ਤਿਆਗੀ**
**ਫੋਨ:+91-9855446519**



# ਗੁਰੂ-ਸ਼ਿਸ਼ ਪਰੰਪਰਾ

ਅਧਿਆਪਕ ਉਹ ਹੁੰਦਾ ਹੈ, ਜੋ ਲੋਕਾਂ ਲਈ ਮਾਰਗਦਰਸ਼ਕ ਅਤੇ ਪ੍ਰੇਰਣਾ ਵਜੋਂ ਕੰਮ ਕਰਦਾ ਹੈ। ਅਧਿਆਪਕ ਸਾਡੇ ਜੀਵਨ ਵਿੱਚ ਇੱਕ ਮਹਾਨ ਅਤੇ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਸਾਡੇ ਗਿਆਨ, ਹੁਨਰ ਦੇ ਪੱਧਰ, ਆਤਮਵਿਸ਼ਵਾਸ ਨੂੰ ਸੁਧਾਰਨ ਵਿੱਚ ਸਾਡੀ ਮਦਦ ਕਰਦੇ ਹਨ ਅਤੇ ਨਾਲ ਹੀ ਉਹ ਸਫਲਤਾ ਪ੍ਰਾਪਤ ਕਰਨ ਲਈ ਸਾਨੂੰ ਸਹੀ ਸ਼ਕਲ ਵਿੱਚ ਢਾਲਦੇ ਹਨ। ਇੱਕ ਮਹਾਨ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਜਾਣਦਾ ਹੈ। ਉਹ ਸਕਾਰਾਤਮਕ ਮਜਬੂਤੀ, ਰਚਨਾਤਮਕ ਫੀਡਬੈਕ ਪ੍ਰਦਾਨ ਕਰਦੇ ਹਨ ਅਤੇ ਕਲਾਸਰੂਮ ਦਾ ਮਾਹੌਲ ਬਣਾਉਂਦੇ ਹਨ, ਜਿੱਥੇ ਵਿਦਿਆਰਥੀ ਜੋਖਮ ਲੈਣ ਤੇ ਆਪਣੀਆਂ ਗਲਤੀਆਂ ਤੋਂ ਸਿੱਖਣ ਲਈ ਉਤਸ਼ਾਹਿਤ



ਡਾ. ਸਰਵਪੱਲੀ ਰਾਧਾਕ੍ਰਿਸ਼ਨਨ

ਹੁੰਦੇ ਹਨ। ਆਪਣੇ ਵਫ਼ਾਦਾਰ ਅਧਿਆਪਕਾਂ ਪ੍ਰਤੀ ਸਾਡੀਆਂ ਵੀ ਕੁਝ ਜ਼ਿੰਮੇਵਾਰੀਆਂ ਹਨ। ਆਗਿਆਕਾਰੀ ਵਿਦਿਆਰਥੀ ਹੋਣ ਦੇ ਨਾਤੇ ਉਨ੍ਹਾਂ ਦਾ ਜੀਵਨ ਭਰ ਸਿੱਖਿਆਵਾਂ ਦੀ ਨਿਰਸਵਾਰਥ ਸੇਵਾ ਦੇ ਨਾਲ-ਨਾਲ ਵੱਖ-ਵੱਖ ਵਿਦਿਆਰਥੀਆਂ ਦੇ ਜੀਵਨ ਨੂੰ ਆਕਾਰ ਦੇਣ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ। ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ, ਅਧਿਆਪਕ ਦਿਵਸ ਅਧਿਆਪਕਾਂ ਦਾ ਦਿਨ ਹੈ। ਹਿੰਦੂ ਸ਼ਾਸਤਰਾਂ ਅਨੁਸਾਰ 'ਬ੍ਰਹਮਾ' ਬ੍ਰਹਿਮੰਡ ਦਾ ਸਿਰਜਣਹਾਰ ਹੈ। ਇਸੇ ਤਰ੍ਹਾਂ ਅਧਿਆਪਕ ਰਾਸ਼ਟਰ ਦੇ ਭਵਿੱਖ ਦਾ ਨਿਰਮਾਤਾ ਹੁੰਦਾ ਹੈ। ਅਧਿਆਪਕ ਦਿਵਸ ਸਿਰਫ਼ ਇੱਕ ਹੋਰ ਸਾਲਾਨਾ ਸਮਾਗਮ ਨਹੀਂ ਹੈ; ਇਹ ਪ੍ਰਸ਼ੰਸਾ ਦੀ ਇੱਕ ਵਿਸ਼ਵਵਿਆਪੀ ਸਹਿਮਤੀ, ਤਾੜੀਆਂ ਦੀ ਗੂੰਜ ਅਤੇ ਉਨ੍ਹਾਂ ਲਈ ਇੱਕ ਜਸ਼ਨ ਹੈ, ਜੋ ਸਿੱਖਿਆ ਦੇ ਨੇਕ ਉਦੇਸ਼ ਲਈ ਆਪਣਾ ਜੀਵਨ ਸਮਰਪਿਤ ਕਰਦੇ ਹਨ।

ਵਿਸ਼ਵ ਅਧਿਆਪਕ ਦਿਵਸ ਹਰ ਸਾਲ 5 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਇਹ ਅਧਿਆਪਕਾਂ ਦੀ ਸਥਿਤੀ, ਉਨ੍ਹਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ 1966 ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ (ਆਈ.ਐਲ.ਓ.)/ਯੂਨੈਸਕੋ ਦੀ ਸਿਫ਼ਾਰਿਸ਼ ਨੂੰ ਅਪਣਾਉਣ ਦੀ ਵਰ੍ਹੇਗੰਢ ਮਨਾਉਂਦਾ ਹੈ। ਵਿਸ਼ਵ ਅਧਿਆਪਕ ਦਿਵਸ 1994 ਤੋਂ ਹਰ ਸਾਲ ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ, ਯੂਨੀਸੇਫ ਅਤੇ ਐਜੂਕੇਸ਼ਨ ਇੰਟਰਨੈਸ਼ਨਲ (ਈ.ਆਈ.) ਦੀ ਸਾਂਝੇਦਾਰੀ ਵਿੱਚ ਮਨਾਇਆ ਜਾ ਰਿਹਾ ਹੈ। ਵਿਸ਼ਵ ਅਧਿਆਪਕ ਦਿਵਸ 2024 ਸਿੱਖਿਅਕਾਂ ਦਾ ਸਮਰਥਨ ਕਰਨ ਵਿੱਚ ਸਾਡੀਆਂ ਭੂਮਿਕਾਵਾਂ ਬਾਰੇ ਆਤਮ-ਪੜਚੋਲ ਕਰਨ ਦਾ ਇੱਕ ਮੌਕਾ ਹੈ। ਇਹ ਹਰ ਸਾਲ ਦੀ ਤਰ੍ਹਾਂ ਸਮਾਜ 'ਤੇ ਸਿੱਖਿਅਕਾਂ ਦੇ ਮਹੱਤਵਪੂਰਨ ਪ੍ਰਭਾਵ ਦੀ ਇੱਕ ਕੋਮਲ ਯਾਦ ਦਿਵਾਉਂਦਾ ਹੈ। ਭਾਰਤ ਵਿੱਚ ਅਧਿਆਪਕ ਦਿਵਸ ਦਾ ਸਾਲਾਨਾ ਜਸ਼ਨ 5 ਸਤੰਬਰ ਨੂੰ ਹੁੰਦਾ ਹੈ। ਭਾਰਤ ਵਿੱਚ ਅਧਿਆਪਕ ਦਿਵਸ ਡਾ. ਸਰਵਪੱਲੀ ਰਾਧਾਕ੍ਰਿਸ਼ਨਨ- ਭਾਰਤ ਦੇ ਪਹਿਲੇ ਉਪ-ਰਾਸ਼ਟਰਪਤੀ ਅਤੇ ਦੂਜੇ ਰਾਸ਼ਟਰਪਤੀ ਦੇ ਜਨਮ ਦਿਨ ਨੂੰ ਦਰਸਾਉਂਦਾ ਹੈ। ਉਹ ਇੱਕ ਮਹਾਨ ਦਾਰਸ਼ਨਿਕ ਅਤੇ ਵਿਦਵਾਨ ਸਨ। ਜਦੋਂ ਡਾ. ਰਾਧਾਕ੍ਰਿਸ਼ਨਨ 1962 ਵਿਚ ਭਾਰਤ ਦੇ ਰਾਸ਼ਟਰਪਤੀ ਬਣੇ, ਤਾਂ ਉਨ੍ਹਾਂ ਨੂੰ ਕੁਝ ਵਿਦਿਆਰਥੀਆਂ ਨੇ 5 ਸਤੰਬਰ ਨੂੰ ਆਪਣਾ ਜਨਮ ਦਿਨ ਮਨਾਉਣ ਦੀ ਬੇਨਤੀ ਕੀਤੀ, ਪਰ ਉਸਨੇ ਸੁਝਾਅ ਦਿੱਤਾ ਕਿ ਵਿਦਿਆਰਥੀ ਇਹ ਦਿਨ ਅਧਿਆਪਕਾਂ ਨੂੰ ਸਮਰਪਿਤ ਕਰਨ। ਇਸ ਤਰ੍ਹਾਂ ਭਾਰਤ ਵਿੱਚ 5 ਸਤੰਬਰ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਣ ਲੱਗਾ।

ਗੁਰੂ-ਸ਼ਿਸ਼ਯ (ਅਧਿਆਪਕ-ਵਿਦਿਆਰਥੀ) ਪਰੰਪਰਾ ਦੀ ਸ਼ੁਰੂਆਤ ਪ੍ਰਾਚੀਨ ਭਾਰਤ ਵਿੱਚ ਹੋਈ ਹੈ। ਇਸ ਪ੍ਰਣਾਲੀ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਨਜ਼ਦੀਕੀ ਬੰਧਨ ਦੁਆਰਾ ਗਿਆਨ ਪੀੜ੍ਹੀ-ਦਰ-ਪੀੜ੍ਹੀ ਅੱਗੇ ਲੰਘਾਇਆ ਜਾਂਦਾ ਸੀ। ਇਹ ਪਰੰਪਰਾਗਤ ਸੈੱਟਅੱਪ ਵੈਦਿਕ ਅਧਿਐਨ, ਮਾਰਸ਼ਲ ਆਰਟਸ, ਕਲਾਸੀਕਲ ਆਰਟਸ, ਅਤੇ ਦਰਸ਼ਨ ਸਮੇਤ ਵੱਖ-ਵੱਖ ਖੇਤਰਾਂ ਵਿੱਚ ਪ੍ਰਚਲਿਤ ਸੀ। ਗੁਰੂ ਕੇਵਲ ਇੱਕ ਅਧਿਆਪਕ ਹੀ ਨਹੀਂ ਸਨ, ਸਗੋਂ ਵਿਦਿਆਰਥੀ ਲਈ ਇੱਕ ਮਾਰਗ ਦਰਸ਼ਕ, ਸਲਾਹਕਾਰ ਅਤੇ ਅਧਿਆਤਮਕ ਆਗੂ ਵੀ ਸਨ। ਗੁਰੂ ਅਤੇ ਸ਼ਿਸ਼ ਦਾ ਰਿਸ਼ਤਾ ਆਪਸੀ ਸਤਿਕਾਰ ਤੇ ਵਿਸ਼ਵਾਸ ਉਤੇ ਆਧਾਰਤ ਸੀ। ਗੁਰੂ ਜਾਂ ਅਧਿਆਪਕ ਗਿਆਨ ਦੇ ਉਪਦੇਸ਼ਕ ਸਨ, ਜੋ ਆਪਣੇ ਵਿਦਿਆਰਥੀਆਂ ਨੂੰ ਪੁੱਤਰਾਂ ਵਾਂਗ ਪਿਆਰ ਅਤੇ ਉਨ੍ਹਾਂ ਦੀ ਦੇਖਭਾਲ ਕਰਦੇ ਸਨ। ਸ਼ਿਸ਼ਯ ਵਜੋਂ ਜਾਣੇ ਜਾਂਦੇ ਵਿਦਿਆਰਥੀ ਗੁਰੂ ਦੇ ਨਿਵਾਸ (ਗੁਰੂਕੁਲ) ਵਿੱਚ ਰਹਿ ਕੇ ਵੇਦਾਂ ਦੀ ਸਿੱਖਿਆ ਲੈਂਦੇ ਸਨ, ਆਲੇ-ਦੁਆਲੇ ਦੀ ਰੱਖਿਆ ਕਰਦੇ ਸਨ ਅਤੇ ਪਿਤਾ ਵਾਂਗ ਗੁਰੂ ਦੀ ਸੇਵਾ ਕਰਦੇ ਸਨ। ਸਕੂਲ ਹੀ ਘਰ ਸੀ ਅਤੇ ਘਰ ਹੀ ਸਕੂਲ ਸੀ। ਪੜ੍ਹਾਈ ਪੂਰੀ ਹੋਣ ਤੋਂ ਬਾਅਦ ਸ਼ਿਸ਼ ਗੁਰੂਦਕਸ਼ਨਾ ਦੇ ਰੂਪ ਵਿੱਚ ਜੋ ਕੁਝ ਵੀ ਸਿੱਖਿਆ ਸੀ, ਉਸ ਲਈ ਗੁਰੂ ਦਾ ਧੰਨਵਾਦ ਕਰਦੇ ਸਨ। ਵਿਦਿਆਰਥੀ ਦਾ ਆਪਣੇ ਗੁਰੂ ਪ੍ਰਤੀ ਇੰਨਾ ਪਿਆਰ ਸੀ ਕਿ ਉਹ ਗੁਰੂਦਕਸ਼ਨਾ ਵਿੱਚ ਗੁਰੂ ਦੀ ਮੰਗ ਨੂੰ ਪੂਰਾ ਕਰਨ ਲਈ ਕੁਝ ਵੀ ਕਰ ਸਕਦਾ ਸੀ। ਮਹਾਭਾਰਤ ਵਿੱਚ ਏਕਲਵਯ ਦੀ ਇੱਕ ਕਹਾਣੀ ਹੈ, ਜੋ ਇੱਕ ਸ਼ਿਸ਼ਯ ਜਾਂ ਵਿਦਿਆਰਥੀ ਦੀ ਭੂਮਿਕਾ ਨੂੰ ਦਰਸਾਉਂਦੀ ਹੈ। ਦਰੋਣਾਚਾਰੀਆ ਦੁਆਰਾ ਇੱਕ ਵਿਦਿਆਰਥੀ ਦੇ ਰੂਪ ਵਿੱਚ ਰੱਦ ਕੀਤੇ ਜਾਣ ਤੋਂ ਬਾਅਦ, ਏਕਲਵਯ ਨੇ ਦਰੋਣਾਚਾਰੀਆ ਦੀ ਇੱਕ ਮਿੱਟੀ ਦੀ ਮੂਰਤੀ ਨਾਲ ਸਵੈ-ਅਧਿਐਨ ਕਰਨ ਦਾ ਫੈਸਲਾ ਕੀਤਾ। ਉਹ ਦਰੋਣ ਨੂੰ ਆਪਣਾ ਗੁਰੂ ਮੰਨਦਾ ਸੀ। ਜਦੋਂ ਏਕਲਵਯ ਸੰਪੂਰਣ ਤੀਰਅੰਦਾਜ਼ ਬਣ ਗਿਆ ਤਾਂ ਦਰੋਣਾਚਾਰੀਆ ਨੇ ਉਸ ਨੂੰ ਗੁਰੂਦਕਸ਼ਨਾ ਦੇਣ ਲਈ ਕਿਹਾ। ਦਰੋਣਾਚਾਰੀਆ ਨੇ ਏਕਲਵਯ ਦਾ ਸੱਜਾ ਅੰਗੂਠਾ ਮੰਗਿਆ ਅਤੇ ਏਕਲਵਯ ਨੇ ਬਿਨਾ ਝਿਜਕ ਆਪਣਾ ਅੰਗੂਠਾ ਕੱਟ ਕੇ ਦਰੋਣਾਚਾਰੀਆ ਨੂੰ ਸੌਂਪ ਦਿੱਤਾ।

ਅਧਿਆਪਕ ਅਤੇ ਵਿਦਿਆਰਥੀ ਨਾਲ ਜੁੜੀ ਇੱਕ ਹੋਰ ਘਟਨਾ ਵਿੱਚ ਸ਼੍ਰੀ ਕ੍ਰਿਸ਼ਨ ਨੇ ਬਾਰਬਾਰਿਕ ਨੂੰ ਆਪਣਾ ਸਿਰ ਗੁਰੂਦਕਸ਼ਨਾ ਵਜੋਂ ਦੇਣ ਲਈ ਕਿਹਾ, ਜਿਸ ਨੂੰ ਉਸਨੇ ਤੁਰੰਤ ਮੰਨ ਲਿਆ। ਇੱਕ ਪਾਸੇ ਏਕਲਵਯ ਅਤੇ ਬਾਰਬਾਰਿਕ ਨੇ ਆਪਣੇ ਗੁਰੂ ਲਈ ਬੇਮਿਸਾਲ ਪਿਆਰ ਦਿਖਾਇਆ, ਇਸੇ ਤਰ੍ਹਾਂ ਚਾਣਕਯ ਨੇ ਆਪਣੇ ਸ਼ਿਸ਼ਯ ਚੰਦਰਗੁਪਤ ਲਈ ਬੇਮਿਸਾਲ ਪਿਆਰ ਦਿਖਾਇਆ। ਭਾਰਤੀ ਇਤਿਹਾਸ ਵਿੱਚ ਅਧਿਆਪਕ-ਵਿਦਿਆਰਥੀ ਰਿਸ਼ਤੇ ਦੀ ਸ਼ਾਇਦ ਇਹ ਸਭ ਤੋਂ ਉੱਤਮ ਉਦਾਹਰਣ ਹੈ। ਚੰਦਰਗੁਪਤ ਦੇ ਅਧਿਆਪਕ ਚਾਣਕਯ ਨੇ ਆਪਣੇ ਵਿਦਿਆਰਥੀ ਨੂੰ ਹੁਸ਼ਿਆਰੀ ਨਾਲ ਰੂਪ ਦਿੱਤਾ ਅਤੇ ਉਸਨੂੰ ਭਾਰਤ ਦਾ ਸ਼ਕਤੀਸ਼ਾਲੀ ਰਾਜਾ ਬਣਾਇਆ। ਗੁਰੂ-ਸ਼ਿਸ਼ਯ ਪਰੰਪਰਾ ਕੇਵਲ ਸਿੱਖਿਆ ਹੀ ਨਹੀਂ ਸੀ ਬਲਕਿ ਗਿਆਨ, ਬਚਾਅ ਦੇ ਹੁਨਰ, ਸਵੈ-ਨਿਰਭਰਤਾ, ਚਰਿੱਤਰ ਨਿਰਮਾਣ ਅਤੇ ਚੰਗੇ ਆਚਰਣ ਤੇ ਵਿਵਹਾਰ ਨੂੰ ਪ੍ਰਦਾਨ ਕਰਨਾ ਸੀ, ਜਿਸ ਕਾਰਨ ਗੁਰੂ ਨੂੰ ਆਚਾਰੀਆ ਵੀ ਕਿਹਾ ਜਾਂਦਾ ਸੀ। ਭਗਤ ਕਬੀਰ ਜੀ ਨੇ ਇੱਕ ਦੋਹੇ ਵਿੱਚ ਗੁਰੂ ਨੂੰ ਰੱਬ ਨਾਲੋਂ ਉੱਚਾ ਦਰਜਾ ਦਿੱਤਾ,

ਗੁਰੁ ਗੋਬਿੰਦ ਦੋਊ ਖਰੇ ਕਾਕੇ ਲਾਗੂ ਪਾਇ॥
ਬਲਿਹਾਰੀ ਤਿਸ ਗੁਰੂ ਕੇ ਜਿਨ ਗੋਬਿੰਦ ਦੇਉ ਮਿਲਾਏ॥

ਕਰੀਬ 3 ਦਹਾਕੇ ਪਹਿਲਾਂ ਅਧਿਆਪਕ ਵਿਦਿਆਰਥੀ ਨੂੰ ਹੋਮਵਰਕ ਪੂਰਾ ਨਾ ਕਰਨ ਜਾਂ ਅਧਿਆਪਕ ਦੀ ਗੱਲ ਨਾ ਮੰਨਣ 'ਤੇ ਸਜ਼ਾ ਦਿੰਦੇ ਸਨ, ਪਰ ਹੁਣ ਉਹ ਦਿਨ ਬੀਤ




ਗਏ ਹਨ, ਹੁਣ ਅਧਿਆਪਕ ਵਿਦਿਆਰਥੀ ਨੂੰ ਸਜ਼ਾ ਨਹੀਂ ਦੇ ਸਕਦਾ। ਵਿਦਿਆਰਥੀਆਂ ਦੇ ਮਨ ਵਿੱਚ ਅਧਿਆਪਕਾਂ ਪ੍ਰਤੀ ਸਤਿਕਾਰ ਦੇ ਰਵਾਇਤੀ ਰੂਪਾਂ ਵਿੱਚ ਗਿਰਾਵਟ ਆਈ ਹੈ। ਕੰਪਿਊਟਰ, ਮੋਬਾਈਲ ਅਤੇ ਇੰਟਰਨੈੱਟ ਦੇ ਯੁੱਗ ਵਿੱਚ ਅਧਿਆਪਕ ਨੂੰ ਲੈਕਚਰ ਦੇਣ ਸਮੇਂ ਸੁਚੇਤ ਰਹਿਣਾ ਪੈਂਦਾ ਹੈ। ਬਹੁਤ ਸਾਰੇ ਵਿਦਿਆਰਥੀ ਅਧਿਆਪਕਾਂ ਨਾਲ ਅਪਮਾਨਜਨਕ ਲਹਿਜੇ ਵਿੱਚ ਗੱਲ ਕਰਦੇ ਹਨ, ਹਦਾਇਤਾਂ ਅਤੇ ਕਾਰਜਾਂ ਨੂੰ ਨਜ਼ਰਅੰਦਾਜ਼ ਕਰਦੇ ਹਨ, ਕਲਾਸ ਵਿੱਚ ਵਿਘਨ ਪਾਉਂਦੇ ਹਨ, ਅਧਿਆਪਕਾਂ ਦਾ ਜਨਤਕ ਤੌਰ 'ਤੇ ਮਜ਼ਾਕ ਉਡਾਉਂਦੇ ਹਨ, ਅਤੇ ਉਨ੍ਹਾਂ ਦੇ ਅਧਿਕਾਰ ਤੇ ਨਿਯਮਾਂ ਦੀ ਅਣਦੇਖੀ ਕਰਦੇ ਹਨ। ਇਸ ਤੋਂ ਇਲਾਵਾ ਅਜੋਕੇ ਯੁੱਗ ਵਿੱਚ ਅਧਿਆਪਨ ਨੂੰ ਇੱਕ ਬਹੁਤ ਹੀ ਵੱਡਮੁੱਲਾ ਕਿੱਤਾ ਮੰਨਣ ਦੀ ਧਾਰਨਾ ਘੱਟ ਗਈ ਹੈ। ਇਸ ਦੇ ਬਾਵਜੂਦ ਅਜਿਹੇ ਵਿਦਿਆਰਥੀਆਂ ਦੀ ਚੰਗੀ ਪ੍ਰਤੀਸ਼ਤਤਾ ਹੈ, ਜੋ ਅਜੇ ਵੀ ਆਪਣੇ ਅਧਿਆਪਕ ਦਾ ਨਾ ਸਿਰਫ਼ ਪੜ੍ਹਾਈ ਦੌਰਾਨ, ਸਗੋਂ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵੀ ਉਨ੍ਹਾਂ ਦਾ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਯਾਦ ਕਰਦੇ ਹਨ। ਅਧਿਆਪਕ ਲਈ ਸਭ ਤੋਂ ਵੱਡਾ ਇਨਾਮ ਇਹ ਹੈ ਕਿ ਉਸ ਦਾ ਵਿਦਿਆਰਥੀ ਉੱਚ ਅਹੁਦੇ 'ਤੇ ਪਹੁੰਚ ਕੇ ਵੀ ਉਸ ਨੂੰ ਯਾਦ ਕਰੇ ਅਤੇ ਉਸ ਦਾ ਸਤਿਕਾਰ ਕਰੇ। ਇੱਕ ਮੌਕੇ 'ਤੇ ਮੇਰੇ ਇੱਕ ਵਿਦਿਆਰਥੀ ਨੇ ਜੋ ਕਿ ਸੁਪਰਡੈਂਟ ਪੁਲਿਸ ਸੀ, ਇੱਕ ਵਿਅਸਤ ਥਾਂ 'ਤੇ ਮੈਨੂੰ ਪਛਾਣ ਲਿਆ ਅਤੇ ਆਪਣੀ ਪੂਰੀ ਯੂਨਿਟ ਦੇ ਸਾਹਮਣੇ ਮੇਰੇ ਪੈਰ ਛੂਹ ਲਏ। ਮੈਂ ਉਸਦੀ ਉਦਾਰਤਾ ਤੋਂ ਬਹੁਤ ਖੁਸ਼ ਹੋਇਆ ਅਤੇ ਉਸਨੂੰ ਹੋਰ ਉੱਚ ਪ੍ਰਾਪਤੀਆਂ ਦਾ ਆਸ਼ੀਰਵਾਦ ਦਿੱਤਾ।

ਮਕੈਨੀਕਲ ਅਤੇ ਖੇਡਾਂ ਦੇ ਖੇਤਰ ਵਿੱਚ ਵੀ ਅਧਿਆਪਕ-ਵਿਦਿਆਰਥੀ ਦਾ ਰਿਸ਼ਤਾ ਸਪੱਸ਼ਟ ਹੁੰਦਾ ਹੈ। ਕਿਸੇ ਖੇਡ ਦਾ ਕੋਚ ਖਿਡਾਰੀ ਲਈ ਗੁਰੂ ਹੁੰਦਾ ਹੈ, ਸਾਈਕਲ ਰਿਪੇਅਰਿੰਗ, ਆਟੋ ਰਿਪੇਅਰਿੰਗ, ਟੀ.ਵੀ. ਰਿਪੇਅਰਿੰਗ ਆਦਿ ਕਰਨ ਵਾਲੀ ਦੁਕਾਨ ਵਿੱਚ ਸਿਖਿਆਰਥੀ ਆਪਣੇ ਟ੍ਰੇਨਰ ਨੂੰ ਆਪਣਾ ਸਤਿਕਾਰਤ ਗੁਰੂ ਮੰਨਦਾ ਹੈ। ਇੱਕ ਕਹਾਣੀ ਵਿੱਚ ਇੱਕ ਅਪ੍ਰੈਂਟਿਸ ਦੁਕਾਨ ਦੇ ਮਾਲਕ ਮਕੈਨਿਕ ਤੋਂ ਸਾਈਕਲ ਦੀ ਮੁਰੰਮਤ ਦੀਆਂ ਗੁੰਝਲਾਂ ਸਿੱਖ ਰਿਹਾ ਹੈ। ਮਕੈਨਿਕ ਉਸ ਨਾਲ ਦੁਰ-ਵਿਹਾਰ ਕਰਦਾ ਸੀ, ਉਸ ਨੂੰ ਥੱਪੜ ਮਾਰਦਾ ਸੀ, ਛੋਟੀਆਂ-ਮੋਟੀਆਂ ਗਲਤੀਆਂ 'ਤੇ ਉਸ ਨੂੰ ਝਿੜਕਦਾ ਸੀ। ਅਪ੍ਰੈਂਟਿਸ ਗੁੱਸੇ ਦੇ ਬਾਵਜੂਦ ਹਰ ਬੇਇਨਸਾਫ਼ੀ ਨੂੰ ਸਹਿਨ ਕਰਦਾ ਰਿਹਾ, ਕਿਉਂਕਿ ਉਸਦਾ ਉਦੇਸ਼ ਸਿੱਖਣਾ ਸੀ। ਸਮਾਂ ਅਪ੍ਰੈਂਟਿਸ ਦੇ ਪੱਖ ਵਿੱਚ ਬਦਲ ਗਿਆ ਅਤੇ ਇੱਕ ਦਿਨ ਉਹ ਇੱਕ ਵੱਡੀ ਸਾਈਕਲ ਫੈਕਟਰੀ ਦਾ ਮਾਲਕ ਬਣ ਗਿਆ, ਪਰ ਉਹ ਆਪਣੇ ਟ੍ਰੇਨਰ ਨੂੰ ਕਦੇ ਨਹੀਂ ਭੁੱਲਿਆ। ਇੱਕ ਦਿਨ ਉਹੀ ਟ੍ਰੇਨਰ ਉਸ ਕੋਲ ਆਇਆ ਅਤੇ ਨੌਕਰੀ ਦੀ ਭੀਖ ਮੰਗਣ ਲੱਗਾ। ਅਪ੍ਰੈਂਟਿਸ, ਜੋ ਹੁਣ ਫੈਕਟਰੀ ਦਾ ਮਾਲਕ ਸੀ, ਸਿਖਲਾਈ ਦੌਰਾਨ ਉਸ ਨਾਲ ਹੋਏ ਮਾੜੇ ਸਲੂਕ ਦਾ ਬਦਲਾ ਉਸ ਤੋਂ ਲੈ ਸਕਦਾ ਸੀ, ਪਰ ਉਲਟਾ ਉਸ ਨੂੰ ਗਲੇ ਲਗਾ ਲਿਆ ਅਤੇ ਕਿਹਾ ਕਿ ਤੁਸੀਂ ਮੈਨੂੰ ਨਹੀਂ ਪਛਾਣਿਆ, ਮੈਂ ਤੁਹਾਡੇ ਤੋਂ ਸਿੱਖਿਅਤ ਵਿਦਿਆਰਥੀ ਹਾਂ ਅਤੇ ਤੁਸੀਂ ਮੇਰੇ ਗੁਰੂ ਹੋ। ਤੁਹਾਨੂੰ ਨੌਕਰੀ ਲਈ ਭੀਖ ਮੰਗਣ ਦੀ ਲੋੜ ਨਹੀਂ, ਤੁਸੀਂ ਹੁਣ ਇਸ ਫੈਕਟਰੀ ਵਿੱਚ ਮੇਰੇ ਸਾਥੀ ਹੋ। ਇਸ ਤਰ੍ਹਾਂ ਦਾ ਪਿਆਰ ਅਤੇ ਸਤਿਕਾਰ ਅੱਜ ਵੀ ਬਹੁਤ ਸਾਰੇ ਵਿਦਿਆਰਥੀਆਂ ਦੇ ਮਨਾਂ ਵਿੱਚ ਆਪਣੇ ਗੁਰੂ ਲਈ ਮੌਜੂਦ ਹੈ।

ਸਮੇਂ ਦੇ ਬੀਤਣ ਨਾਲ ਗੁਰੂ-ਸ਼ਿਸ਼ ਦੀ ਪੁਰਾਤਨ ਪਰੰਪਰਾ ਖ਼ਤਮ ਹੁੰਦੀ ਜਾ ਰਹੀ ਹੈ। ਅਜੋਕੇ ਸਮੇਂ ਵਿੱਚ ਮੁੱਲਾਂ ਦੀ ਸਿੱਖਿਆ ਦੀ ਬਜਾਏ ਕੇਵਲ ਪੜ੍ਹਨ ਸਮੱਗਰੀ ਨੂੰ ਹੀ ਹੁਨਰ ਸੁਧਾਰਣ ਉਤੇ ਜ਼ੋਰ ਦਿੱਤਾ ਗਿਆ ਹੈ। ਸਿੱਟੇ ਵਜੋਂ ਵਿਦਿਆਰਥੀ ਅਤੇ ਅਧਿਆਪਕਾਂ ਵਿਚਕਾਰ ਸਬੰਧ ਦਿਨੋ-ਦਿਨ ਵਿਗੜਦਾ ਜਾ ਰਿਹਾ ਹੈ। ਇਹ ਦੇਖਿਆ ਜਾ ਸਕਦਾ ਹੈ ਕਿ ਵਿਦਿਆਰਥੀ ਜ਼ਿਆਦਾਤਰ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਹਨ, ਕਿਉਂਕਿ ਅਧਿਆਪਕ ਅਤੇ ਵਿਦਿਆਰਥੀਆਂ ਵਿਚਕਾਰ ਸਬੰਧ ਬਹੁਤੇ ਚੰਗੇ ਨਹੀਂ ਹਨ।

## ਸ਼ਾਹਸਵਾਰ

ਘਰ ਨਹੀਂ ਸੀ ਆਇਆ। ਮਿਲਖਾ ਉਹਨੂੰ ਭਾਲਣ ਲਈ ਨਿਕਲ ਗਿਆ। ਨਸ਼ੇ ਨਾਲ ਗੁੱਟ ਹੋਇਆ ਸੀਤੂ ਪਿੰਡ ਦੇ ਦਰਵਾਜ਼ੇ ਪਿਆ ਸੀ। ਮਿਲਖੇ ਨੇ ਉਸਨੂੰ ਬਾਹੋਂ ਫੜ ਕੇ ਉਠਾਉਣ ਦਾ ਯਤਨ ਕੀਤਾ, ਪਰ ਸੀਤੇ ਨੇ ਅੱਖ ਨਾ ਪੁੱਟੀ। ਦਰਵਾਜ਼ੇ ਵਾਲੀ ਟੂਟੀ ਤੋਂ ਪਾਣੀ ਦੀ ਚੂਲੀ ਲੈ ਕੇ ਉਹਨੇ ਮੁੰਡੇ ਦੇ ਮੂੰਹ 'ਤੇ ਮਾਰੀ, ਉਹਨੇ ਸਿਰ ਜਿਹਾ ਮਾਰਿਆ ਤੇ ਕੱਠਾ ਜਿਹਾ ਹੋ ਕੇ ਪਾਸਾ ਲਿਆ ਅਤੇ ਖੱਬੀ ਬੱਖੀ ਪਰਨੇ ਹੋ ਕੇ ਦੂਜੇ ਪਾਸੇ ਨੂੰ ਮੂੰਹ ਕਰਕੇ ਪੈ ਗਿਆ। ਮਿਲਖਾ ਟੱਕਰਾਂ ਮਾਰ ਕੇ ਘਰ ਵੱਲ ਨੂੰ ਵਾਪਸ ਮੁੜ ਪਿਆ। ਬੁੜ-ਬੁੜ ਕਰਦਾ ਉਹ ਘਰ ਦਾ ਬੂਹਾ ਲੰਘਿਆ। 'ਲੱਭਿਆ ਨੀ ਕਿਧਰੇ?' ਪ੍ਰਸਿੰਨੀ ਨੇ ਪੈਂਦੀ ਸੱਟੇ ਪੁੱਛਿਆ।

'ਨਾ ਲੱਭਣ ਨੂੰ ਉਹ ਕਿਹੜਾ ਤੇਰੇ ਨੱਕ ਦੀ ਨੱਥੜੀ ਆ ਜਿਹੜੀ ਦਿਸਦੀ ਨ੍ਹੀਂ, ਐਥੇ ਦਰਵਾਜ਼ੇ ਪਿਆ ਨਸ਼ਾ ਡੱਫੀ' ਮਿਲਖੇ ਨੇ ਜਵਾਬ ਦਿੱਤਾ। 'ਆਪੇ ਆਜੂ ਸਾਲਾ ਜਦੋਂ ਨਸ਼ਾ ਟੁੱਟ ਗਿਆ।' ਉਹ ਬੁੜਬੁੜਾਇਆ।

'ਸੀਤੇ ਨੂੰ ਨਾ ਦੱਸਦੀਂ ਹੁਣ ਲਾਡ-ਲਾਡ 'ਚ, ਬਈ ਮੇਰੇ ਕੋਲ ਐਨੇ ਪੈਸੇ ਪਏ ਆ। ਸਾਲਾ ਨਸ਼ੇ ਪੱਤੇ 'ਚ ਈ ਉਡਾ ਦੂ ਸਾਰੇ। ਸ਼ਹਿਰ ਦੇ ਸਰਕਾਰੀ ਹਸਪਤਾਲ 'ਚ ਲਿਜਾਣ ਦਾ ਸਾਮਾ ਕਰਦੇ ਆਂ ਕੰਜਰ ਨੂੰ ਕਿਸੇ ਦਿਨ। ਦਵਾਈਆਂ ਦਵੂਈਆਂ ਵੀ ਖਾਸੀਆਂ ਮਹਿੰਗੀਆਂ, ਅੱਗੇ ਤਾਂ ਇੰਨੇ ਪੈਸੇ ਵੀ ਨ੍ਹੀਂ ਸੀ ਲੱਭਦੇ, ਹੁਣ ਚਲ ਦਵਾਈਆਂ ਲੈ ਦਿਆਂਗੇ ਇਹਨੂੰ।' ਮਿਲਖੇ ਨੂੰ ਜ਼ਿੰਦਗੀ 'ਚ ਕੁਝ ਰੋਸ਼ਨੀ ਵਿਖਾਈ ਦਿੱਤੀ।

'ਗੋਲੂ ਕਹਿੰਦਾ ਸੀ ਇਹਨੂੰ ਕਿਸੇ ਨਸ਼ਾ ਛੁਡਾਊ ਕੇਂਦਰ 'ਚ ਦਾਖਲ ਰੱਖਣਾ ਪੈਣਾ ਕੁਸ਼ ਦਿਨ, ਕਹਿੰਦਾ ਸੰਗਤ ਵੀ ਮਾਰ ਲੈਂਦੀ ਨਸ਼ੇ ਵਾਲੇ ਨੂੰ' ਪ੍ਰਸਿੰਨੀ ਨੇ ਆਪਣੇ ਵੱਲੋਂ ਗੱਲ ਬਣਾਈ। ਦਿਲਬਾਗ ਉਸ ਨੂੰ ਦੱਸ ਗਿਆ ਸੀ ਕਿ ਮੁੰਡਾ ਸ਼ਾਇਦ ਪਹਿਲਾਂ ਪਹਿਲਾਂ ਤੁਹਾਨੂੰ ਕਿਸੇ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਰੱਖਣਾ ਪਵੇ।

'ਅੱਛਾ ਅੱਛਾ, ਗੋਲੂ ਸਾਲਾ ਊਂ ਸਿਆਣਾ ਤਾਂ ਬੜਾ ਹੋ ਗਿਆ, ਘਰ ਵੱਲੋਂ ਹੀ ਮੂੰਹ ਜਿਹਾ ਮੋੜ ਗਿਆ ਕੋਹੜੀ' ਮਿਲਖੇ ਨੇ ਦਲੀਲ ਦਿੱਤੀ।

'ਬਥੇਰੀ ਵੱਡੀ ਹਵੇਲੀ ਵਿੱਚ ਰਹਿੰਦੇ ਨੇ ਮੁੰਡੇ, ਮੱਝਾਂ ਏਦਾਂ ਦੀਆਂ ਬੀ ਦੇਖ ਕੇ ਭੁੱਖ ਲਹਿੰਦੀ। ਮਾਰ ਕੇ ਥੱਬੇ ਥੱਬੇ ਦੇ ਲੇਵੇ ਨੇ ਮਹੀਆਂ ਦੇ।' ਪ੍ਰਸਿੰਨੀ ਨੂੰ ਗੋਲੂ ਹੋਰਾਂ ਦੀ ਰਿਹਾਇਸ਼ ਨੇ ਇੱਕ ਤਰ੍ਹਾਂ ਨਾਲ ਨਿਹਾਲ ਕਰ ਦਿੱਤਾ ਸੀ।

'ਹਛਿਆ' ਮਿਲਖਾ ਹੈਰਾਨ ਜਿਹਾ ਹੋ ਗਿਆ।

'ਕੋਠੀ ਕਾਹਦੀ ਆ ਕਿਲਾ ਈ ਆ ਮਾਰ ਕੇ, ਚਾਰ-ਪੰਜ ਘੋੜੀਆਂ ਬੰਨ੍ਹੀਆਂ, ਫਲ਼-ਫਲੂਟਾਂ ਦੇ ਦਰਖਤਾਂ ਨਾਲ ਭਰਿਆ ਪਿਆ ਵਿਹੜਾ।' ਪ੍ਰਸਿੰਨੀ ਵਿਸਮਾਦ ਵਿੱਚ ਆਈ ਬੋਲੀ ਜਾ ਰਹੀ ਸੀ। ਅਗਲੇ ਦਿਨ ਕਿਸੇ ਨੇ ਉਨ੍ਹਾਂ ਨੂੰ ਇੱਕ ਸਰਕਾਰੀ ਨਸ਼ਾ ਛੁਡਾਊ ਕੇਂਦਰ ਦੀ ਦੱਸ ਪਾਈ, ਜਿਹੜਾ ਹਾਲੇ ਥੋੜ੍ਹੀ ਦੇਰ ਪਹਿਲਾਂ ਹੀ ਸਰਕਾਰ ਵਲੋਂ ਖੋਲ੍ਹਿਆ ਗਿਆ ਸੀ। ਜਿਸ ਜੱਟ ਪਰਿਵਾਰ ਨਾਲ ਮਿਲਖਾ ਸੀਰੀ ਸੀ, ਉਨ੍ਹਾਂ ਦਾ ਇੱਕ ਮੁੰਡਾ ਤੇ ਮਿਲਖਾ ਸੀਤੇ ਨੂੰ ਆਪਣੀ ਜੀਪ ਵਿੱਚ ਨਸ਼ਾ ਛੁਡਾਊ ਕੇਂਦਰ ਛੱਡ ਆਏ। ਨਾਲ ਹੀ ਦਾਖਲੇ ਦੀ ਕੁਝ ਫੀਸ ਅਤੇ ਦਵਾਈਆਂ ਦੇ ਪੈਸੇ ਵੀ ਜਮ੍ਹਾਂ ਕਰਵਾ ਦਿੱਤੇ। ਮਿਲਖੇ ਕੋਲ ਇੰਨੀ ਵਿਹਲ ਨਹੀਂ ਸੀ ਕਿ ਉਹ ਸੀਤੇ ਦੇ ਕੋਲ ਰਹਿ ਸਕਦਾ। ਨਸ਼ਾ ਖਾਧੇ ਨੂੰ ਇੱਕ ਦਿਨ ਪਹਿਲਾਂ ਹੀ ਨਿਕਲ ਚੁੱਕਾ ਸੀ। ਮੁੰਡਾ ਤੋਟ ਨਾਲ ਤੜਫਣ ਲੱਗਾ। ਕੇਂਦਰ ਵਾਲਿਆਂ ਨੇ ਉਸ ਨੂੰ ਇੱਕ ਇੰਜੈਕਸ਼ਨ ਦਿੱਤਾ ਅਤੇ ਕੁਝ ਦਵਾਈਆਂ, ਇਹਦੇ ਨਾਲ ਉਹ ਟਿਕ ਗਿਆ। ਫਿਰ ਡਾਕਟਰਾਂ ਨੇ ਉਸ ਨੂੰ ਮੁਤਬਾਦਲ ਦਵਾਈਆਂ 'ਤੇ ਪਾ ਲਿਆ। ਪਹਿਲੇ 4-5 ਦਿਨ ਤਾਂ ਸੀਤਾ ਇਧਰ-ਉਧਰ ਦੀ ਬਾਹਰ ਵੱਲ ਭੱਜਣ ਦਾ ਯਤਨ ਕਰਦਾ ਰਿਹਾ, ਪਰ ਨਰਸਾਂ ਡਾਕਟਰਾਂ ਅਤੇ ਕੌਂਸਲਰਾਂ ਦਾ ਵਰਤਾਅ ਇੰਨੀ ਨਰਮਾਈ ਵਾਲਾ ਸੀ ਕਿ ਉਸ ਵਿੱਚ ਟਿਕਾਅ ਆਉਣ ਲੱਗਾ। ਫਿਰ ਹੋਰ ਜਿਹੜੇ ਮੁੰਡੇ ਉਥੇ ਦਾਖਲ ਸਨ, ਉਨ੍ਹਾਂ ਨਾਲ ਉਹਦੀ ਦੋਸਤੀ ਬਣਨ ਲੱਗੀ। ਸਾਰੇ ਇੱਕੋ ਵਬਾ ਦੀ ਮਾਰ ਝੱਲ ਰਹੇ ਸਨ, ਇੱਕੋ ਪੀੜ ਦਾ ਹਿੱਸਾ ਸਨ। ਇਸ ਲਈ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਜਲਦੀ ਸਮਝਣ ਲੱਗੇ। ਸੀਤਾ ਅੱਠਵੀਂ ਕੁ ਤੱਕ ਹੀ ਪੜ੍ਹਿਆ ਸੀ। ਕਈ ਉਨ੍ਹਾਂ 'ਚੋਂ ਐਮ.ਏ. ਤੱਕ ਦੇ ਵਿਦਿਆਰਥੀ ਸਨ, ਕੁਝ ਵਿਚਾਰੇ ਕੋਰੇ ਅਨਪੜ੍ਹ ਵੀ ਸਨ। ਸੀਤਾ ਅਖ਼ਬਾਰ ਚੰਗੀ ਤਰ੍ਹਾਂ ਉਠਾ ਲੈਂਦਾ ਸੀ। ਬਾਕੀ ਸੁਰਖੀਆਂ ਦੇਖ ਕੇ ਅਖ਼ਬਾਰ ਪਾਸੇ ਕਰ ਦਿੰਦੇ। ਉਹ ਕਈ ਕਈ ਘੰਟੇ ਅਖਬਾਰ ਪੜ੍ਹਦਾ ਰਹਿੰਦਾ। ਇਉਂ ਇੱਥੇ ਉਸ ਦਾ ਦਿਲ ਲੱਗਣ ਲੱਗਾ। ਦੂਜੇ ਤੀਜੇ ਬੇਬੇ ਬਾਪੂ 'ਚੋਂ ਵੀ ਕੋਈ ਨਾ ਕੋਈ ਗੇੜਾ ਮਾਰ ਜਾਂਦਾ। ਮੁੱਢ ਵਿੱਚ ਉਹ ਮਾਪਿਆਂ ਕੋਲ ਪਿੰਡ ਜਾਣ ਦੀ ਜ਼ਿੱਦ ਕਰਿਆ ਕਰਦਾ ਸੀ। ਫਿਰ ਉਹਨੂੰ ਮਾਪਿਆਂ ਦੀ ਆਮਦ ਇੱਕ ਧਰਵਾਸ ਦੇ ਜਾਂਦੀ। ਹੌਲੀ ਹੌਲੀ ਉਸ ਦੀ ਹਾਲਤ ਸੁਧਰਨ ਲੱਗੀ। ਜਦੋਂ ਕਾਫੀ ਠੀਕ ਹੋ ਗਿਆ ਤਾਂ ਫਿਰ ਉਹ ਪਿੰਡ ਜਾਣ ਬਾਰੇ ਜ਼ੋਰ ਦੇਣ ਲੱਗਾ। ਡਾਕਟਰਾਂ ਦੀ ਦਲੀਲ ਸੀ ਕਿ ਇਸ ਦੀ ਸੰਗਤ ਪਹਿਲਾਂ ਵਾਲੀ ਨਹੀਂ ਰਹਿਣੀ ਚਾਹੀਦੀ, ਨਹੀਂ ਤਾਂ ਉਹ ਫਿਰ ਨਸ਼ਿਆਂ ਵੱਲ ਪਰਤ ਸਕਦਾ।

ਮਿਲਖਾ ਆਖਣ ਲੱਗਾ, 'ਡਾਕਟਰ ਜੀ ਸਾਡੇ ਕੋਲ ਤਾਂ ਉਹੀ ਕੁਸ਼ ਐ, ਦੋ ਡੰਗ ਦੀ ਰੋਟੀ ਤੇ ਮਿਹਨਤ ਮਜ਼ਦੂਰੀ। ਇਹ ਮਜ਼ਦੂਰੀ ਕਰਨ ਜੋਗਾ ਵੀ ਨਹੀਂ, ਥੋਡੇ ਕੋਲ ਕੋਈ ਕੰਮ-ਕਾਰ ਹੈ ਤਾਂ ਇਹਨੂੰ ਇੱਥੇ ਈ ਰੱਖ ਲੋ।' ਉਹ ਡਾਕਟਰ ਦੀਆਂ ਮਿੰਨਤਾਂ ਕਰਨ ਲੱਗਾ। ਡਾਕਟਰ ਕਈ ਦੇਰ ਸੋਚਦਾ ਰਿਹਾ, ਫਿਰ ਉਸ ਨੇ ਜਵਾਬ ਦਿੱਤਾ, 'ਚਲੋ ਕਰਦੇ ਆਂ ਇੰਚਾਰਜ ਨਾਲ ਗੱਲ।' ਨਸ਼ਾ ਛੁਡਾਊ ਕੇਂਦਰ ਨੂੰ ਇੱਕ ਸੇਵਾਦਾਰ ਦੀ ਲੋੜ ਸੀ। ਮੈਨੇਜਮੈਂਟ ਨੇ ਥੋੜ੍ਹੀ ਜਿਹੀ ਤਨਖਾਹ 'ਤੇ ਸੀਤੇ ਨੂੰ ਰੱਖ ਲਿਆ। ਹੁਣ ਉਹ ਉਥੇ ਆਉਣ ਵਾਲੇ ਅਮਲੀਆਂ ਅਤੇ ਸਟਾਫ ਦੇ ਸੇਵਾ ਪਾਣੀ ਵਿੱਚ ਰੁਝ ਗਿਆ। ਮਾਪੇ ਵੀ ਮੰਨ ਗਏ, ਤਨਖਾਹ ਭਾਵੇਂ ਘੱਟ ਸੀ, ਪਰ ਸੀਤੇ ਲਈ ਇੱਕ ਰੁਝੇਵਾਂ ਬਣ ਗਿਆ। ਹੁਣ ਉਹ ਆਪਣੀਆਂ ਦਵਾਈਆਂ ਜੋਗੇ ਪੈਸੇ ਕੱਢਣ ਲੱਗ ਪਿਆ ਸੀ। ਇਹ ਸਾਰਾ ਕੁਝ ਉਸ ਦੀ ਰੂਹ ਲਈ ਸਕੂਨ ਬਣਨ ਲੱਗਾ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਵਿਸ਼ਵ ਦਾ ਅਜੇਤੂ ਪਹਿਲਵਾਨ ਮਹਾਂਬਲੀ ਗਾਮਾ

*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਵਿਸ਼ਵ ਦੇ ਅਜੇਤੂ ਪਹਿਲਵਾਨ ਗਾਮਾ ਦਾ ਕਿੱਸਾ ਛੋਹਿਆ ਗਿਆ ਹੈ। ਗਾਮਾ ਪੂਰੀ ਉਮਰ ਕਿਸੇ ਵੀ ਪਹਿਲਵਾਨ ਹੱਥੋਂ ਨਹੀਂ ਹਾਰਿਆ। ਉਸ ਬਾਰੇ ਆਖਿਆ ਜਾਂਦਾ ਹੈ ਕਿ ਉਹ ਦੁਨੀਆਂ ਦਾ ਇਕਲੌਤਾ ਪਹਿਲਵਾਨ ਹੈ, ਜਿਹੜਾ ਪੂਰੀ ਜ਼ਿੰਦਗੀ ਕਿਸੇ ਦੂਜੇ ਪਹਿਲਵਾਨ ਕੋਲੋਂ ਹਾਰਿਆ ਨਹੀਂ। ਬਰੂਸ ਲੀ ਵੀ ਗਾਮੇ ਦੀ ਕਸਰਤ ਦਾ ਉਪਾਸ਼ਕ ਸੀ। ਉਹ ਸਹੀ ਮਾਅਨਿਆਂ ਵਿੱਚ ਸਾਂਝੇ ਪੰਜਾਬ ਦੀ ਕੁਸ਼ਤੀ ਦਾ ਵਾਰਸ ਹੈ ਅਤੇ ਪੰਜਾਬ ਦੇ ਖੇਡ ਇਤਿਹਾਸ ਦਾ ਸਭ ਤੋਂ ਸੁਨਹਿਰੀ ਹਸਤਾਖਰ ਵੀ।*

**ਖਿਡਾਰੀ ਪੰਜ-ਆਬ ਦੇ (25)**

**ਨਵਦੀਪ ਸਿੰਘ ਗਿੱਲ**
**ਫੋਨ: +91-9780036216**




ਗਾਮਾ ਮਹਿਜ਼ ਇੱਕ ਪਹਿਲਵਾਨ ਦਾ ਨਾਂ ਹੀ ਨਹੀਂ ਹੈ, ਉਹ ਆਪਣੇ ਆਪ ਵਿੱਚ ਇੱਕ ਮਿੱਥ ਹੈ। ਪਹਿਲਵਾਨੀਆਂ ਵਿੱਚ ਉਸ ਦੀਆਂ ਪ੍ਰਾਪਤੀਆਂ ਅੰਕੜਿਆਂ ਦੀ ਬਜਾਏ ਦੰਦ ਕਥਾਵਾਂ ਵਿੱਚ ਸੁਣਾਈਆਂ ਜਾਂਦੀਆਂ ਹਨ। ਗਾਮਾ ਅੱਧੀ ਸਦੀ ਘੁਲਦਾ ਰਿਹਾ ਅਤੇ ਹਜ਼ਾਰਾਂ ਵਾਰ ਉਹ ਅਖਾੜੇ ਵਿੱਚ ਉਤਰਿਆ ਤੇ ਹਰ ਵਾਰ ਜੇਤੂ ਹੀ ਬਣਦਾ ਰਿਹਾ। ਅੰਮ੍ਰਿਤਸਰ ਜਨਮਿਆ, ਪਟਿਆਲਾ ਵਸਿਆ ਅਤੇ ਲਾਹੌਰ ਵਿਖੇ ਦੁਨੀਆਂ ਨੂੰ ਅਲਵਿਦਾ ਆਖਣ ਵਾਲਾ ਗਾਮਾ ਪੰਜਾਬ ਦੇ ਖੇਡ ਇਤਿਹਾਸ ਦਾ ਸਭ ਤੋਂ ਸੁਨਹਿਰੀ ਹਸਤਾਖਰ ਹੈ। ਉਹ ਵਿਸ਼ਵ ਜੇਤੂ ਪਹਿਲਵਾਨ ਸੀ, ਜਿਸ ਬਾਰੇ ਆਖਿਆ ਜਾਂਦਾ ਹੈ ਕਿ ਉਹ ਦੁਨੀਆਂ ਦਾ ਇਕਲੌਤਾ ਪਹਿਲਵਾਨ ਹੈ, ਜਿਹੜਾ ਪੂਰੀ ਜ਼ਿੰਦਗੀ ਕਿਸੇ ਦੂਜੇ ਪਹਿਲਵਾਨ ਕੋਲੋਂ ਹਾਰਿਆ ਨਹੀਂ। ਅਜੋਕੇ ਸਮੇਂ ਵਿੱਚ ਜਿੱਥੇ ਵਿਸ਼ਵ ਚੈਂਪੀਅਨਸ਼ਿਪ ਜਾਂ ਓਲੰਪਿਕ ਖੇਡਾਂ ਦੇ ਤਮਗ਼ਾ ਜੇਤੂ ਪਹਿਲਵਾਨ ਨੂੰ ਚੈਂਪੀਅਨ ਸਮਝਿਆ ਜਾਂਦਾ ਹੈ। ਜਿਵੇਂ ਭਾਰਤ ਦਾ ਚੈਂਪੀਅਨ ਰੁਸਤਮ-ਏ-ਹਿੰਦ ਅਖਵਾਉਂਦਾ ਸੀ, ਉਵੇਂ ਵਿਸ਼ਵ ਪੱਧਰੀ ਹੁੰਦੇ ਮੁਕਾਬਲਿਆਂ ਦੇ ਜੇਤੂ ਨੂੰ ਰੁਸਤਮ-ਏ-ਜਮਾਂ ਆਖਿਆ ਜਾਂਦਾ ਸੀ। ਗਾਮਾ ਰੁਸਤਮ-ਏ-ਜਮਾਂ ਰਿਹਾ। ਭਾਰਤੀ ਕੁਸ਼ਤੀ ਦੇ ਸੁਨਹਿਰੀ ਹਸਤਾਖਰ ਰਹੇ ਗਾਮਾ, ਕਿੱਕਰ ਜਿਹੇ ਪਹਿਲਵਾਨ ਕਿਤੇ ਓਲੰਪਿਕ ਖੇਡਾਂ ਵਿੱਚ ਨਹੀਂ ਘੁਲੇ, ਨਹੀਂ ਤਾਂ ਭਾਰਤ ਕੋਲ ਓਲੰਪਿਕ ਤਮਗ਼ਿਆਂ ਦੀ ਗਿਣਤੀ ਇਕੱਲੀ ਕੁਸ਼ਤੀ ਵਿੱਚ ਹੀ ਬਹੁਤ ਹੋਣੀ ਸੀ।

ਗਾਮੇ ਦਾ ਜਨਮ 1880 ਵਿੱਚ ਅੰਮ੍ਰਿਤਸਰ ਜ਼ਿਲੇ ਵਿੱਚ ਕਸ਼ਮੀਰੀ ਬੱਟ ਪਰਿਵਾਰ ਵਿੱਚ ਹੋਇਆ। ਪਿਤਾ ਦਾ ਨਾਂ ਮੁਹੰਮਦ ਅਜ਼ੀਜ਼ ਸੀ, ਜੋ ਖੁਦ ਇੱਕ ਮਸ਼ਹੂਰ ਪਹਿਲਵਾਨ ਸੀ। ਗਾਮੇ ਦਾ ਅਸਲ ਨਾਮ ਗ਼ੁਲਾਮ ਮੁਹੰਮਦ ਬਖ਼ਸ਼ ਬੱਟ ਸੀ, ਪ੍ਰੰਤੂ ਉਹ ਮਸ਼ਹੂਰ ਗਾਮਾ ਪਹਿਲਵਾਨ ਵਜੋਂ ਹੋਇਆ। ਗਾਮਾ ਹਾਲੇ ਉਦੋਂ ਚਾਰ ਵਰ੍ਹਿਆਂ ਦਾ ਹੀ ਸੀ, ਜਦੋਂ ਉਸ ਦਾ ਅੱਬਾ ਅੱਲਾ ਨੂੰ ਪਿਆਰਾ ਹੋ ਗਿਆ। ਗਾਮੇ ਦੇ ਮਾਮਾ ਈਦਾ ਜੋ ਖੁਦ ਪਹਿਲਵਾਨ ਸੀ, ਨੇ ਗਾਮੇ ਹੁਰਾਂ ਦੀ ਪਰਵਰਿਸ਼ ਮੱਧ ਪ੍ਰਦੇਸ਼ ਵਿੱਚ ਦਤੀਆ ਵਿਖੇ ਕੀਤੀ ਅਤੇ ਉਸ ਨੂੰ ਘੁਲਣ ਵੱਲ ਲਗਾਇਆ। ਗਾਮੇ ਅਤੇ ਉਸ ਦੇ ਛੋਟੇ ਭਰਾ ਇਮਾਮ ਬਖ਼ਸ਼ ਨੇ ਸ਼ੁਰੂ ਵਿੱਚ ਕੁਸ਼ਤੀ ਦੇ ਦਾਅਪੇਚ ਪੰਜਾਬ ਦੇ ਮਸ਼ਹੂਰ ਪਹਿਲਵਾਨ ਮਾਧੋ ਸਿੰਘ ਤੋਂ ਸਿੱਖਣੇ ਸ਼ੁਰੂ ਕੀਤੇ। ਦਤੀਆ ਦੇ ਮਹਾਰਾਜਾ ਭਵਾਨੀ ਸਿੰਘ ਨੇ ਗਾਮਾ ਅਤੇ ਇਮਾਮ ਬਖ਼ਸ਼ ਨੂੰ ਘੁਲਣ ਲਈ ਸਹੂਲਤਾਂ ਮੁਹੱਈਆ ਕਰਵਾਈਆਂ। 10 ਵਰ੍ਹਿਆਂ ਦੀ ਉਮਰੇ ਗਾਮਾ ਜੋਧਪੁਰ ਵਿਖੇ ਪਹਿਲਵਾਨਾਂ ਦੇ ਦੰਗਲ ਮੁਕਾਬਲਿਆਂ ਵਿੱਚ ਸਰੀਰਕ ਕਸਰਤ ਦੀਆਂ ਪ੍ਰਦਰਸ਼ਨੀਆਂ ਵਿੱਚ ਹਿੱਸਾ ਲੈਣ ਲੱਗ ਗਿਆ ਸੀ। ਉਹ ਘੁਲਣਾ ਚਾਹੁੰਦਾ ਸੀ, ਪਰ ਪ੍ਰਬੰਧਕਾਂ ਨੇ ਉਸ ਨੂੰ ਉਮਰ ਛੋਟੀ ਹੋਣ ਕਾਰਨ ਘੁਲਣ ਦੀ ਆਗਿਆ ਨਾ ਦਿੰਦੇ, ਉਸ ਕੋਲੋਂ ਡੰਡ ਬੈਠਕਾਂ ਜ਼ਰੂਰ ਕਢਵਾ ਲੈਂਦੇ। ਮਹਾਰਾਜਾ ਜੋਧਪੁਰ ਗਾਮੇ ਦੀ ਕਸਰਤ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਇਨਾਮ ਵੀ ਦਿੱਤਾ।

ਅੱਲੜ੍ਹ ਉਮਰੇ ਗਾਮਾ ਵੱਡਾ ਪਹਿਲਵਾਨ ਬਣਨ ਦੇ ਰਾਹ ਪੈ ਗਿਆ। ਵਰਜਿਸ਼ ਨੇ ਉਸ ਨੂੰ ਤਕੜਾ ਬਣਾਉਣਾ ਸ਼ੁਰੂ ਕੀਤਾ। 19 ਵਰ੍ਹਿਆਂ ਦੀ ਉਮਰੇ ਗਾਮੇ ਨੇ ਉਸ ਵੇਲੇ ਦੇ ਹਿੰਦੋਸਤਾਨ ਦੇ ਜੇਤੂ ਪਹਿਲਵਾਨ ਰਹੀਮ ਬਖਸ਼ ਸੁਲਤਾਨੀਵਾਲਾ ਨੂੰ ਚੁਣੌਤੀ ਦਿੱਤੀ। ਰਹੀਮ ਬਖਸ਼ ਗੁਜਰਾਂਵਾਲਾ ਦਾ ਹੀ ਸੀ। ਰਹੀਮ ਬਖਸ਼ ਦਾ ਕੱਦ ਸੱਤ ਫੁੱਟ ਦੇ ਕਰੀਬ ਸੀ ਅਤੇ ਗਾਮੇ ਦਾ ਕੱਦ ਮਹਿਜ਼ 5 ਫੁੱਟ 7 ਇੰਚ ਹੀ ਸੀ। ਰਹੀਮ ਬਖਸ਼ ਬਹੁਤ ਹੀ ਤਜ਼ਰਬੇਕਾਰ ਅਤੇ ਹੰਢਿਆ ਹੋਇਆ ਪਹਿਲਵਾਨ ਸੀ। ਦੇਖਣ ਵਾਲਿਆਂ ਨੂੰ ਉਦੋਂ ਦੋਵਾਂ ਦੀ ਕੁਸ਼ਤੀ ਜਾ ਜੋੜ ਸਹੀ ਨਹੀਂ ਜਾਪ ਰਿਹਾ ਸੀ। ਦੋਹਾਂ ਵਿਚਾਲੇ ਫਸਵਾਂ ਮੁਕਾਬਲਾ ਹੋਇਆ ਅਤੇ ਘੰਟਿਆਂ ਬੱਧੀ ਚੱਲੀ ਕੁਸ਼ਤੀ ਬਰਾਬਰੀ ਉਪਰ ਛੁੱਟੀ। ਅਜੋਕੇ ਸਮੇਂ ਵਾਂਗ ਉਦੋਂ ਮਿੰਟਾਂ ਜਾਂ ਪੁਆਇੰਟਾਂ ਦੀ ਕੁਸ਼ਤੀ ਨਹੀਂ ਹੁੰਦੀ ਸੀ। ਪਹਿਲਵਾਨ ਨੂੰ ਜਿੱਤਣ ਲਈ ਦੂਜੇ ਪਹਿਲਵਾਨ ਨੂੰ ਚਿੱਤ ਕਰਨਾ ਪੈਂਦਾ ਸੀ (ਪਿੱਠ ਹੇਠਾਂ ਲਗਾਉਣੀ), ਨਹੀਂ ਤਾਂ ਮੁਕਾਬਲਾ ਬਰਾਬਰ। ਕੁਸ਼ਤੀ ਦੇ ਸਮੇਂ ਦੀ ਵੀ ਕੋਈ ਹੱਦ ਨਹੀਂ ਹੁੰਦੀ ਸੀ। ਗਾਮੇ ਤੇ ਰਹਿਮ ਦੀ ਬਰਾਬਰ ਕੁਸ਼ਤੀ ਨੂੰ ਭਾਰਤ ਵਿੱਚ ਹੋਈਆਂ ਕੁਸ਼ਤੀਆਂ ਵਿੱਚ ਇਤਿਹਾਸਕ ਕੁਸ਼ਤੀ ਮੰਨਿਆ ਜਾਂਦਾ ਹੈ। ਅਗਲੀ ਵਾਰ ਜਦੋਂ ਦੋਹਾਂ ਵਿਚਾਲੇ ਕੁਸ਼ਤੀ ਹੋਈ ਤਾਂ ਗਾਮੇ ਨੇ ਰਹੀਮ ਬਖ਼ਸ਼ ਚਿੱਤ ਕਰ ਦਿੱਤਾ। ਇਹ ਕੁਸ਼ਤੀ ਇਲਾਹਾਬਾਦ ਵਿਖੇ ਹੋਈ ਸੀ, ਜਦੋਂ ਕਾਫੀ ਦੇਰ ਚੱਲੇ ਮੁਕਾਬਲੇ ਵਿੱਚ ਗਾਮੇ ਨੇ ਜਿੱਤ ਹਾਸਲ ਕਰਕੇ ਰੁਸਤਮੇ-ਏ-ਹਿੰਦ ਦਾ ਖਿਤਾਬ ਜਿੱਤਿਆ। ਗਾਮਾ ਆਪਣੇ ਖੇਡ ਜੀਵਨ ਵਿੱਚ ਰਹੀਮ ਬਖ਼ਸ਼ ਨੂੰ ਵੱਡਾ ਮੁਕਾਬਲੇ ਦਾ ਪਹਿਲਵਾਨ ਮੰਨਦਾ ਸੀ।

ਇਸ ਤੋਂ ਬਾਅਦ ਗਾਮੇ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਗਾਮੇ ਨੇ ਸਾਰੇ ਨਾਮੀਂ ਪਹਿਲਵਾਨ ਚਿੱਤ ਕੀਤੇ। 1906 ਵਿੱਚ ਆਫ਼ਤਾਬ-ਏ-ਹਿੰਦ ਗੁਲਾਮ ਯਹਾਊ ਦੀਨ ਨੂੰ ਹਰਾ ਕੇ ਚਹੁੰ ਪਾਸੇ ਧੁੰਮਾਂ ਪਾਈਆਂ। 1910 ਵਿੱਚ ਗਾਮੇ ਨੂੰ ਇੰਗਲੈਂਡ ਜਾਣ ਦਾ ਮੌਕਾ ਮਿਲਿਆ। ਬੰਗਾਲ ਦੇ ਇੱਕ ਅਮੀਰ ਮਾਰਵਾੜੀ ਵਪਾਰੀ ਸੇਠ ਸ਼ਰਤ ਕੁਮਾਰ ਭਾਰਤੀ ਪਹਿਲਵਾਨਾਂ ਨੂੰ ਇੰਗਲੈਂਡ ਲੈ ਕੇ ਗਏ। ਗਾਮਾ ਤੇ ਉਸ ਦਾ ਭਰਾ ਇਮਾਮ ਬਖ਼ਸ਼ ਵੀ ਖੇਡ ਦਲ ਵਿੱਚ ਸ਼ਾਮਲ ਸਨ। ਇੰਗਲੈਂਡ ਵਿਖੇ ਕੁੱਲ ਦੁਨੀਆਂ ਤੋਂ ਸਾਢੇ ਚਾਰ ਸੌ ਪਹਿਲਵਾਨ ਘੁਲਣ ਆਏ ਸਨ। ਇੰਗਲੈਂਡ ਵਿੱਚ 300 ਪੌਂਡ ਤੋਂ ਵੱਧ ਭਾਰੇ ਪਹਿਲਵਾਨ ਵੀ ਹਿੱਸਾ ਲੈ ਰਹੇ ਸਨ। ਗਾਮੇ ਦਾ ਭਾਰ 200 ਪੌਂਡ ਦੇ ਕਰੀਬ ਸੀ ਅਤੇ ਪ੍ਰਬੰਧਕਾਂ ਨੇ ਘੱਟ ਭਾਰ ਤੇ ਛੋਟੇ ਕੱਦ ਕਾਰਨ ਗਾਮੇ ਦਾ ਨਾਮ ਘੁਲਣ ਵਾਲੇ ਪਹਿਲਾਵਾਨਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ। ਗਾਮੇ ਨੇ ਕਿਸੇ ਥਿਏਟਰ ਕੰਪਨੀ ਦੇ ਪ੍ਰਬੰਧਕ ਨਾਲ ਮਿਲ ਕੇ ਅਖਬਾਰ ਵਿੱਚ ਖਬਰ ਲਗਵਾ ਕੇ ਦੁਨੀਆਂ ਭਰ ਦੇ ਪਹਿਲਵਾਨਾਂ ਨੂੰ ਚੁਣੌਤੀ ਦਿੱਤੀ ਕਿ ਜਿਹੜਾ ਵੀ ਪਹਿਲਵਾਨ ਉਸ ਸਾਹਮਣੇ ਪੰਜ ਮਿੰਟ ਤੱਕ ਟਿਕ ਜਾਵੇਗਾ, ਉਹ ਉਸ ਨੂੰ ਪੰਜ ਪੌਂਡ ਨਗਦ ਇਨਾਮ ਦੇਵੇਗਾ। ਗਾਮੇ ਦਾ ਇਹ ਵੀ ਕਹਿਣਾ ਸੀ ਕਿ ਉਸ ਨਾਲ ਕਿਸੇ ਵੀ ਭਾਰ ਅਤੇ ਕੱਦ ਵਾਲਾ ਪਹਿਲਵਾਨ ਘੁਲ ਸਕਦਾ। ਪੰਜ ਪੌਂਡ ਉਸ ਵੇਲੇ ਵੱਡੀ ਰਕਮ ਹੋਣ ਕਰਕੇ ਕਈ ਪਹਿਲਵਾਨ ਗਾਮੇ ਨਾਲ ਘੁਲਣ ਨੂੰ ਤਿਆਰ ਹੋ ਗਏ। ਗਾਮੇ ਨੇ 30 ਮਿੰਟਾਂ ਵਿੱਚ 3 ਪਹਿਲਵਾਨ ਹਰਾ ਦਿੱਤੇ ਅਤੇ ਅਗਲੇ ਦਿਨ 12 ਪਹਿਲਵਾਨ ਇੱਕੋ ਲੰਗੋਟੇ ਹਰਾ ਦਿੱਤੇ। ਇਸ ਤੋਂ ਬਾਅਦ ਜਾ ਕੇ ਪ੍ਰਬੰਧਕਾਂ ਨੇ ਗਾਮੇ ਨੂੰ ਘੁਲਣ ਦੀ ਆਗਿਆ ਦਿੱਤੀ।

ਗਾਮੇ ਨੇ ਜਾਨ ਸਟੇਨਿਸਲਾਅ ਜ਼ਬਿਸਕੋ ਜਿਹੇ ਵਿਸ਼ਵ ਦੇ ਪ੍ਰਸਿੱਧ ਪਹਿਲਵਾਨਾਂ ਨੂੰ ਘੁਲਣ ਦੀ ਚੁਣੌਤੀ ਦਿੱਤੀ। ਜ਼ਬਿਸਕੋ ਅਮਰੀਕਾ ਵਿਖੇ ਤਿੰਨ ਵਾਰ ਵਿਸ਼ਵ ਚੈਂਪੀਅਨ ਬਣ ਚੁੱਕਾ ਸੀ। 10 ਸਤੰਬਰ 1910 ਨੂੰ ਗਾਮੇ ਅਤੇ ਜ਼ਬਿਸਕੋ ਵਿਚਾਲੇ ਕੁਸ਼ਤੀ ਹੋਈ। ਇਸ ਕੁਸ਼ਤੀ ਦਾ ਇਨਾਮ ਢਾਈ ਸੌ ਪੌਂਡ ਰੱਖਿਆ ਗਿਆ। ਗਾਮੇ ਦਾ ਭਾਰ 80 ਕਿਲੋ ਸੀ ਤੇ ਜ਼ਬਿਸਕੋ ਦਾ ਭਾਰ 120 ਕਿਲੋ। ਗਾਮੇ ਨੇ ਇੱਕ ਮਿੰਟ ਤੋਂ ਵੀ ਘੱਟ ਸਮੇਂ ਵਿੱਚ ਜ਼ਬਿਸਕੋ ਨੂੰ ਸੁੱਟ ਲਿਆ, ਪਰ ਕੱਦ ਕਾਠ ਵਿੱਚ ਲੰਬਾ ਅਤੇ ਭਾਰ ਵਿੱਚ ਵੱਧ ਭਾਰਾ ਜ਼ਬਿਸਕੋ ਢਾਈ ਘੰਟੇ ਢਿੱਡ ਦੇ ਭਾਰ ਲੇਟਿਆ ਰਿਹਾ, ਜਿਸ ਕਾਰਨ ਗਾਮੇ ਤੋਂ ਜ਼ਬਿਸਕੋ ਚਿੱਤ ਨਾ ਹੋ ਸਕਿਆ, ਪਰ ਗਾਮੇ ਨੇ ਜ਼ਬਿਸਕੋ ਨੂੰ ਇੰਨਾ ਥਕਾ ਦਿੱਤਾ ਕਿ ਉਹ ਅਖਾੜੇ ਵਿੱਚ ਬੁਰੀ ਤਰ੍ਹਾਂ ਹੱਫ਼ਿਆ ਹੋਇਆ ਸੀ।



ਪਹਿਲਵਾਨ ਗਾਮਾ

ਪਹਿਲੇ ਦਿਨ ਕੁਸ਼ਤੀ ਬਿਨਾਂ ਮੁਕਾਬਲੇ ਤੋਂ ਖ਼ਤਮ ਹੋਈ। ਦੂਜੇ ਦਿਨ ਕੁਸ਼ਤੀ ਮੁੜ ਹੋਣੀ ਸੀ, ਪਰ ਪਹਿਲੇ ਦਿਨ ਦਾ ਥੱਕਿਆ ਤੇ ਹੰਭਿਆ ਜ਼ਬਿਸਕੋ ਦੂਜੇ ਦਿਨ ਮੁਕਾਬਲਾ ਕਰਨ ਨਾ ਆਇਆ। ਪ੍ਰਬੰਧਕ ਜ਼ਬਿਸਕੋ ਨੂੰ ਭਾਲਦੇ ਰਹੇ, ਪਰ ਉਹ ਨਾ ਲੱਭਿਆ। ਅੰਤ ਗਾਮੇ ਨੂੰ ਵਿਸ਼ਵ ਚੈਂਪੀਅਨ ਐਲਾਨਿਆ ਗਿਆ। 17 ਸਤੰਬਰ 1910 ਨੂੰ ਦੋਹਾਂ ਵਿਚਕਾਰ ਮੁੜ ਕੁਸ਼ਤੀ ਰੱਖੀ ਗਈ, ਪਰ ਜ਼ਬਿਸਕੋ ਇੱਕ ਵਾਰ ਫੇਰ ਘੁਲਣ ਨਾ ਆਇਆ। ਗਾਮਾ ਫੇਰ ਜੇਤੂ ਐਲਾਨਿਆ ਗਿਆ। 15 ਅਕਤੂਬਰ 1910 ਨੂੰ ਹੋਈ ਵਿਸ਼ਵ ਹੈਵੀਵੇਟ ਚੈਂਪੀਅਨਸ਼ਿਪ ਜਿੱਤ ਕੇ ਗਾਮਾ ਵਿਸ਼ਵ ਚੈਂਪੀਅਨ ਬਣਿਆ ਸੀ। ਗਾਮੇ ਨੂੰ ਸ਼ੇਰ-ਏ-ਪੰਜਾਬ, ਮਹਾਨ ਗਾਮਾ ਦੇ ਖਿਤਾਬ ਵੀ ਮਿਲੇ ਹਨ। ਗਾਮੇ ਨੂੰ ਰੁਸਤਮ-ਏ-ਜ਼ਮਾਂ, ਵਿਸ਼ਵ ਕੇਸਰੀ ਅਤੇ ਵਿਸ਼ਵ ਵਿਜੇਤਾ ਦਾ ਰੁਤਬਾ ਮਿਲਿਆ।

ਇੰਗਲੈਂਡ ਦੇ ਦੌਰੇ ਉਤੇ ਗਾਮੇ ਨੇ ਵੱਡੇ-ਵੱਡੇ ਨਾਮੀਂ ਪਹਿਲਵਾਨਾਂ ਨੂੰ ਚਿੱਤ ਕੀਤਾ, ਜਿਨ੍ਹਾਂ ਵਿੱਚ ਬੈਂਜਾਮਿਨ ਰੋਲਰ, ਮੌਰਿਸ ਦੇਰਿਜ, ਜੌਹਨ ਲੇਮ ਅਤੇ ਜੈਸੀ ਪੀਟਰਸਨ ਸ਼ਾਮਲ ਸਨ। ਰੌਲਰ ਨੂੰ ਗਾਮੇ ਨੇ 15 ਮਿੰਟ ਵਿੱਚ 13 ਵਾਰ ਸੁੱਟਿਆ। ਗਾਮੇ ਦੀ ਚੁਣੌਤੀ ਇੱਕ ਵਾਰ ਅਮਰੀਕਾ ਦੇ ਬੈਂਜਾਮਿਨ ਰੌਲਰ ਨੇ ਸਵੀਕਾਰ ਕੀਤੀ। ਗਾਮੇ ਨੇ ਮਹਿਜ਼ ਪੌਣੇ ਦੋ ਮਿੰਟ ਵਿੱਚ ਰੌਲਰ ਨੂੰ ਚਿੱਤ ਕਰ ਦਿੱਤਾ। ਦੂਜੀ ਵਾਰ ਗਾਮੇ ਤੇ ਰੌਲਰ ਦੀ ਹੋਈ ਕੁਸ਼ਤੀ ਵਿੱਚ ਗਾਮੇ ਨੇ ਸਵਾ ਨੌਂ ਮਿੰਟ ਵਿੱਚ ਉਸ ਨੂੰ ਚਿੱਤ ਕਰ ਦਿੱਤਾ। ਗਾਮੇ ਨੇ ਦੁਨੀਆਂ ਭਰ ਦੇ ਪਹਿਲਵਾਨਾਂ ਨੂੰ ਉਸ ਨਾਲ ਘੁਲਣ ਦੀ ਖੁੱਲ੍ਹੀ ਚੁਣੌਤੀ ਦਿੱਤੀ। ਜਾਪਾਨ ਦਾ ਜੂਡੋ ਪਹਿਲਵਾਨ ਤਾਰਾਂ ਮਿਆਕੀ, ਰੂਸ ਦਾ ਜੌਰਜ, ਅਮਰੀਕਾ ਦਾ ਫੰਕ ਗਾਸ਼- ਕੋਈ ਵੀ ਉਸ ਨਾਲ ਘੁਲਣ ਲਈ ਤਿਆਰ ਨਹੀਂ ਹੋਇਆ। ਫੇਰ ਗਾਮੇ ਨੇ ਚੁਣੌਤੀ ਦਿੱਤੀ ਕਿ ਉਹ ਨਿਰੰਤਰ ਵੀਹ ਪਹਿਲਵਾਨਾਂ ਦੇ ਨਾਲ ਵਾਰੋ-ਵਾਰੀ ਕੁਸ਼ਤੀਆਂ ਲੜੇਗਾ ਅਤੇ ਜੇਤੂ ਨੂੰ ਇਨਾਮ ਵੀ ਦੇਵੇਗਾ, ਪਰ ਫੇਰ ਵੀ ਉਸ ਨਾਲ ਕੋਈ ਵੀ ਮੁਕਾਬਲਾ ਕਰਨ ਅਖਾੜੇ ਵਿੱਚ ਨਾ ਨਿੱਤਰਿਆ।

1916 ਵਿੱਚ ਗਾਮੇ ਨੇ ਮਸ਼ਹੂਰ ਪਹਿਲਵਾਨ ਪੰਡਿਤ ਬਿਦੂ ਨੂੰ ਹਰਾਇਆ। 1922 ਵਿੱਚ ਪ੍ਰਿੰਸ ਆਫ਼ ਵੇਲਜ਼ ਭਾਰਤ ਦੀ ਯਾਤਰਾ ਉਤੇ ਆਏ ਤਾਂ ਗਾਮੇ ਦੀ ਖੇਡ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਚਾਂਦੀ ਦੀ ਕੀਮਤੀ ਗਦਾ ਨਾਲ ਸਨਮਾਨਤ ਕੀਤਾ। 1928 ਵਿੱਚ ਪਟਿਆਲਾ ਵਿਖੇ ਇੱਕ ਵਾਰ ਫੇਰ ਗਾਮੇ ਤੇ ਜ਼ਬਿਸਕੋ ਵਿਚਾਲੇ ਕੁਸ਼ਤੀ ਹੋਈ। ਜ਼ਬਿਸਕੋ ਇੰਗਲੈਂਡ ਵਿਖੇ ਹੋਈ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਜ਼ਬਿਸਕੋ ਪਟਿਆਲਾ ਵਿਖੇ ਆਪਣੀਆਂ ਸ਼ਰਤਾਂ ਉਤੇ ਗਾਮੇ ਨਾਲ ਕੁਸ਼ਤੀ ਖੇਡਣ ਆਇਆ ਸੀ, ਪਰ ਗਾਮੇ ਨੇ 50 ਸਕਿੰਟਾਂ ਦੇ ਅੰਦਰ ਹੀ ਜ਼ਬਿਸਕੋ ਨੂੰ ਚਿੱਤ ਕਰ ਦਿੱਤਾ। ਪਟਿਆਲਾ ਦੇ ਮਹਾਰਾਜੇ ਨੇ ਗਾਮੇ ਦਾ ਅੱਧੇ ਮਣ ਚਾਂਦੀ ਦੇ ਗਦੇ ਅਤੇ 20 ਹਜ਼ਾਰ ਰੁਪਏ ਦੀ ਨਗਦ ਇਨਾਮ ਰਾਸ਼ੀ ਨਾਲ ਸਨਮਾਨਤ ਕੀਤਾ। 1929 ਵਿੱਚ ਗਾਮੇ ਨੇ ਜੇਸੀ ਪੀਟਰਸਨ ਨੂੰ ਡੇਢ ਮਿੰਟ ਵਿੱਚ ਚਿੱਤ ਕੀਤਾ। ਉਸ ਤੋਂ ਬਾਅਦ ਜ਼ਬਿਸਕੋ ਨੇ ਫੇਰ ਕਿਤੇ ਗਾਮੇ ਨਾਲ ਕੁਸ਼ਤੀ ਨਹੀਂ ਲੜੀ।

1940ਵਿਆਂ ਜਦੋਂ ਗਾਮਾ ਸੱਠ ਵਰ੍ਹਿਆਂ ਦਾ ਸੀ ਤਾਂ ਹੈਦਰਾਬਾਦ ਦੇ ਨਿਜ਼ਾਮ ਨੇ ਉਸ ਨੂੰ ਘੁਲਣ ਲਈ ਸੱਦਿਆ। ਗਾਮੇ ਨੇ ਸਾਰੇ ਪਹਿਲਵਾਨ ਹਰਾ ਦਿੱਤੇ। ਅਖੀਰ ਨਿਜ਼ਾਮ ਨੇ ਸ਼ੇਰ-ਏ-ਹੈਦਰਾਬਾਦ ਬਲਰਾਮ ਹੀਰਾਮਨ ਸਿੰਘ ਯਾਦਵ ਨਾਲ ਗਾਮੇ ਦੀ ਕੁਸ਼ਤੀ ਕਰਵਾਈ। ਬਲਰਾਮ ਵੀ ਗਾਮੇ ਵਾਂਗ ਕਿਸੇ ਤੋਂ ਹਾਰਿਆ ਨਹੀਂ ਸੀ। ਵਡੇਰੀ ਉਮਰ ਦੇ ਬਾਵਜੂਦ ਗਾਮੇ ਨੇ ਨੌਜਵਾਨ ਪਹਿਲਵਾਨ ਨਾਲ ਪੂਰਾ ਮੁਕਾਬਲਾ ਕੀਤਾ ਅਤੇ ਅੰਤ ਕੁਸ਼ਤੀ ਬਰਾਬਰੀ ਉਤੇ ਮੁੱਕੀ।

ਗਾਮਾ ਸਹੀ ਮਾਅਨਿਆਂ ਵਿੱਚ ਸਾਂਝੇ ਪੰਜਾਬ ਦੀ ਕੁਸ਼ਤੀ ਦਾ ਵਾਰਸ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਉਹ ਪਟਿਆਲਾ ਰਹਿੰਦਾ ਸੀ ਅਤੇ 1947 ਵਿੱਚ ਉਹ ਪਾਕਿਸਤਾਨ ਸ਼ਿਫ਼ਟ ਹੋ ਗਿਆ। ਜਿਵੇਂ ਮਿਲਖਾ ਸਿੰਘ, ਮਹਿੰਦਰ ਸਿੰਘ ਗਿੱਲ, ਜਰਨੈਲ ਸਿੰਘ ਵਰਗੇ ਖਿਡਾਰੀ ਵੰਡ ਦੇ ਸੰਤਾਪ ਕਾਰਨ ਪਾਕਿਸਤਾਨੋਂ ਉਜੜ ਕੇ ਭਾਰਤ ਪੁੱਜੇ, ਉਵੇਂ ਗਾਮੇ ਜਿਹੇ ਵੀ ਕਈ ਖਿਡਾਰੀ ਇੱਧਰੋਂ ਉਜੜ ਕੇ ਪਾਕਿਸਤਾਨ ਗਏ। ਗਾਮੇ ਦਾ ਪਹਿਲਾ ਟਿਕਾਣਾ ਪਟਿਆਲਾ ਹੀ ਸੀ, ਜਿੱਥੇ ਪਟਿਆਲਾ ਰਿਆਸਤ ਦਾ ਉਹ ਸ਼ਾਹੀ ਪਹਿਲਵਾਨ ਸੀ ਅਤੇ ਉਸ ਨੂੰ ਮੋਤੀ ਬਾਗ ਅੱਗੇ ਵੱਡੀ ਕੋਠੀ ਦਿੱਤੀ ਹੋਈ ਸੀ, ਜਿੱਥੇ ਉਸ ਦਾ ਅਖਾੜਾ ਸੀ। ਉਸ ਕੋਲ ਦੋ-ਤਿੰਨ ਰਸੋਈਏ ਪੱਕੇ ਹੁੰਦੇ ਸਨ। ਵੰਡ ਤੋਂ ਬਾਅਦ ਗਾਮਾ ਪਟਿਆਲਾ ਤੋਂ ਲਾਹੌਰ ਚਲਾ ਗਿਆ ਅਤੇ ਪਹਿਲਵਾਨੀ ਦੀ ਵਿਰਾਸਤ ਚੀਮਾ ਪਰਿਵਾਰ ਨੇ ਸਾਂਭ ਲਈ ਜਿਸ ਨੇ ਕੇਸਰ ਸਿੰਘ ਚੀਮਾ, ਸੁਖਚੈਨ ਸਿੰਘ ਚੀਮਾ, ਪਲਵਿੰਦਰ ਸਿੰਘ ਚੀਮਾ ਜਿਹੇ ਵੱਡੇ ਪਹਿਲਵਾਨ ਦਿੱਤੇ।

ਲਾਹੌਰ ਰਹਿਣ ਲੱਗੇ ਗਾਮੇ ਨੇ 1952 ਵਿੱਚ ਆਪਣੇ ਲੰਬੇ ਪਹਿਲਵਾਨੀ ਖੇਡ ਜੀਵਨ ਤੋਂ ਸੰਨਿਆਸ ਦਾ ਐਲਾਨ ਕੀਤਾ। ਗਾਮਾ ਪੂਰੀ ਉਮਰ ਕਿਸੇ ਵੀ ਪਹਿਲਵਾਨ ਹੱਥੋਂ ਨਹੀਂ ਹਾਰਿਆ। ਅੰਤਲੀ ਉਮਰੇ ਗਮਾਂ ਨੇ ਗਾਮੇ ਨੂੰ ਅਜਿਹਾ ਘੇਰਿਆ ਕਿ ਉਸ ਦੇ ਪੰਜੇ ਪੁੱਤਰ ਅੱਲ੍ਹਾ ਨੂੰ ਪਿਆਰੇ ਹੋ ਗਏ। ਗਾਮੇ ਨੂੰ ਵੱਡੀ ਉਮਰੇ ਔਲਾਦ ਦੇ ਤੁਰ ਜਾਣ ਦਾ ਵੱਡਾ ਗ਼ਮ ਲੱਗਿਆ। 1953 ਵਿੱਚ ਰਾਵੀ ਕਿਨਾਰੇ ਸੱਪ ਦੇ ਡੰਗ ਕਾਰਨ ਗਾਮੇ ਦੀ ਸਿਹਤ ਖਰਾਬ ਹੋ ਗਈ। ਅੰਤਲੇ ਸਮੇਂ ਵਿੱਚ ਲੰਬੀ ਬਿਮਾਰੀ ਨਾਲ ਜੂਝਣ ਤੋਂ ਬਾਅਦ ਅੰਤ ਦੁਨੀਆਂ ਦਾ ਇਹ ਜੇਤੂ ਪਹਿਲਵਾਨ ਮੌਤ ਹੱਥੋਂ ਹਾਰ ਗਿਆ ਅਤੇ 23 ਮਈ 1960 ਨੂੰ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਇਆ। ਗਾਮੇ ਦਾ ਅਖ਼ਰੀਲਾ ਸਮਾਂ ਕਾਫ਼ੀ ਮੁਸ਼ਕਲਾਂ ਭਰਿਆ ਸੀ। ਲਹਿੰਦੇ ਪੰਜਾਬ ਦੀ ਸਰਕਾਰ ਨੇ ਉਸ ਨੂੰ ਕੁਝ ਜ਼ਮੀਨ ਅਤੇ ਮਹੀਨਾਵਾਰ ਪੈਨਸ਼ਨ ਦਿੱਤੀ। ਭਾਰਤੀ ਪ੍ਰਸ਼ੰਸਕਾਂ ਨੇ ਵੀ ਉਸ ਦੀ ਵਿੱਤੀ ਮੱਦਦ ਕੀਤੀ, ਜਿਸ ਨਾਲ ਉਹ ਆਪਣੇ ਡਾਕਟਰੀ ਖਰਚੇ ਕਰਦਾ ਰਿਹਾ। ਜੀ.ਡੀ. ਬਿਰਲਾ ਨੇ ਉਸ ਨੂੰ ਸਹਾਇਤਾ ਵਜੋਂ 2000 ਰੁਪਏ ਦਿੱਤੇ ਅਤੇ 300 ਰੁਪਏ ਮਹੀਨਾ ਪੈਨਸ਼ਨ ਵੀ ਦਿੰਦੇ ਰਹੇ। ਪਟਿਆਲਾ ਦੇ ਮਹਾਰਾਜਾ ਨੇ ਵੀ ਸਹਾਇਤਾ ਕੀਤੀ। ਪਾਕਿਸਤਾਨ ਸਰਕਾਰ ਨੇ ਵੀ ਉਸ ਦੀ ਮੌਤ ਤਕ ਦੇ ਇਲਾਜ ਉਤੇ ਹੋਣ ਵਾਲਾ ਖਰਚਾ ਚੁੱਕਿਆ।

ਗਾਮੇ ਦੀ ਤਾਕਤ ਉਸ ਦੀ ਵਰਜ਼ਿਸ਼ ਅਤੇ ਖ਼ੁਰਾਕ ਸੀ। ਤਿੰਨ ਦੇਸੀ ਬੱਕਰੇ, ਛੇ ਦੇਸੀ ਮੁਰਗੇ, 10 ਲਿਟਰ ਦੁੱਧ, ਅੱਧਾ ਕਿਲੋ ਬਦਾਮਾਂ ਦੀ ਸ਼ਰਦਈ, ਅੱਧਾ ਕਿਲੋ ਘਿਓ, ਢਾਈ ਕਿਲੋ ਮੱਖਣ, ਤਿੰਨ ਬਾਲਟੀਆਂ ਮੌਸਮੀ ਫਲਾਂ ਦੀਆਂ ਅਤੇ ਤਾਜ਼ਾ ਫਲਾਂ ਦਾ ਜੂਸ ਗਾਮੇ ਦੀ ਖ਼ੁਰਾਕ ਦਾ ਹਿੱਸਾ ਸੀ। ਗਾਮਾ ਹੱਡ ਭੰਨਵੀਂ ਕਸਰਤ ਕਰਦਾ ਸੀ। ਮਿੱਟੀ ਨਾਲ ਮਿੱਟੀ ਹੁੰਦੇ ਗਾਮੇ ਦੇ ਪਿੰਡੇ ਤੋਂ ਪਸੀਨਾ ਚਸ਼ਮੇ ਵਾਂਗ ਵਗਦਾ ਸੀ। ਮਧਰੇ ਕੱਦ ਦੇ ਗਾਮੇ ਦਾ ਭਾਰ 80 ਕਿਲੋ (200 ਪੌਂਡ) ਸੀ। ਉਸ ਦੀ ਛਾਤੀ 56 ਇੰਚ ਅਤੇ ਡੌਲਾ 21 ਇੰਚ ਦਾ ਸੀ। ਗਾਮਾ ਆਪਣੀ ਤਾਕਤ ਨਾਲ ਹੀ ਆਪਣੇ ਤੋਂ ਡੇਢ ਗੁਣਾਂ ਭਾਰੇ ਜ਼ਬਿਸਕੋ ਨੂੰ ਹਰਾ ਕੇ ਵਿਸ਼ਵ ਚੈਂਪੀਅਨ ਬਣਿਆ ਸੀ। ਜ਼ਬਿਸਕੋ ਨੇ ਗਾਮੇ ਬਾਰੇ ਆਖਿਆ ਸੀ ਕਿ ਉਹ ਬਿਜਲੀ ਸਮਾਨ ਹੈ। ਬਰੂਸ ਲੀ ਵੀ ਗਾਮੇ ਦੀ ਕਸਰਤ ਦਾ ਉਪਾਸ਼ਕ ਸੀ। ਗਾਮੇ ਦੀ ਰੋਜ਼ਾਨਾ ਕਸਰਤ ਵਿੱਚ ਪੰਜ ਸੌ ਬੈਠਕਾਂ, ਹਜ਼ਾਰ ਤੋਂ ਵੱਧ ਡੰਡ ਸ਼ਾਮਲ ਸਨ। ਕੁਇੰਟਲ ਭਾਰ ਚੱਕੀ ਲੰਬਾ ਸਮਾਂ ਵੇਟਟਰੇਨਿੰਗ ਕਰਦਾ ਸੀ।

ਗਾਮਾ ਦੋਸਤੀ ਨਿਭਾਉਣ ਵਾਲਾ ਇਨਸਾਨ ਸੀ। ਇਕੇਰਾਂ ਉਹ ਦਤੀਏ ਗਿਆ ਸੀ ਤਾਂ ਪਿੱਛੋਂ ਉਸ ਦੇ 13 ਵਰ੍ਹਿਆਂ ਦੇ ਪੁੱਤਰ ਜਲਾਉਲਦੀਨ ਦੇ ਫੌਤ ਹੋਣ ਦੀ ਖਬਰ ਮਿਲੀ। ਗਾਮੇ ਨੇ ਤਾਰ ਭੇਜ ਕੇ ਲਿਖਿਆ ਕਿ ਉਸ ਦਾ ਦੋਸਤ ਪੂਰਾ ਹੋ ਗਿਆ ਹੈ ਅਤੇ ਉਸ ਦੇ ਪੁੱਤਰ ਨੂੰ ਦਫ਼ਨ ਕਰ ਦੇਵੋ। ਗਾਮੇ ਨੇ ਆਪਣੇ ਪੁੱਤਰ ਦੀ ਬਜਾਏ ਦੋਸਤ ਦੀਆਂ ਅੰਤਿਮ ਰਸਮਾਂ ਨੂੰ ਪਹਿਲ ਦਿੱਤੀ। ਗਾਮੇ ਦੀ ਮਹਾਨਤਾ ਦੇ ਕਿੱਸੇ ਕਵੀਆਂ, ਕਵੀਸ਼ਰਾਂ, ਗਾਉਣ ਵਾਲਿਆਂ ਨੇ ਵੀ ਗਾਏ। ਮਹਾਨ ਕਵੀਸ਼ਰ ਬਾਬੂ ਰਜ਼ਬ ਅਲੀ ਲਿਖਦੇ ਹਨ, "ਮਾਂ ਦੇ ਲਾਲ ਜ਼ਬਿਸਕੋ ਢਾਹਿਆ" ਕੋਈ ਲਿਖਦਾ ਹੈ, "ਜਿੱਥੇ ਗਾਮੇ ਦਾ ਨਾਮ ਪਟਿਆਲੇ ਦਾ ਜੇ, ਜਦੋਂ ਰੁਸਤਮੇ ਜਮਾਂ ਕਹਾਉਂਦੇ ਨੇ।" ਗਾਮੇ ਨੇ ਸੰਤਾਲੀ ਦੀ ਵੰਡ ਵੇਲੇ ਲਾਹੌਰ ਵਿਖੇ ਕਈ ਹਿੰਦੂ ਪਰਿਵਾਰਾਂ ਦੀ ਭੀੜ ਤੋਂ ਜਾਨ ਬਚਾਈ ਸੀ।

ਗਾਮਾ ਅੱਜ ਵੀ ਤਾਕਤ ਦੀ ਮਿੱਥ ਬਣਿਆ ਹੋਇਆ ਹੈ ਅਤੇ ਕਿਸੇ ਵੀ ਵਿਅਕਤੀ ਵੱਲੋਂ ਆਪਣੇ ਆਪ ਨੂੰ ਸਕਤੀਸ਼ਾਲੀ ਪੇਸ਼ ਕਰਨ ਉਤੇ ਉਸ ਨੂੰ ਇਹ ਕਹਿ ਕੇ ਛੇੜਿਆ ਜਾਂਦਾ ਹੈ, "ਆਇਆ ਵੱਡਾ ਗਾਮਾ।"

ਗਾਮੇ ਦੇ ਭਰਾ ਇਮਾਮ ਬਖ਼ਸ਼ ਦੀ ਪੋਤਰੀ ਕਲਸੂਮ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਤਨੀ ਹੈ ਅਤੇ ਪੜਪੋਤਰੀ ਮਰੀਅਮ ਨਵਾਜ਼ ਮੌਜੂਦਾ ਸਮੇਂ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਹੈ। ਇਸ ਤੋਂ ਇਲਾਵਾ ਗਾਮੇ ਦੇ ਪਰਿਵਾਰ ਵਿੱਚੋਂ ਹੋਰ ਵੀ ਕਈ ਮੈਂਬਰਾਂ ਨੇ ਪਾਕਿਸਤਾਨ ਵਿੱਚ ਵੱਡੇ ਮੁਕਾਮ ਹਾਸਲ ਕੀਤੇ ਹਨ।




# 'ਪੰਜਾਬੀ ਸਿਨੇਮਾ ਜਗਤ' ਵਿੱਚ ਕੁੜੀਆਂ ਦਾ ਜਿਨਸੀ ਸ਼ੋਸ਼ਣ !

**ਨਵਦੀਪ ਕੌਰ ਗਰੇਵਾਲ**

ਮਲਿਆਲਮ ਫਿਲਮ ਇੰਡਸਟਰੀ ਵਿੱਚ ਅਭਿਨੇਤਰੀਆਂ ਲਈ ਕੰਮ ਦੇ ਹਾਲਾਤ ਅਤੇ ਜਿਨਸੀ ਸ਼ੋਸ਼ਣ ਸਬੰਧੀ ਜਸਟਿਸ ਹੇਮਾ ਕਮੇਟੀ ਦੀ ਰਿਪੋਰਟ ਪਿਛਲੇ ਕਈ ਹਫ਼ਤਿਆਂ ਤੋਂ ਚਰਚਾ ਵਿੱਚ ਹੈ। ਇਸ ਰਿਪੋਰਟ ਵਿੱਚ ਟਿੱਪਣੀ ਕੀਤੀ ਗਈ ਹੈ, "ਸਾਹਮਣੇ ਰੱਖੇ ਸਬੂਤਾਂ ਮੁਤਾਬਕ, ਫ਼ਿਲਮ ਸਨਅਤ ਵਿੱਚ ਜਿਨਸੀ ਸ਼ੋਸ਼ਣ ਹੈਰਾਨੀਜਨਕ ਰੂਪ ਵਿੱਚ ਆਮ ਹੈ, ਇਹ ਬਿਨਾ ਕਿਸੇ ਰੋਕ-ਟੋਕ ਤੋਂ ਚੱਲ ਰਿਹਾ ਹੈ ਅਤੇ ਵੱਸੋਂ ਬਾਹਰ ਹੋ ਚੁੱਕਿਆ ਹੈ।"

ਬਾਲੀਵੁੱਡ ਵਿੱਚ ਵੀ 'ਕਾਸਟਿੰਗ ਕਾਊਚ' ਅਤੇ 'ਸਮਝੌਤੇ' ਦੇ ਇਲਜ਼ਾਮ ਸਮੇਂ-ਸਮੇਂ ਸਾਹਮਣੇ ਆਉਂਦੇ ਰਹੇ ਹਨ। ਕੁੜੀਆਂ ਨੂੰ ਕੰਮ ਹਾਸਿਲ ਕਰਨ ਲਈ ਕਈ ਵਾਰ ਜਿਨਸੀ ਸੋਸ਼ਣ ਝੱਲਣਾ ਪੈਂਦਾ ਹੈ। ਕੀ ਪੰਜਾਬੀ ਸਿਨੇਮਾ ਵਿੱਚ ਵੀ ਅਭਿਨੇਤਰੀਆਂ ਨੂੰ ਅਜਿਹੀ ਸਥਿਤੀ ਸਹਿਣ ਕਰਨੀ ਪੈਂਦੀ ਹੈ ਜਾਂ ਪੰਜਾਬੀ ਸਿਨੇਮਾ ਇਸ ਮਾਮਲੇ ਵਿੱਚ ਦੂਜਿਆਂ ਤੋਂ ਵੱਖਰਾ ਹੈ? ਪੰਜਾਬੀ ਫਿਲਮ ਜਗਤ ਨਾਲ ਜੁੜੇ ਕਈ ਲੋਕਾਂ ਨਾਲ ਗੱਲ ਕਰਨ ਤੋਂ ਬਾਅਦ ਸਾਹਮਣੇ ਆਇਆ ਹੈ ਕਿ ਪੰਜਾਬੀ ਫ਼ਿਲਮਾਂ ਵਿੱਚ ਵੀ ਕਈ ਵਾਰ ਅਜਿਹੀ ਸਥਿਤੀ ਬਣਦੀ ਹੈ, ਜਿੱਥੇ ਅਭਿਨੇਤਰੀਆਂ ਨੂੰ 'ਸੈਕਸੁਅਲ ਫੇਵਰ' ਦੇ ਬਦਲੇ ਫ਼ਿਲਮ ਵਿੱਚ ਕੰਮ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਕਈ ਇਹ 'ਸਮਝੌਤਾ' ਕਰ ਲੈਂਦੀਆਂ ਹਨ ਅਤੇ ਕਈ ਨਹੀਂ ਕਰਦੀਆਂ। ਭਾਵੇਂ ਪੰਜਾਬੀ ਸਿਨੇਮਾ ਵਿੱਚ 'ਸੈਕਸੁਅਲ ਫੇਵਰ' ਬਦਲੇ ਕੰਮ ਦੇਣ ਦਾ ਰੁਝਾਨ ਬਹੁਤ ਜ਼ਿਆਦਾ ਨਹੀਂ ਹੈ, ਪਰ ਰੈਫਰੈਂਸ, ਜਾਣ-ਪਛਾਣ ਜਾਂ ਹੋਰ ਪੈਮਾਨੇ ਵੀ ਭੂਮਿਕਾ ਅਦਾ ਕਰਦੇ ਹਨ। ਕੀ 'ਸਮਝੌਤੇ' ਕਰਨ ਵਾਲੀਆਂ ਅਦਾਕਾਰਾਵਾਂ ਜ਼ਿਆਦਾ ਸਫ਼ਲ ਹੁੰਦੀਆਂ ਹਨ? ਅਜਿਹੇ ਆਫਰ ਨਕਾਰ ਦੇਣ ਵਾਲੀਆਂ ਲਈ ਅੱਗੇ ਕੀ ਰਾਹ ਹੁੰਦਾ ਹੈ? ਅਜਿਹੇ ਆਫਰ ਦੇਣ ਵਾਲੇ ਕਿਹੜੇ ਲੋਕ ਹੁੰਦੇ ਹਨ?

ਚੰਡੀਗੜ੍ਹ ਦੀ ਆਨੰਦ ਪ੍ਰਿਆ, ਜੋ ਮੁੰਬਈ ਰਹਿੰਦੀ ਹੈ, ਨੇ ਪੰਜਾਬ ਯੂਨੀਵਰਸਿਟੀ ਵਿੱਚੋਂ ਥੀਏਟਰ ਦੀ ਪੜ੍ਹਾਈ ਕਰਨ ਬਾਅਦ ਫ਼ਿਲਮੀ ਦੁਨੀਆਂ ਵਿੱਚ ਕਦਮ ਰੱਖਿਆ। ਆਨੰਦ ਪ੍ਰਿਆ ਨੇ ਸਿਰਫ਼ ਪੰਜਾਬੀ ਫ਼ਿਲਮਾਂ ਹੀ ਨਹੀਂ ਸਗੋਂ ਨੈਟਫਲਿਕਸ ਦੀ ਵੈਬਸੀਰੀਜ਼ 'ਕੋਹਰਾ' ਵਿੱਚ ਵੀ ਆਪਣੀ ਦਮਦਾਰ ਪੇਸ਼ਕਾਰੀ ਜ਼ਰੀਏ ਨਾਮਣਾ ਖੱਟਿਆ ਹੈ। ਉਸ ਮੁਤਾਬਕ ਹੁਣ ਤੱਕ ਉਸ ਨੇ ਜਿੰਨਾ ਵੀ ਕੰਮ ਕੀਤਾ ਹੈ, ਕਦੇ ਵੀ ਉਸ ਤੋਂ ਕੰਮ ਦੇਣ ਦੇ ਬਦਲੇ 'ਸੈਕਸੁਅਲ ਫੇਵਰ' ਨਹੀਂ ਮੰਗਿਆ ਗਿਆ। ਉਹ ਕਹਿੰਦੀ ਹੈ, "ਮੈਂ ਜ਼ਿਆਦਾਤਰ ਕੰਮ ਉਨ੍ਹਾਂ ਲੋਕਾਂ ਨਾਲ ਹੀ ਕੀਤਾ ਹੈ, ਜੋ ਥੀਏਟਰ ਕਰਕੇ ਮੇਰੇ ਬਾਰੇ ਕਿਸੇ ਨਾ ਕਿਸੇ ਤਰ੍ਹਾਂ ਜਾਣਦੇ ਸਨ। ਇਸ ਲਈ ਮੇਰਾ ਵਾਹ ਉਸ ਤਰ੍ਹਾਂ ਦੇ ਲੋਕਾਂ ਨਾਲ ਨਹੀਂ ਪਿਆ। ਹਾਂ, ਮੈਂ ਸੁਣਿਆ ਹੈ ਕਿ ਅਜਿਹਾ ਹੁੰਦਾ ਹੈ।"

ਉਹ ਬਿਨਾ ਨਾਮ ਲਏ ਇੱਕ ਨਿਰਦੇਸ਼ਕ ਦਾ ਜ਼ਿਕਰ ਕਰਦੀ ਹੈ, ਜਿਸ ਬਾਰੇ ਉਸ ਨੂੰ ਇੰਡਸਟਰੀ ਵਿੱਚ ਕੁਝ ਕਰੀਬੀਆਂ ਤੋਂ ਪਤਾ ਲੱਗਿਆ ਕਿ ਉਸ ਨੇ ਕਥਿਤ ਤੌਰ 'ਤੇ ਆਪਣੀ ਫ਼ਿਲਮ ਵਿੱਚ ਕੰਮ ਦੇਣ ਬਦਲੇ ਅਭਿਨੇਤਰੀਆਂ ਦਾ ਜਿਨਸੀ ਸ਼ੋਸ਼ਣ ਕੀਤਾ। ਇਸੇ ਨਿਰਦੇਸ਼ਕ ਨੇ ਇੱਕ ਸ਼ੂਟ ਦੌਰਾਨ ਉਸ ਨਾਲ ਛੇੜ-ਛਾੜ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਤੋਂ ਪਹਿਲਾਂ ਤੱਕ ਆਨੰਦ ਪ੍ਰਿਆ ਨੂੰ ਉਸ ਨਿਰਦੇਸ਼ਕ ਦੇ 'ਅਸਲ ਕਿਰਦਾਰ' ਬਾਰੇ ਪਤਾ ਨਹੀਂ ਸੀ। ਉਹ ਇੱਕ ਚੰਗਾ ਇਨਸਾਨ ਹੋਣ ਦਾ ਬਹੁਤ ਦਿਖਾਵਾ ਕਰਦਾ ਹੈ।

ਪ੍ਰਿਆ ਨੇ ਦੱਸਿਆ ਕਿ ਰਾਤ ਦਾ ਸ਼ੂਟ ਸੀ। ਸ਼ੂਟਿੰਗ ਦੇ ਬਰੇਕ ਦੌਰਾਨ ਅਸੀਂ ਕਾਰ ਵਿੱਚ ਬੈਠੇ ਸੀ। ਡਰਾਈਵਰ ਸੀਟ ਉੱਤੇ ਮੇਰਾ ਕੋ-ਐਕਟਰ ਸੀ, ਨਾਲ ਹੀ ਅਗਲੀ ਸੀਟ ਉੱਤੇ ਮੈਂ ਸੀ। ਪਿਛਲੀ ਸੀਟ ਉੱਤੇ ਡਰਾਈਵਰ ਸੀਟ ਦੇ ਪਿੱਛੇ ਉਹ ਨਿਰਦੇਸ਼ਕ ਸੀ। ਮੇਰਾ ਕੋ-ਐਕਟਰ ਕੁਝ ਸਮੇਂ ਲਈ ਬਾਹਰ ਗਿਆ ਤਾਂ ਇਸੇ ਦੌਰਾਨ ਡਾਇਰੈਕਟਰ ਨੇ ਘਟੀਆ ਤਰੀਕੇ ਨਾਲ ਛੂਹਣ ਦੀ ਕੋਸ਼ਿਸ਼ ਕੀਤੀ। ਮੈਂ ਤੁਰੰਤ ਗੱਡੀ ਵਿੱਚੋਂ ਬਾਹਰ ਆ ਗਈ। ਮੇਰੇ ਸਮਝ ਹੀ ਨਹੀਂ ਆ ਰਹੀ ਸੀ ਕਿ ਮੇਰੇ ਨਾਲ ਹੋਇਆ ਕੀ ਹੈ। ਮੈਂ ਫ਼ਿਲਮਾਂ ਨਾਲ ਜੁੜੇ ਆਪਣੇ ਕਈ ਜਾਣਕਾਰਾਂ ਨੂੰ ਇਸ ਘਟਨਾ ਬਾਰੇ ਦੱਸਿਆ ਤਾਂ ਕਿ ਉਸ ਬੰਦੇ ਦੇ ਅਸਲ ਕਿਰਦਾਰ ਤੋਂ ਜਾਣੂ ਰਹਿਣ। ਉਸ ਨਿਰਦੇਸ਼ਕ ਨੇ ਦੋ ਵਾਰ ਮੇਕਅੱਪ ਆਰਟਿਸਟ ਕੁੜੀ ਨੂੰ ਵੀ ਚੁੰਮਣ ਦੀ ਕੋਸ਼ਿਸ਼ ਕੀਤੀ ਸੀ।

ਮਾਡਲ ਅਤੇ ਅਭਨੇਤਰੀ ਰਾਵੀ ਕੌਰ ਬੱਲ ਮੁਤਾਬਕ ਅਕਸਰ ਫ਼ਿਲਮੀ ਦੁਨੀਆਂ ਨਾਲ ਜੁੜੇ ਕੁਝ ਲੋਕ ਕੁੜੀਆਂ ਨੂੰ ਅਜਿਹੇ ਝਾਂਸਿਆਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦਾ ਇਸ਼ਾਰਾ ਇਹ ਦੇਖਣ ਲਈ ਹੁੰਦਾ ਹੈ ਕਿ ਲੜਕੀ ਦਾ ਕੀ ਜਵਾਬ ਆਉਂਦਾ ਹੈ। ਕਈ ਗਾਇਕ ਸਨੈਪਚੈਟ ਜ਼ਰੀਏ ਮੈਸੇਜ ਕਰਦੇ ਹਨ, ਕਿਉਂਕਿ ਉੱਥੇ ਚੈਟ ਡਿਲੀਟ ਹੋ ਜਾਂਦੀ ਹੈ। ਰਾਵੀ ਨੇ ਦੱਸਿਆ ਕਿ ਇੱਕ ਵਾਰ ਕਿਸੇ ਨਵੇਂ ਬਣੇ ਨਿਰਮਾਤਾ ਨੇ ਉਸ ਦੀ ਟਿਕਟ ਕਰਵਾ ਕੇ ਕੈਨੇਡਾ ਤੋਂ ਇੰਡੀਆ ਬੁਲਾ ਲਿਆ ਅਤੇ ਯੂ.ਐੱਸ.ਏ. ਵਿੱਚ ਸ਼ੂਟ ਹੋਣ ਦਾ ਦਾਅਵਾ ਕੀਤਾ। ਦਿੱਲੀ ਪਹੁੰਚਣ 'ਤੇ ਫ਼ਿਲਮ ਬਾਰੇ ਕੋਈ ਗੱਲ ਨਾ ਹੋਈ, ਸਗੋਂ ਦੋ ਦਿਨ ਇਧਰਲੀਆਂ-ਉਧਰਲੀਆਂ ਹੀ ਕਰਦੇ ਰਹੇ ਅਤੇ ਉਸ ਨਿਰਦੇਸ਼ਕ ਨਾਲ ਛੋਟੀ ਉਮਰ ਦੀ ਇੱਕ ਹੋਰ ਕੁੜੀ ਵੀ ਸੀ। ਇਸ ਤੋਂ ਉਹ ਸਮਝ ਗਈ ਕਿ ਵੱਡੀਆਂ ਗੱਡੀਆਂ ਤੇ ਸ਼ੋਹਰਤ ਦਿਖਾ ਕੇ ਉਸ ਨੂੰ ਗਲਤ ਇਰਾਦੇ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਹ ਵੀ ਸਾਹਮਣੇ ਆਇਆ ਕਿ ਕਈ ਵਾਰ ਨਿਰਮਾਤਾ ਜਾਂ ਨਿਰਦੇਸ਼ਕ ਨਾਲ ਨਵੇਂ ਕਲਾਕਾਰਾਂ ਦਾ ਸੰਪਰਕ ਕਰਵਾਉਣ ਵਾਲੇ ਕੁਝ ਲੋਕ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੁੰਦੇ ਹਨ। ਸਾਲ 2012 ਤੋਂ 2019 ਤੱਕ ਕਾਸਟਿੰਗ ਨਿਰਦੇਸ਼ਕ ਵਜੋਂ ਕੰਮ ਕਰਨ ਵਾਲੀ ਜਯੋਤਿਕਾ ਬਡਿਆਲ ਨਾਲ ਗੱਲ ਕੀਤੀ। ਮਾਂ ਬਣਨ ਤੋਂ ਬਾਅਦ ਕੁਝ ਸਮੇਂ ਲਈ ਇਸ ਕੰਮ ਤੋਂ ਵਕਫ਼ਾ ਲੈ ਲਿਆ। ਉਸ ਨੇ ਕਈ ਫ਼ਿਲਮਾਂ ਲਈ ਅਦਾਕਾਰਾਂ ਦੀ ਚੋਣ ਕੀਤੀ ਜਿਨ੍ਹਾਂ ਵਿੱਚ ਕਪਤਾਨ, ਲਾਹੌਰੀਏ, ਨਨਕਾਣਾ, ਕਾਲਾ ਸ਼ਾਹ ਕਾਲਾ, ਸੱਜਣ ਸਿੰਘ ਰੰਗਰੂਟ, ਰੌਕੀ ਮੈਂਟਲ, ਮਾਹੀ ਐਨ.ਆਰ.ਆਈ., ਜ਼ੋਰਾਵਰ, ਟਾਈਗਰ, ਟੋਭਾ ਟੇਕ ਸਿੰਘ, ਏਕ ਥਾ ਭੁਜੰਗ ਜਿਹੀਆਂ ਫ਼ਿਲਮਾਂ ਸ਼ਾਮਲ ਹਨ। ਜਯੋਤਿਕਾ ਮੁਤਾਬਕ ਉਸ ਦੇ ਕੰਮ ਕਰਨ ਦਾ ਤਰੀਕਾ ਬਹੁਤ ਪੇਸ਼ੇਵਰ ਹੋਣ ਕਰਕੇ ਉਨ੍ਹਾਂ ਨੂੰ ਕਦੇ ਵੀ ਕਿਸੇ ਨਿਰਮਾਤਾ ਜਾਂ ਨਿਰਦੇਸ਼ਕਾਂ ਨੇ 'ਸੈਕਸੁਅਲ ਫੇਵਰ' ਲਈ ਤਿਆਰ ਹੋਣ ਵਾਲੀ ਲੜਕੀ ਦੀ ਚੋਣ ਕਰਨ ਲਈ ਨਹੀਂ ਕਿਹਾ। ਉਂਜ ਪ੍ਰੋਡਕਸ਼ਨ ਨਾਲ ਜੁੜੇ ਇੱਕ ਆਦਮੀ ਨੇ ਉਸ ਨੂੰ ਫੋਨ ਕਰਕੇ ਕਿਹਾ ਸੀ ਕਿ 'ਮੈਡਮ ਇੱਕ ਨਿਰਮਾਤਾ ਆ ਰਹੇ ਹਨ, ਉਨ੍ਹਾਂ ਨੂੰ ਇੱਕ ਦਿਨ ਲਈ ਇੱਕ ਲੜਕੀ ਚਾਹੀਦੀ ਹੈ।' ਮੈਂ ਉਸ ਦੀ ਗੱਲ ਸਮਝੀ ਨਹੀਂ ਅਤੇ ਦੁਬਾਰਾ ਪੁੱਛਿਆ ਤਾਂ ਉਸ ਨੇ ਕਿਹਾ ਕਿ ਕੋਈ ਮਾਡਲ ਜਾਂ ਅਭਿਨੇਤਰੀ, ਜੋ ਉਨ੍ਹਾਂ ਨੂੰ ਕੰਪਨੀ ਕਰਨ ਲਈ ਤਿਆਰ ਹੋਵੇ। ਜਯੋਤਿਕਾ ਮੁਤਾਬਕ, ਫ਼ਿਲਮਾਂ ਦੀ ਬਜਾਏ ਮਿਊਜ਼ਿਕ ਵੀਡੀਓਜ਼ ਬਾਰੇ ਉਨ੍ਹਾਂ ਨੇ ਅਜਿਹਾ ਵਧੇਰੇ ਸੁਣਿਆ ਹੈ। ਕਈ ਲੋਕ ਹੁੰਦੇ ਹਨ, ਜੋ ਉਨ੍ਹਾਂ ਨੂੰ ਕੰਮ ਦਿਵਾਉਣ ਦਾ ਫਾਇਦਾ ਇਸ ਤਰ੍ਹਾਂ ਚੁੱਕਦੇ ਹਨ।

ਅਦਾਕਾਰਾ ਸ਼ਰਨ ਕੌਰ ਨੇ ਹਿੰਦੀ ਨਾਟਕਾਂ ਵਿੱਚ ਕੰਮ ਕਰਨ ਤੋਂ ਇਲਾਵਾ, 'ਮੁੰਡਾ ਫਰੀਦਕੋਟੀਆ' ਅਤੇ 'ਸ਼ਰੀਕ-2' ਜਿਹੀਆਂ ਪੰਜਾਬੀ ਫ਼ਿਲਮਾਂ ਵਿੱਚ ਲੀਡ ਰੋਲ ਨਿਭਾਏ ਹਨ। ਉਸ ਦਾ ਮੰਨਣਾ ਹੈ ਕਿ ਕੁੜੀਆਂ ਨੂੰ ਇਹ ਮੰਨਣਾ ਪਵੇਗਾ, ਇਨ੍ਹਾਂ ਚੀਜ਼ਾਂ ਦਾ ਸਾਹਮਣਾ ਕਰਨਾ ਉਨ੍ਹਾਂ ਦੇ ਕੰਮ ਦਾ ਹਿੱਸਾ ਹੈ ਅਤੇ ਅਜਿਹੇ ਹਾਲਾਤ ਨਾਲ ਹੁਸ਼ਿਆਰੀ ਨਾਲ ਨਜਿੱਠਣਾ ਸਿੱਖਣਾ ਚਾਹੀਦਾ ਹੈ। ਸ਼ਰਨ ਕੌਰ ਮਹਿਸੂਸ ਕਰਦੀ ਹੈ ਕਿ ਲੋਕ ਕੁੜੀਆਂ ਨੂੰ ਰੋਲ ਦੇਣ ਲਈ ਅਜਿਹੀ ਪੇਸ਼ਕਸ਼ ਕਰਦੇ ਜ਼ਰੂਰ ਹਨ, ਪਰ ਕੋਈ ਜ਼ਬਰਦਸਤੀ ਨਹੀਂ ਕਰਦਾ। ਅਜਿਹੇ ਲੋਕ ਸਾਰੇ ਪੇਸ਼ਿਆਂ ਵਿੱਚ ਹੁੰਦੇ ਹਨ, ਜੋ ਸਫਲ ਹੋਣ ਲਈ ਇਸ ਤਰ੍ਹਾਂ ਦੇ ਆਫਰ ਦਿੰਦੇ ਹਨ, ਪਰ ਸਭ ਕੁੜੀ ਦੇ ਫ਼ੈਸਲੇ 'ਤੇ ਨਿਰਭਰ ਕਰਦਾ ਹੈ। ਜੇ ਲੜਕੀ ਰਾਜ਼ੀ ਹੈ ਤਾਂ ਹੀ ਅਜਿਹਾ ਹੁੰਦਾ ਹੈ। ਕੁੜੀਆਂ ਵੀ ਕੰਮ ਹਾਸਿਲ ਕਰਨ ਲਈ ਖੁਦ 'ਸੈਕਸੁਅਲ ਫੇਵਰ' ਕਰਨ ਲਈ ਤਿਆਰ ਹੁੰਦੀਆਂ ਹਨ। ਇਸ ਨਾਲ ਕਈ ਵਾਰ ਸਿੱਧੇ ਰਾਹ ਚੱਲਣ ਵਾਲੀਆਂ ਕੁੜੀਆਂ ਹੱਥੋਂ ਕੰਮ ਕਰਨ ਦਾ ਮੌਕਾ ਖੁੰਝ ਜਾਂਦਾ ਹੈ।

ਰੰਗਮੰਚ ਦੇ ਵਿਦਵਾਨ, ਸਕਰੀਨ ਰਾਈਟਰ ਤੇ ਨਿਰਦੇਸ਼ਕ ਪਾਲੀ ਭੁਪਿੰਦਰ ਮੁਤਾਬਕ ਇਹ ਕਹਿਣਾ ਕਿ ਪੰਜਾਬੀ ਫ਼ਿਲਮ ਸਨਅਤ ਵਿੱਚ ਇਸ ਤਰ੍ਹਾਂ ਕੁੜੀਆਂ ਦਾ ਸੋਸ਼ਣ ਬਿਲਕੁਲ ਨਹੀਂ ਹੁੰਦਾ, ਗਲਤ ਹੋਵੇਗਾ। ਸਮੱਸਿਆ ਜ਼ਿਆਦਾਤਰ ਲੀਡ ਅਭਿਨੇਤਰੀਆਂ ਦੇ ਮੁਕਾਬਲੇ ਸਹਾਇਕ ਅਭਿਨੇਤਰੀਆਂ ਦੇ ਮਾਮਲੇ ਵਿੱਚ ਵੱਧ ਸੁਣਨ ਨੂੰ ਮਿਲਦੀ ਹੈ। ਉਸ ਨੇ ਕਿਹਾ, "ਮੈਂ ਅਜਿਹੀਆਂ ਤਿੰਨ-ਚਾਰ ਅਭਿਨੇਤਰੀਆਂ ਨੂੰ ਜਾਣਦਾ ਹਾਂ, ਜਿਨ੍ਹਾਂ ਨੂੰ ਕੰਮ 'ਸੈਕਸੁਅਲ ਫੇਵਰ' ਕਰਕੇ ਮਿਲਿਆ ਅਤੇ ਉਹ ਖ਼ੁਦ ਆਫਰ ਕਰਦੀਆਂ ਸੀ। ਉਨ੍ਹਾਂ ਨੇ ਦੂਜੀਆਂ ਹੁਨਰਮੰਦ ਲੜਕੀਆਂ ਦਾ ਹੱਕ ਵੀ ਮਾਰਿਆ। ਉਹ ਇੱਕ ਦੌਰ ਵਿੱਚ ਬਹੁਤ ਫ਼ਿਲਮਾਂ ਵਿੱਚ ਦਿਸਦੀਆਂ ਸਨ, ਪਰ ਉਨ੍ਹਾਂ ਦੀ ਇੰਡਸਟਰੀ ਵਿੱਚ ਕੋਈ ਇੱਜ਼ਤ ਨਹੀਂ ਹੈ।...ਜਿਨ੍ਹਾਂ ਕੁੜੀਆਂ ਨੂੰ ਅਜਿਹੇ 'ਸਮਝੌਤਿਆਂ' ਕਾਰਨ ਕੰਮ ਮਿਲਦਾ ਰਿਹਾ ਹੈ, ਉਹ ਬਹੁਤ ਵੱਡੀਆਂ ਸਟਾਰ ਨਹੀਂ ਬਣੀਆਂ।"

ਪਾਲੀ ਭੁਪਿੰਦਰ ਮੁਤਾਬਕ ਇੱਕ ਪ੍ਰੋਡਕਸ਼ਨ ਤੋਂ ਦੂਜੀ ਪ੍ਰੋਡਕਸ਼ਨ ਤੱਕ ਅਜਿਹੀ ਗੱਲ ਫੈਲ ਹੀ ਜਾਂਦੀ ਹੈ ਅਤੇ ਫਿਰ ਉਸ ਕੁੜੀ ਨੂੰ ਕੰਮ ਦੇ ਅਧਾਰ 'ਤੇ ਕੰਮ ਨਹੀਂ ਮਿਲਦਾ ਤੇ ਵਾਰ-ਵਾਰ 'ਸਮਝੌਤਾ' ਹੀ ਕਰਨਾ ਪੈਂਦਾ ਹੈ। ਪੰਜਾਬ ਵਿੱਚ ਇਹ ਸਮੱਸਿਆ ਮੁੰਬਈ ਜਿਹੀਆਂ ਸਨਅਤਾਂ ਦੀ ਤਰ੍ਹਾਂ ਸ਼ਰ੍ਹੇਆਮ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਕੁੜੀਆਂ ਹਿੰਮਤੀ ਬਣਨ ਅਤੇ ਇਸ ਤਰ੍ਹਾਂ ਦੇ ਸ਼ੌਰਟਕੱਟ ਜ਼ਰੀਏ ਕੰਮ ਲੈਣ ਤੋਂ ਇਨਕਾਰ ਕਰਨ।

ਪਾਲੀ ਭੁਪਿੰਦਰ ਨੇ ਦੱਸਿਆ ਕਿ ਜਦੋਂ ਪੰਜਾਬ ਵਿੱਚ ਬਹੁਤ ਸਾਰੀਆਂ ਕਾਮੇਡੀ ਫ਼ਿਲਮਾਂ ਬਣ ਰਹੀਆਂ ਸਨ ਤਾਂ 2010 ਤੋਂ 2020 ਤੱਕ ਕਈ ਨਿਰਮਾਤਾ ਆਏ ਸਨ। ਉਨ੍ਹਾਂ ਵਿੱਚੋਂ ਕੁਝ ਫ਼ਿਲਮਾਂ ਵਿੱਚ ਮਾਡਲਾਂ ਜਾਂ ਹੋਰ ਸੈਕੰਡ ਲੀਡ ਕੁੜੀਆਂ ਨੂੰ 'ਸੈਕਸੁਅਲ ਫੇਵਰ' ਦੇ ਬਦਲੇ ਨਾਇਕਾ ਲਿਆ ਗਿਆ; ਪਰ ਪਿਛਲੇ ਸਮੇਂ ਦੌਰਾਨ ਲਗਾਤਾਰ ਅਜਿਹੀਆਂ ਫ਼ਿਲਮਾਂ ਪਿਟਣ ਤੋਂ ਬਾਅਦ ਹੁਣ ਉਹ ਰੁਝਾਨ ਥੋੜ੍ਹਾ ਘਟ ਗਿਆ ਹੈ। ਉਂਜ ਚੰਗੀਆਂ ਹੀਰੋਇਨਾਂ ਜਾਂ ਮੁੱਖ ਧਾਰਾ ਦੀਆਂ ਅਭਿਨੇਤਰੀਆਂ ਨੇ ਕਦੇ ਵੀ ਅਜਿਹੇ ਲੋਕਾਂ ਨੂੰ ਭਾਅ ਨਹੀਂ ਦਿੱਤਾ।

ਪੰਜਾਬੀ ਗੀਤਕਾਰ ਅਤੇ ਸਾਬਕਾ ਪੱਤਰਕਾਰ ਸ਼ਮਸ਼ੇਰ ਸੰਧੂ ਕਹਿੰਦੇ ਹਨ ਕਿ ਬਾਹਰੀ ਫ਼ਿਲਮ ਸਨਅਤਾਂ ਬਾਰੇ ਇਹ ਗੱਲਾਂ ਬਹੁਤੀਆਂ ਸੁਨਣ ਵਿੱਚ ਆਈਆਂ ਹਨ, ਪਰ ਪੰਜਾਬੀ ਸਿਨੇਮਾ ਵਿੱਚ ਕੁਲ-ਮਿਲਾ ਕੇ ਅਜਿਹਾ ਮਾਹੌਲ ਸੁਨਣ-ਦੇਖਣ ਵਿੱਚ ਨਹੀਂ ਆਇਆ। ਅਦਾਕਾਰਾ ਸੋਨੀਆ ਮਾਨ ਕਹਿੰਦੀ ਹੈ ਕਿ ਜਿਹੜੀਆਂ ਕੁੜੀਆਂ ਬਹੁਤ ਥੋੜ੍ਹੇ ਸਮੇਂ ਵਿੱਚ ਸਫਲਤਾ ਹਾਸਲ ਕਰਨਾ ਚਾਹੁੰਦੀਆਂ ਹਨ ਜਾਂ ਜਿਨ੍ਹਾਂ ਲਈ ਆਪ ਪੈਸਾ ਕਮਾਉਣਾ ਬਹੁਤ ਜ਼ਰੂਰੀ ਹੁੰਦਾ ਹੈ, ਉਹ ਅਕਸਰ ਅਜਿਹੇ ਸੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਿਰਫ਼ ਪੰਜਾਬੀ ਇੰਡਸਟਰੀ ਹੀ ਨਹੀਂ, ਸਾਡੇ ਪੂਰੇ ਸਮਾਜ ਵਿੱਚ ਹੀ ਅਜਿਹੇ ਲੋਕ ਹਨ, ਜੋ ਕੁੜੀ ਨੂੰ ਗਲਤ ਇਰਾਦੇ ਨਾਲ ਪਹੁੰਚ ਕਰਨਾ ਸ਼ੁਰੂ ਕਰ ਦਿੰਦੇ ਹਨ।

'ਹਸ਼ਰ', 'ਤੇਰਾ ਮੇਰਾ ਕੀ ਰਿਸ਼ਤਾ', 'ਨੀ ਮੈਂ ਸੱਸ ਕੁੱਟਣੀ' ਫੇਮ ਅਭਿਨੇਤਰੀ ਅਕਸ਼ਿਤਾ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨਾਲ ਕਦੇ ਵੀ ਅਜਿਹਾ ਤਜਰਬਾ ਨਹੀਂ ਹੋਇਆ, ਕਿਉਂਕਿ ਉਨ੍ਹਾਂ ਦੇ ਘਰ ਵਿੱਚੋਂ ਕੋਈ ਨਾ ਕੋਈ ਉਸ ਦੇ ਨਾਲ ਹੀ ਹੁੰਦਾ ਸੀ। ਉਸ ਨੇ ਕਿਹਾ, "ਅਜਿਹਾ ਨਹੀਂ ਕਹਾਂਗੀ ਕਿ ਅਜਿਹਾ ਹੁੰਦਾ ਨਹੀਂ, ਦੂਜਿਆਂ ਤੋਂ ਘਟਨਾਵਾਂ ਸੁਣੀਆਂ ਹਨ। ਸ਼ੁਰੂ ਵਿੱਚ ਨਾਲ ਦੀਆਂ ਕੁੜੀਆਂ ਤੋਂ ਸੁਣਦੇ ਸੀ ਕਿ ਕੰਮ ਦਿਵਾਉਣ ਦੇ ਬਦਲੇ ਅਸਿੱਧੇ ਤਰੀਕੇ ਨਾਲ 'ਸੈਕਸੁਅਲ ਫੇਵਰ' ਮੰਗਿਆ ਜਾਂਦਾ ਸੀ।" ਅਕਸ਼ਿਤਾ ਮੁਤਾਬਕ ਨਵੀਆਂ ਕੁੜੀਆਂ ਨੂੰ ਲੋਕਾਂ ਬਾਰੇ ਜ਼ਿਆਦਾ ਸਮਝ ਨਹੀਂ ਹੁੰਦੀ ਅਤੇ ਜਿਹੜੀਆਂ ਕੁੜੀਆਂ ਇਕੱਲੀਆਂ ਹੁੰਦੀਆਂ ਹਨ, ਉਹ ਅਜਿਹੀ ਹਾਲਾਤ ਵਿੱਚੋਂ ਜ਼ਿਆਦਾ ਲੰਘਦੀਆਂ ਹਨ। ਜੇਕਰ ਸਾਹਮਣੇ ਵਾਲੇ ਨੂੰ ਲੱਗੇ ਕਿ ਲੜਕੀ ਨੂੰ ਕੰਮ ਹਾਸਲ ਕਰਨ ਦੀ ਲੋੜ ਹੈ, ਉਨ੍ਹਾਂ ਕੇਸਾਂ ਵਿਚ ਵਿੱਚ ਵੀ ਲੜਕੀਆਂ ਨੂੰ ਅਜਿਹੇ 'ਸਮਝੌਤਿਆਂ' ਦੀ ਪੇਸ਼ਕਸ਼ ਅਤੇ ਸੋਸ਼ਣ ਹੁੰਦਾ ਹੈ।

ਰਾਵੀ ਦਾ ਕਹਿਣਾ ਹੈ, "ਮੈਂ ਸਿਰਫ ਇੱਕ ਛੋਟੀ ਵੈਬ-ਸੀਰੀਜ਼ ਹੀ ਕਰ ਸਕੀ ਹਾਂ, ਕਿਉਂਕਿ ਮੈਂ ਸਿਰਫ ਆਪਣੇ ਹੁਨਰ ਦੇ ਸਹਾਰੇ ਕੰਮ ਕਰਨਾ ਚਾਹੁੰਦੀ ਹਾਂ। ਬਿਨਾ ਕੰਮ ਤੋਂ ਕਿਸੇ ਨਾਲ ਫਾਲਤੂ ਸਮਾਂ ਬਤੀਤ ਕਰਨਾ ਮੈਨੂੰ ਪਸੰਦ ਨਹੀਂ ਅਤੇ ਨਾ ਹੀ ਕੰਮ ਹਾਸਿਲ ਕਰਨ ਲਈ ਮੈਂ ਅਜਿਹਾ ਕਰਾਂਗੀ। ਮੈਂ ਕਈ ਕੁੜੀਆਂ ਨੂੰ ਜਾਣਦੀ ਹਾਂ, ਜਿਨ੍ਹਾਂ ਨੇ ਸਮਝੌਤੇ ਕੀਤੇ ਅਤੇ ਕੰਮ ਲਿਆ। ਜੇ ਕੁੜੀਆਂ ਅਜਿਹੀਆਂ ਚੀਜ਼ਾਂ ਲਈ ਹਾਂ ਕਰਦੀਆਂ ਹਨ ਤਾਂ ਹੀ ਉਹ ਦੂਜੀਆਂ ਕੁੜੀਆਂ ਨੂੰ ਵੀ ਅਜਿਹੇ ਇਰਾਦੇ ਨਾਲ ਪਹੁੰਚ ਕਰਨ ਦੀ ਕੋਸ਼ਿਸ਼ ਕਰਦੇ ਹਨ।"

ਰੋਮਾ ਰੇਖੀ ਦਿੱਲੀ ਤੋਂ ਪੰਜਾਬੀ ਫ਼ਿਲਮਾਂ ਵਿੱਚ ਇੱਕ ਅਦਾਕਾਰਾ ਵਜੋਂ ਕੰਮ ਕਰਨ ਦਾ ਸੁਫ਼ਨਾ ਲੈ ਕੇ ਚੰਡੀਗੜ੍ਹ ਆਈ। ਉਸ ਨੇ ਗੋਲਕ ਬੁਗਨੀ ਬੈਂਕ ਤੇ ਬਟੂਆ, ਮਿਸਟਰ ਐਂਡ ਮਿਸਿਜ਼ 420 ਰਿਟਰਨਜ਼, ਸਰਦਾਰ ਸਾਬ੍ਹ ਸਮੇਤ ਕੁਝ ਹੋਰ ਫ਼ਿਲਮਾਂ ਵਿੱਚ ਸਹਿ-ਭੂਮਿਕਾਵਾਂ ਨਿਭਾਈਆਂ। ਉਸ ਮੁਤਾਬਕ ਉਹ ਜਿਸ ਤਰ੍ਹਾਂ ਦੇ ਕੰਮ ਦੀ ਆਸ ਲੈ ਕੇ ਇਸ ਖੇਤਰ ਵਿੱਚ ਆਈ ਸੀ, ਉਹ ਨਹੀਂ ਮਿਲ ਸਕਿਆ। ਰੋਮਾ ਮੁਤਾਬਕ ਇੰਡਸਟਰੀ ਵਿੱਚ ਸਹੀ ਲੋਕ ਵੀ ਹਨ ਤੇ ਗਲਤ ਵੀ ਬਹੁਤ ਹੋਣਗੇ, ਜੋ ਕੰਮ ਦੇਣ ਦੇ ਬਦਲੇ ਕਹਿੰਦੇ ਹਨ, 'ਆਪ ਕੋ ਇੰਡਸਟਰੀ ਕੇ ਨਾਰਮਸ ਤੋ ਪਤਾ ਹੀ ਹੋਂਗੇ!' ਰੋਮਾ ਦਾ ਕਹਿਣਾ ਹੈ ਕਿ ਸਾਹਮਣੇ ਵਾਲਾ ਤੁਹਾਡਾ ਰਵੱਈਆ ਵੀ ਦੇਖ ਲੈਂਦਾ ਹੈ ਕਿ ਜੇ ਕੁੜੀ ਰਾਜ਼ੀ ਨਹੀਂ ਤਾਂ ਫਿਰ ਸਿਰਫ ਕੰਮ ਦੀ ਗੱਲ ਹੀ ਕੀਤੀ ਜਾਂਦੀ ਹੈ ਜਾਂ ਫਿਰ ਕਈ ਲੋਕ ਕੰਮ ਨਹੀਂ ਵੀ ਦਿੰਦੇ। ਰੋਮਾ ਦਾ ਦਾਅਵਾ ਹੈ ਕਿ ਉਸ ਨੂੰ ਕਾਸਟਿੰਗ ਨਿਰਦੇਸ਼ਕ ਵਜੋਂ ਵੀ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਿਆ, ਜਦੋਂ ਨਿਰਮਾਤਾ ਮੰਗ ਕਰਦੇ ਸੀ ਕਿ ਅਜਿਹੀਆਂ ਕੁੜੀਆਂ ਨੂੰ ਕਾਸਟ ਕੀਤਾ ਜਾਵੇ, ਜੋ ਉਨ੍ਹਾਂ ਨੂੰ 'ਸੈਕਸੁਅਲ ਫੇਵਰ' ਦੇਣ ਨੂੰ ਤਿਆਰ ਹੋਣ।

## ਪਾਕਿਸਤਾਨ ਵਿੱਚ ਕੀ ਹੈ ਹਾਲ?

ਪਾਕਿਸਤਾਨ ਦੀਆਂ ਕਈ ਔਰਤ ਡਾਕਟਰਾਂ ਅਤੇ ਨਰਸਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਵਿੱਚ ਵੱਡੀ ਗਿਣਤੀ ਵਿੱਚ ਔਰਤ ਮੈਡੀਕਲ ਕਰਮਚਾਰੀਆਂ ਨੂੰ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰ ਵਾਲਿਆਂ ਅਤੇ ਰਿਸ਼ਤੇਦਾਰਾਂ ਵੱਲੋਂ ਸਰੀਰਕ ਤੇ ਜ਼ੁਬਾਨੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਜ਼ਿਆਦਾਤਰ ਸਰਕਾਰੀ ਹਸਪਤਾਲਾਂ ਵਿੱਚ ਸੁਰੱਖਿਆ ਪ੍ਰਬੰਧ ਬਹੁਤ ਮਾੜੇ ਹਨ ਅਤੇ ਕਿਸੇ ਦੀ ਜਵਾਬਦੇਹੀ ਤੈਅ ਨਹੀਂ ਕੀਤੀ ਜਾਂਦੀ ਹੈ। ਹਸਪਤਾਲਾਂ ਵਿੱਚ ਤਸ਼ੱਦਦ ਦੀਆਂ ਘਟਨਾਵਾਂ 'ਤੇ ਚੁੱਪ, ਸ਼ਰਮ ਅਤੇ ਡਰ ਦਾ ਸੱਭਿਆਚਾਰ ਹੈ, ਜਿਸ ਕਾਰਨ ਅਜਿਹੇ ਮਾਮਲੇ ਬੇਰੋਕ ਜਾਰੀ ਹਨ।



'ਜਰਨਲ ਆਫ਼ ਮੈਡੀਸਨ' ਦੀ ਇੱਕ ਸਰਵੇਖਣ ਰਿਪੋਰਟ ਮੁਤਾਬਕ ਪਾਕਿਸਤਾਨ ਵਿੱਚ 30 ਫੀਸਦੀ ਔਰਤ ਡਾਕਟਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੇ ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ। 59 ਫੀਸਦੀ ਔਰਤ ਨਰਸਾਂ ਨੇ ਕੰਮ ਵਾਲੀ ਥਾਂ 'ਤੇ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਕੀਤੀ ਹੈ, ਜਦਕਿ 29 ਫੀਸਦੀ ਨੂੰ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ।

ਪਾਕਿਸਤਾਨ ਵਿੱਚ ਔਰਤ ਡਾਕਟਰਾਂ ਖ਼ਿਲਾਫ਼ ਜਿਨਸੀ ਹਿੰਸਾ ਬਾਰੇ ਕੋਈ ਅਧਿਕਾਰਤ ਅੰਕੜੇ ਉਪਲਬਧ ਨਹੀਂ ਹਨ; ਪਰ ਅਮਰੀਕੀ ਸੰਸਥਾ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਨੇ ਆਪਣੀ ਰਿਪੋਰਟ 'ਚ ਨਿੱਜੀ ਪੱਧਰ 'ਤੇ ਕੀਤੇ ਗਏ ਸਰਵੇਖਣ ਦੇ ਅੰਕੜਿਆਂ ਨੂੰ ਪ੍ਰਕਾਸ਼ਿਤ ਕੀਤਾ ਹੈ। ਪਾਕਿਸਤਾਨ ਵਿੱਚ ਮੈਡੀਕਲ ਖੇਤਰ ਵਿੱਚ 95 ਫੀਸਦ ਔਰਤ ਸਟਾਫ ਨੂੰ ਜ਼ੁਬਾਨੀ ਬਦਸਲੂਕੀ ਅਤੇ ਕਈ ਵਾਰ ਸਰੀਰਕ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਕਰਾਚੀ ਦੀ ਮੁੱਖ ਪੁਲਿਸ ਸਰਜਨ ਅਨੁਸਾਰ ਸਮੱਸਿਆ ਜਵਾਬਦੇਹੀ ਪ੍ਰਣਾਲੀ ਵਿੱਚ ਭਰੋਸੇ ਦੀ ਕਮੀ ਹੈ। ਅਜਿਹਾ ਨਹੀਂ ਹੈ ਕਿ ਘਟਨਾਵਾਂ ਨਹੀਂ ਹੋ ਰਹੀਆਂ। ਸਮੱਸਿਆ ਇਹ ਹੈ ਕਿ ਇਨ੍ਹਾਂ ਘਟਨਾਵਾਂ ਦੀ ਰਿਪੋਰਟ ਨਹੀਂ ਕੀਤੀ ਜਾ ਰਹੀ ਹੈ। ਨਰਸ ਨੂੰ ਕੋਈ ਮਰੀਜ਼ ਤੰਗ ਕਰ ਸਕਦਾ ਹੈ, ਉਸ ਨਾਲ ਦੁਰਵਿਹਾਰ ਕਰ ਸਕਦਾ ਹੈ। ਇਹ ਜ਼ੁਬਾਨੀ ਅਤੇ ਸਰੀਰਕ ਵੀ ਹੋ ਸਕਦਾ ਹੈ। ਉਹ ਗ਼ਲਤ ਢੰਗ ਨਾਲ ਛੂਹ ਸਕਦਾ ਹੈ, ਛੇੜਛਾੜ ਕਰ ਸਕਦਾ ਹੈ। ਅਜਿਹੇ ਬਹੁਤ ਮਾਮਲੇ ਸਾਹਮਣੇ ਆਏ ਹਨ।

ਪਾਕਿਸਤਾਨ ਆਰਥਿਕ ਸਰਵੇਖਣ ਦੀ ਤਾਜ਼ਾ ਰਿਪੋਰਟ ਅਨੁਸਾਰ 24 ਕਰੋੜ ਤੋਂ ਵੱਧ ਆਬਾਦੀ ਵਾਲੇ ਦੇਸ਼ ਪਾਕਿਸਤਾਨ ਵਿੱਚ ਸਿਰਫ਼ 3 ਲੱਖ ਡਾਕਟਰ ਹਨ, ਜਿਨ੍ਹਾਂ ਵਿੱਚੋਂ ਅੱਧੇ ਤੋਂ ਵੀ ਘੱਟ ਔਰਤਾਂ ਹਨ, ਜਦਕਿ ਨਰਸਾਂ ਦੀ ਗਿਣਤੀ 1 ਲੱਖ 27 ਹਜ਼ਾਰ ਹੈ।

# ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ




# ਨਗਰ ਕੀਰਤਨ

## ਸ਼ਨਿਚਰਵਾਰ, 12 ਅਕਤੂਬਰ, ਸਵੇਰੇ 9 ਵਜੇ

## NAGAR KIRTAN Saturday, 12 October, 9am

**ਹਰ ਸਾਲ ਦੀ ਤਰ੍ਹਾਂ ਨਗਰ ਕੀਰਤਨ ਗੁਰਦੁਆਰਾ ਸਾਹਿਬ ਪੈਲਾਟਾਇਨ ਤੋਂ ਸਵੇਰੇ 9:45 ਵਜੇ ਸ਼ੁਰੂ ਹੋ ਕੇ ਦੁਪਹਿਰ 12 ਵਜੇ ਗੁਰਦੁਆਰਾ ਸਾਹਿਬ ਆ ਕੇ ਸਮਾਪਤ ਹੋਵੇਗਾ।**

*ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਗੱਤਕਾ ਟੀਮ ਦੇ ਮੈਂਬਰ ਗੱਤਕੇ ਦੇ ਜੌਹਰ ਵਿਖਾਉਣਗੇ।*



## ਸਭ ਸੰਗਤਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ।

**Sikh Religious Society**

1280 Winnetka Street, Palatine, IL 60067 Phone: (847) 358-1117
Website: www.srschicago.org Email: contactus@srschicago.org